# ਗਾਥਾ-ਸੁਤੰਤਰਤਾ ਸੰਗਰਾਮ ਦੀ



ਦਲੀਪ ਸਿੰਘ ਨਾਮਧਾਰੀ

*Sri Satguru Jagjit Singh Ji*

# E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures.

This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The E-Library collection is growing day by day and some rare and priceless books/magazines/manuscripts and other items have already been digitised.

Contact Details

For further information about the process or your contribution - please contact

www.namdhari-music.co.uk

E: kirpalchana@gmail.com

Sri Satguru Jagjit Singh Ji
E-library

This valuable item from my

Personal collection

This book scanned by
www.namdhari-music.co.uk
Kirpal Singh Chana

Date: Aug 2015

[illegible]
[illegible]

[illegible] 17/11/02

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

# ਗਾਥਾ-ਸੁਤੰਤਰਤਾ ਸੰਗਰਾਮ ਦੀ




ਸੁਤੰਤਰਤਾ ਸੰਗਰਾਮ ਅਤੇ ਨਾ-ਮਿਲਵਰਤਨ ਲਹਿਰ ਦੇ ਮੋਢੀ

## ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਲੇਖਕ:

ਦਲੀਪ ਸਿੰਘ ਨਾਮਧਾਰੀ

ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ

# Gaatha Sutantarta Sangram Di

*by:*

**Dalip Singh Namdhari**
Secty. Namdhari Darbar
E-25, Focal Point, Ludhiana-141010
Telefax: 0161-671601, 328767

# ਗਾਥਾ ਸੁਤੰਤਰਤਾ ਸੰਗਰਾਮ ਦੀ

ਲੇਖਕ :
## ਦਲੀਪ ਸਿੰਘ ਨਾਮਧਾਰੀ

ਸਕੱਤਰ ਨਾਮਧਾਰੀ ਦਰਬਾਰ
ਈ-25, ਫੋਕਲ ਪੁਆਇੰਟ ਲੁਧਿਆਣਾ-141010
ਫੋਨ ਤੇ ਫੈਕਸ: 0161-671601, 328767

© ਸਭ ਹੱਕ ਰਾਖਵੇਂ ਹਨ।

ਪਹਿਲਾ ਐਡੀਸ਼ਨ:
ਸਾਲ 2002
1000 ਕਾਪੀ
ਕੀਮਤ: 50 ਰੁਪਏ

ਪ੍ਰਕਾਸ਼ਕ:
ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ।

ਟਾਈਪ ਸੈਟਰਜ਼ ਤੇ ਛਾਪਕ:
ਆਈਕੋਨ ਪ੍ਰਿੰਟਰਜ਼, ਰਾਮ ਨਗਰ, ਗਲੀ ਨੰ: 2, ਲੁਧਿਆਣਾ। ਫੋਨ 0161-662659

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਿਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਸਾਬਤ
ਤ ਸਿੱਖੀ-ਸਰੂਪ, ਗੁਰ-ਮਰਿਆਦਾ ਅਤੇ ਸਿੱਖੀ ਸੱਭਿਆਚਾਰ ਨੂੰ ਵਿਸ਼ਵ ਭਰ ਵਿਚ
ਪ੍ਰਚਾਰਨ ਅਤੇ ਪ੍ਰਸਾਰਨ ਵਾਲੇ



# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਵੱਲੋਂ

# ਆਸ਼ੀਰਵਾਦ


ਭਾਰਤ ਦੀ ਆਜ਼ਾਦੀ ਦਾ ਇਤਿਹਾਸ ਬਹੁਤ ਵਿਆਪਕ ਹੈ
ਪਰ ਸਤਿਗੁਰੂ ਰਾਮ ਸਿੰਘ ਜੀ ਦੀ ਸੁਯੋਗ ਅਗਵਾਈ ਹੇਠ ਨਾਮਧਾਰੀ ਸਿੱਖਾਂ
ਦੀਆਂ ਕੁਰਬਾਨੀਆਂ ਨੀਂਹ ਦੀਆਂ ਇੱਟਾਂ ਹਨ। ਆਜ਼ਾਦੀ ਨੂੰ ਸਦੀਵੀ ਕਾਇਮ
ਰੱਖਣ ਲਈ ਨਵੀਂ ਪੀੜ੍ਹੀ ਨੂੰ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ
ਕਰਵਾਉਣਾ ਬਹੁਤ ਜ਼ਰੂਰੀ ਹੈ। ਦਲੀਪ ਸਿੰਘ ਜੀ ਨਾਮਧਾਰੀ ਜੋ ਕਈ
ਦਹਾਕਿਆ ਤੋਂ ਇਤਿਹਾਸ ਅਤੇ ਸਾਹਿਤ ਦੀ ਸੇਵਾ ਕਰ ਰਹੇ ਹਨ, ਵਲੋਂ
'ਗਾਥਾ ਸੁਤੰਤਰਤਾ ਸੰਗਰਾਮ ਦੀ' ਪੁਸਤਕ ਇਕ ਸ਼ਲਾਘਾਯੋਗ ਉੱਦਮ ਹੈ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਸੂਬੇ ਗੁਰਮਤਿ ਆਦਰਸ਼ਾਂ, ਆਤਮਿਕ ਜਾਗ੍ਰਤੀ, ਅਹਿੰਸਾ, ਸੁਦੇਸ਼ੀ, ਅਸਹਿਯੋਗ, ਸਤਿਆਗ੍ਰਹਿ ਤੇ ਰਾਜਨੀਤਕ ਚੇਤਨਾ ਸੰਬੰਧੀ ਪ੍ਰਚਾਰ ਦੌਰੇ ਕਰਦੇ ਹੋ



1 ਜੂਨ ਸੰਨ 1863 ਈ: (ਜੇਠ ਦੀ ਪੂਰਨਮਾਸੀ ਸੰਮਤ 1920 ਬਿ:) ਪਿੰਡ ਸਿਆੜ੍ਹ
(ਲੁਧਿਆਣਾ) ਵਿਖੇ ਇਸਤ੍ਰੀ ਜਾਤਿ ਨੂੰ ਅੰਮ੍ਰਿਤ ਛਕਾਉਣ ਦੀ ਕ੍ਰਿਪਾ ਕੀਤੀ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਾਦਾ ਤੇ ਸਸਤੇ ਅੰਤਰਜਾਤੀ ਅਨੰਦ-ਵਿਆਹਾਂ ਦੀ ਰਸਮ ਪਿੰਡ ਖੋਟੇ (ਜਿ: ਫਰੀਦਕੋਟ) ਵਿਖੇ ਹਾੜ ਵਦੀ ਦੂਜ, 1920 ਬਿ: (3 ਜੂਨ, 1863 ਈ:) ਨੂੰ ਤੋਰਿਆ।




ਅਨੰਦ-ਵਿਆਹ ਸ਼ਤਾਬਦੀ ਮੌਕੇ (3 ਜੂਨ, 1963 ਈ:) ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਪਿੰਡ ਖੋਟੇ ਵਿਖੇ 149 ਜੋੜਿਆਂ ਦੇ ਸਮੂਹਿਕ ਅਨੰਦ ਕਾਰਜ ਕੀਤੇ ਗਏ ।





ਮਲੇਰਕੋਟਲੇ ਦੇ ਰਕੜ ਵਿੱਚ 17-18 ਜਨਵਰੀ ਸੰਨ 1872 ਈ: ਨੂੰ 66 ਨਾਮਧਾਰੀ ਸੂਰਬੀਰ ਸਿੰਘਾਂ ਨੇ ਤੋਪਾਂ ਸਾਂਹਵੇ ਖੜ੍ਹਕੇ, ਛਾਤੀਆਂ ਤਾਣ ਕੇ ਸ਼ਹੀਦੀ ਜਾਮ ਪੀਤੇ ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ, ''ਇਕ ਨਾ ਬੁਝਣ ਵਾਲੀ ਜਵਾਲਾ''




ੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਪ੍ਰਮੁੱਖ ਸੂਬਿਆਂ ਸਮੇਤ 18 ਜਨਵਰੀ, 1872 ਈ:
ਨੂੰ ਲੁਧਿਆਣਾ ਸਟੇਸ਼ਨ ਤੋਂ ਸਪੈਸ਼ਲ ਰੇਲ ਰਾਹੀਂ ਜਲਾਵਤਨ ਕਰ ਦਿਤਾ ਗਿਆ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਕਲਕੱਤੇ ਤੋਂ ਸਮੁੰਦਰੀ ਜਹਾਜ਼ ਰਾਹੀਂ
ਰੰਗੂਨ (ਬਰਮਾ) ਜਲਾਵਤਨ ਕਰਨ ਦੀ ਤਸਵੀਰ

# ਗੁਰਮਤਿ ਸੰਗੀਤ ਪ੍ਰੇਮ ਦੀ ਝਲਕ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤਕ ਪ੍ਰਤਿਭਾ, ਸੰਗੀਤ ਪ੍ਰੇਮ ਅਤੇ ਪੁਰਾਤਨ ਕੀਰਤਨ ਸ਼ੈਲੀ ਨੂੰ ਸਾਂਭ-ਸੰਭਾਲ ਰੱਖਿਆ ਹੋਇਆ ਹੈ। ਇਸ ਦੇ ਨਾਲ ਹੀ ਗੁਰਮਤਿ ਸ਼ਾਸਤਰੀ ਸੰਗੀਤ ਦੀਆਂ ਨਵੀਨ ਬੰਦਿਸ਼ਾਂ ਤੇ ਤਾਲਾਂ ਦੀ ਸਿਰਜਨਾ ਅਤੇ ਹੋਰ ਸ਼ੈਲੀਆਂ ਦਾ ਵੀ ਮਾਨ-ਸਤਿਕਾਰ ਕਰ ਕਰਵਾ ਰਹੇ ਹਨ।

## ਦਰਪਣ


| ਸ: ਨੰ: | ਵਿਸ਼ਾ | ਪੰਨਾ |
|---|---|---|
| 1. | ਮੁੱਖ ਬੰਦ | 3 |
| 2. | ਦੋ ਸ਼ਬਦ | 5 |
| 3. | ਮੁੱਢਲੇ ਸ਼ਬਦ | 7 |
| 4. | ਤਤਕਾਲੀਨ ਰਾਜਨੀਤਕ ਅਤੇ ਸਮਾਜਕ ਹਾਲਾਤ | 11 |
| 5. | ਸੁਤੰਤਰਤਾ ਸੰਗ੍ਰਾਮ ਦੇ ਨਾਇਕ | 13 |
| 6. | ਸਤਿਗੁਰੂ ਬਾਲਕ ਸਿੰਘ ਜੀ | 17 |
| 7. | ਸਤਿਗੁਰੂ ਰਾਮ ਸਿੰਘ ਜੀ ਤੇ ਸੰਤ ਖਾਲਸਾ | 21 |
| 8. | ਸੰਤ ਖਾਲਸਾ ਲਹਿਰ ਦੇ ਉਦੇਸ਼ ਤੇ ਮਹੱਤਤਾ | 22 |
| 9. | ਮਾਸ-ਸ਼ਰਾਬ ਤੋਂ ਰਹਿਤ ਕਰਨਾ | 23 |
| 10. | ਸਿੱਖ ਸਮਾਜ ਵਿੱਚ ਪੁਨਰ-ਜਾਗਰਣ ਲਹਿਰ | 25 |
| 11. | ਨਾਮਧਾਰੀ ਲਹਿਰ ਦੇ ਸਮਾਜ ਸੁਧਾਰ ਤੇ ... | 27 |
| 12. | ਜੱਥੇਬੰਦੀ-ਪ੍ਰਭਾਵ ਤੇ ਪ੍ਰਚਾਰ | 29 |
| 13. | ਸੂਬੇ ਥਾਪਣੇ | 29 |
| 14. | ਸੰਗਠਨ ਅਤੇ ਪ੍ਰਚਾਰ | 30 |
| 15. | ਇਸਤ੍ਰੀ ਜਾਤੀ ਨੂੰ ਅੰਮ੍ਰਿਤ ਦੀ ਦਾਤ | 32 |
| 16. | ਨਾਰੀ ਦਾ ਉਥਾਨ ਤੇ ਸਨਮਾਨ | 33 |
| 17. | ਸ਼੍ਰੋਮਣੀ ਸੁਧਾਰਕ | 35 |
| 18. | ਅਨੰਦ ਮਰਿਆਦਾ | 36 |
| 19. | ਅੰਗ੍ਰੇਜ਼ੀ ਸਾਮਰਾਜ ਦੇ ਵਿਰੋਧ ਦੀ ਪਹਿਲੀ ਝਲਕ | 38 |
| 20. | ਕੂਕਿਆਂ ਦਾ ਡਾਕ ਪ੍ਰਬੰਧ | 39 |
| 21. | ਨਜ਼ਰਬੰਦੀ ਅਤੇ ਬਗ਼ਾਵਤ | 40 |
| 22. | ਨਾਮਧਾਰੀ ਸੰਤ ਖਾਲਸੇ ਵਿੱਚ ਰਾਜਸੀ ਮੋੜ | 42 |
| 23. | ਨਾ-ਮਿਲਵਰਤਨ ਲਹਿਰ | 44 |
| 24. | ਹੋਲਾ-ਮੁਹੱਲਾ ਅਨੰਦਪੁਰ ਸਾਹਿਬ | 47 |
| 25. | ਅੰਮ੍ਰਿਤਸਰ ਦੀ ਦੀਵਾਲੀ | 49 |
| 26. | ਆਜ਼ਾਦੀ ਅੰਦੋਲਨ ਨੂੰ ਪ੍ਰਚੰਡ ਕਰਨਾ | 52 |
| 27. | ਵਿਦੇਸ਼ਾਂ ਨਾਲ ਸੰਬੰਧਾਂ ਦੁਆਰਾ ਰਾਜਨੀਤਕ ਸਰਗਰਮੀਆਂ | 54 |
| 28. | ਗਊ-ਬੱਧ ਦੀ ਕਾਨੂੰਨਨ ਖੁੱਲ੍ਹ ਤੇ ਕੂਕਿਆਂ ਦਾ ਸੰਘਰਸ਼ | 56 |
| 29. | ਗੁਰਧਾਮਾਂ ਦੀ ਬੇਅਦਬੀ | 57 |
| 30. | ਅੰਮ੍ਰਿਤਸਰ ਦੇ ਸ਼ਹੀਦ | 59 |
| 31. | ਰਾਏਕੋਟ ਸਾਕਾ ਦੇ ਸ਼ਹੀਦ | 61 |
| 32. | ਲੁਧਿਆਣੇ ਦੇ ਦੋ ਨਾਮਧਾਰੀ ਸ਼ਹੀਦ | 65 |
| 33. | ਮਲੇਰਕੋਟਲੇ ਦਾ ਮਹਾਨ ਬਲੀਦਾਨ | 67 |
| 34. | ਛਾਤੀ ਤਾਣ ਕੇ ਸੂਰਮੇਂ ਖੜ੍ਹ ਗਏ . | 69 |

| | | |
|---|---|---|
| 35. | ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਜਾਣਾ | 74 |
| 36. | ਖਾਲਸੇ ਦੀ ਸੂਰਮਗਤੀ | 76 |
| 37. | ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ | 79 |
| 38. | ਸ਼ਹੀਦ ਸੂਬਾ ਸਾਹਿਬ ਸਿੰਘ | 81 |
| 39. | ਨਾਮਧਾਰੀ ਪੰਥ ਬਾਗ਼ੀ ਕਰਾਰ ਅਤੇ ਸਰਕਾਰੀ ਦਮਨ ਚੱਕਰ | 84 |
| 40. | ਕੂਕਾ, ਅੰਗਰੇਜ਼ ਦਾ ਵਫ਼ਾਦਾਰ ਨਹੀਂ ਹੋ ਸਕਦਾ | 85 |
| 41. | ਨਾ-ਮਿਲਵਰਤਨ ਅਤੇ ਸਵਦੇਸ਼ੀ ਲਹਿਰ | 88 |
| | ਵੱਖ-ਵੱਖ ਦੇਸ਼ ਭਗਤਾਂ ਤੇ ਹੋਰ ਵਿਦਵਾਨਾਂ ਦੇ ਵਿਚਾਰ | |
| 42. | ਭਾਰਤ ਦੇਸ਼ ਦਾ ਪਿਤਾਮਾ | 96 |
| 43. | ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਤੇ ਮਹੱਤਤਾ | 98 |
| 44. | ਗੁਰਬਾਣੀ ਦਾ ਪਾਠ ਕਰਨ ਤੇ ਨਾਮ ਜੱਪਣ ਸੰਬੰਧੀ ਆਦੇਸ਼ | 104 |
| 45. | ਅੰਗਰੇਜ਼ਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਤੋਂ ਭੈਅ ਲੱਗਣਾ | 107 |
| 46. | ਸ੍ਰੀ ਸਤਿਗੁਰੂ ਹਰੀ ਸਿੰਘ ਜੀ | 108 |
| 47. | ਸ੍ਰੀ ਭੈਣੀ ਸਾਹਿਬ ਇੱਕ ਬੰਦੀਖਾਨਾ | 109 |
| 48. | ਛਿਪੰਜਾ ਦਾ ਕਾਲ | 110 |
| 49. | ਰਾਮਸਰ ਸਰੋਵਰ ਤੇ ਸਖ਼ਤੀ ਦਾ ਦੌਰ | 111 |
| 50. | ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ | 113 |
| 51. | ਲਾਹੌਰ ਕਾਂਗਰਸ ਇਜਲਾਸ | 115 |
| 52. | ਗੁਰੂ ਨਾਨਕ ਨਾਮ ਲੇਵਾ ਸਰਬ ਸੰਪ੍ਰਦਾਵਾਂ ਦਾ ਸੰਮੇਲਨ | 115 |
| 53. | ਇੰਡੀਅਨ ਨੈਸ਼ਲਲ ਕਾਂਗਰਸ ਅਤੇ ਸਟੇਟ ਪੀਪਲਜ਼ ਕਾਨਫਰੰਸ | 118 |
| 54. | ਸ਼ਿਮਲੇ 'ਚ ਵੇਵਲ ਕਾਨਫਰੰਸ | 119 |
| 55. | ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ | 121 |
| 56. | ਗੋਪਾਲ ਰਤਨ | 123 |
| 57. | ਨਾਮਧਾਰੀ ਵਿੱਦਿਅਕ ਜੱਥਾ | 124 |
| 58. | ਨਾਮਧਾਰੀ ਸੰਗੀਤ ਕਲਾ ਕੇਂਦਰ | 124 |
| 59. | ਨਾਮਧਾਰੀ ਸਪੋਰਟਸ ਅਕੈਡਮੀ ਅਤੇ ਨਾਮਧਾਰੀ ਸੀਡਜ਼ | 126 |
| 60. | ਸਾਹਿਤ ਤੇ ਇਤਿਹਾਸ | 127 |
| 61. | ਨਵ-ਨਿਰਮਾਣ | 128 |
| 62. | ਸ਼ਹੀਦੀ ਅਸਥਾਨਾਂ ਦਾ ਨਿਰਮਾਣ | 129 |
| 63. | ਸੜਕਾਂ ਤੇ ਪਾਰਕਾਂ ਦੇ ਨਾਮ | 129 |
| 64. | ਸੱਚੇ ਸੇਵਕਾਂ ਦਾ ਮਾਣ-ਸਨਮਾਨ | 130 |
| 65. | ਦੀ ਰੇਨ-ਮੇਕਰ | 131 |
| 66. | ਸਾਬਤ ਸੂਰਤ ਸਿੱਖੀ ਸਰੂਪ ਦੀ ਪਹਿਚਾਣ | 134 |
| 67. | ਇਤਿਹਾਸਕ ਸਮਾਗਮ, ਲੁਧਿਆਣਾ ਵਿਖੇ ਮਹਾਨ ਨਗਰ-ਕੀਰਤਨ | 135 |
| 68. | ਨਾਮਧਾਰੀ ਸੰਤ ਖਾਲਸਾ ਚੇਤਨਾ ਮਾਰਚ | 137 |
| 69. | ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ | 139 |
| 70. | ਅੰਤਿਕਾ: ਇਤਿਹਾਸਕ ਮਹਾਨਤਾ | 142 |

# ਮੁੱਖ-ਬੰਦ

ਇਹ ਕਿਤਾਬ, ''ਗਾਥਾ-ਸੁਤੰਤਰਤਾ ਸੰਗਰਾਮ ਦੀ'' ਇਕ ਸੰਖੇਪ ਇਤਿਹਾਸ ਹੈ ਜੋ ਦਲੀਪ ਸਿੰਘ ਨਾਮਧਾਰੀ ਨੇ ਪ੍ਰਮਾਣਿਤ ਹਵਾਲਿਆਂ ਦੇ ਆਧਾਰ ਤੇ ਆਮ ਪਾਠਕ ਵਾਸਤੇ ਬੜੇ ਹੀ ਰੌਚਕ ਢੰਗ ਨਾਲ ਬਿਆਨ ਕੀਤਾ ਹੈ। ਆਪਣੇ ਕੋਲੋਂ ਕੋਈ ਮਨ-ਘੜਤ ਵਾਧਾ-ਘਾਟਾ ਨਹੀਂ ਕੀਤਾ। ਭਾਵੇਂ ਕਿ ਲੇਖਕ ਨਾਮਧਾਰੀ ਚਿੱਟੇ ਰੰਗ ਵਿੱਚ ਪੂਰੀ ਤਰ੍ਹਾਂ ਰੰਗਿਆ ਹੋਇਆ ਹੈ ਫੇਰ ਵੀ ਕੋਈ ਵਧਾ-ਚੜ੍ਹਾ ਕੇ ਗੱਲ ਨਹੀਂ ਕੀਤੀ। ਸਤਿਗੁਰੂ ਰਾਮ ਸਿੰਘ ਜੀ ਦੇ ਜ਼ਮਾਨੇ ਦੇ ਰਾਜਨੀਤਕ ਅਤੇ ਸਮਾਜਿਕ ਹਾਲਾਤ ਦੀ ਪਿਛੋਕੜ ਵਿੱਚ, ਉਨ੍ਹਾਂ ਦਾ ਸਿੱਖ ਧਰਮ ਨੂੰ ਮੁੜ ਸੁਰਜੀਤ ਕਰਨਾ, ਉਨ੍ਹਾਂ ਦੀ ਕਾਰਜਵਿਧੀ, ਸੰਤ ਖਾਲਸਾ ਲਹਿਰ ਦਾ ਚਲਾਉਣਾ, ਰਹਿਤ ਮਰਿਆਦਾ ਕਾਇਮ ਕਰਨਾ, ਸਮਾਜਿਕ ਸੁਧਾਰ, ਸੂਬੇ ਥਾਪ ਕੇ ਨਾਮਧਾਰੀ ਜਥੇਬੰਦੀ ਨੂੰ ਪ੍ਰਚਾਰ ਅਤੇ ਧਰਮ-ਕਰਮ ਤੇ ਪਹਿਰਾ ਦੇਣ ਲਈ ਸੰਬੰਧਤ ਪਹਿਲੂਆਂ 'ਤੇ ਸੰਖੇਪ ਝਾਤ, ਕੁੱਜੇ ਵਿੱਚ ਸਮੁੰਦਰ ਬੰਦ ਕਰਨ ਵਾਲੀ ਗੱਲ ਹੈ। ਲੇਖਕ ਨੇ ਨਾਰੀ ਦੇ ਸਨਮਾਨ ਅਤੇ ਉਥਾਨ ਪ੍ਰਤੀ ਸਤਿਗੁਰੂ ਰਾਮ ਸਿੰਘ ਜੀ ਦੀ ਨਿਸ਼ਠਾ ਨੂੰ ਉਭਾਰ ਕੇ ਸਾਹਮਣੇ ਲਿਆਂਦਾ ਹੈ। ਉਨ੍ਹਾਂ ਦੇ ਹੁਕਮਨਾਮਿਆਂ ਵਿੱਚ ਵੀ ਤਾਕੀਦ, ''.........ਜੇਹੜਾ ਲੜਕੀ ਮਾਰੇ, ਬੇਚੇ, ਵੱਟਾ ਕਰੇ ਉਸ ਦੇ ਹੱਥ ਦਾ, ਘਰ ਦਾ ਅੰਨ ਪਾਣੀ ਨਹੀਂ ਵਰਤਣਾ। ਉਸਨੂੰ ਸੰਗਤ ਵਿੱਚ ਨਹੀਂ ਵੜਨ ਦੇਣਾ'' ਨੂੰ ਪਾਠਕਾਂ ਦੇ ਮਨਾਂ ਵਿੱਚ ਵਸਾਉਣ ਦੀ ਇਕ ਸੁਚੱਜੀ ਕੋਸ਼ਿਸ਼ ਕੀਤੀ ਗਈ ਹੈ। ਇਸ ਕਿਤਾਬ ਵਿੱਚ ਨਾਮਧਾਰੀ ਲਹਿਰ ਦੇ ਤਕਰੀਬਨ ਹਰ ਪਹਿਲੂ ਤੇ ਰੋਸ਼ਨੀ ਪਾਈ ਗਈ ਹੈ, ਜਿਵੇਂ ਕਿ ਅਨੰਦ ਮਰਿਆਦਾ, ਬੀਬੀਆਂ ਨੂੰ ਅੰਮ੍ਰਿਤ ਛਕਾਉਣਾ, ਅੰਗਰੇਜ਼ ਰਾਜ ਦੇ ਵਿਰੋਧ

ਦੀ ਸ਼ੁਰੂਆਤ ਅਤੇ ਸਿਸਟਮ, ਡਾਕ ਪ੍ਰਬੰਧ, ਸੰਤ ਖਾਲਸੇ ਵਿੱਚ ਰਾਜਸੀ ਜਾਗਰਣ, ਨਾ-ਮਿਲਵਰਤਣ ਲਹਿਰ, ਪੰਚਾਇਤੀ ਰਾਜ, ਹੋਲਾ ਮਹੱਲਾ, ਵਿਸਾਖੀ, ਦੀਵਾਲੀ ਆਦਿ 'ਤੇ ਸ਼ਾਂਤਮਈ ਸਤਿਆਗ੍ਰਹਿ, ਵਿਦੇਸ਼ਾਂ ਨਾਲ ਰਾਜਨੀਤਕ ਸੰਬੰਧਾਂ ਦਾ ਕਾਇਮ ਕਰਨਾ, ਗਊ-ਬੱਧ ਵਿਰੁੱਧ ਸੰਘਰਸ਼, ਅੰਮ੍ਰਿਤਸਰ, ਰਾਏਕੋਟ, ਮਲੇਰਕੋਟਲਾ ਦੇ ਸਾਕੇ, ਆਜ਼ਾਦੀ ਲਈ ਸੰਘਰਸ਼ ਵਿੱਚ ਕੂਕਿਆਂ ਦਾ ਯੋਗਦਾਨ, ਨਾ-ਮਿਲਵਰਤਨ ਦੀ ਲਹਿਰ ਦਾ ਚਲਾਉਣਾ ਆਦਿ। ਸਤਿਗੁਰੂ ਰਾਮ ਸਿੰਘ ਜੀ ਤੋਂ ਲੈ ਕੇ, ਸਤਿਗੁਰੂ ਜਗਜੀਤ ਸਿੰਘ ਜੀ ਤੱਕ ਜਾਂ ਕਹਿ ਲਵੋ ਨਾਮਧਾਰੀ ਲਹਿਰ ਦੇ ਸ਼ੁਰੂ ਤੋਂ ਲੈ ਕੇ ਅੱਜ ਤੱਕ ਹਰ ਪੱਖ ਨੂੰ ਬਹੁਤ ਹੀ ਸੰਖੇਪ ਵਿੱਚ ਇਸ ਕਿਰਤ ਵਿੱਚ ਦਰਸਾਇਆ ਗਿਆ ਹੈ।

ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਹੁਪੱਖੀ ਸ਼ਖਸੀਅਤ ਅਤੇ ਉਨ੍ਹਾਂ ਦੇ ਅਸ਼ੀਰਵਾਦ ਅਤੇ ਸਰਪ੍ਰਸਤੀ ਹੇਠ ਪੁੰਗਰਦੇ, ਪਲਦੇ ਅਤੇ ਪ੍ਰਫੁਲਤ ਹੁੰਦੇ ਸਿੱਖ ਧਰਮ ਦਾ ਵੇਰਵਾ ਬੜਾ ਖੁੱਲ੍ਹ ਕੇ ਦਿੱਤਾ ਹੈ। ਇਹ ਕੋਈ ਅਤਕਥਨੀ ਨਹੀਂ ਕੀਤੀ ਜਦ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਲਿਖਿਆ ਕਿ ਆਪ "ਨਾਮ, ਹਲੀਮੀ, ਖਿਮਾ, ਧੀਰਜ ਤੇ ਨਿਮਰਤਾ ਭਰਪੂਰ ਸਰਲਤਾ, ਸਵੱਛਤਾ, ਸਾਦਗੀ ਤੇ ਸੁਹਿਰਦਤਾ ਦੇ ਸਰੂਪ ਹਨ। ਦਇਆ, ਹਮਦਰਦੀ, ਮਿੱਠਤ, ਅਹਿੰਸਾ ਅਤੇ ਸ਼ੁੱਧਤਾ ਦੇ ਭੰਡਾਰ ਹਨ।"

ਇਹ ਕਿਤਾਬ ਪੜ੍ਹਨਯੋਗ ਹੈ।

- ਡਾ: ਸਰਦਾਰਾ ਸਿੰਘ ਜੌਹਲ
ਸਾਬਕਾ ਉਪ-ਕੁਲਪਤੀ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਲੁਧਿਆਣਾ
21/8/2002

# ਦੋ ਸ਼ਬਦ

ਸਿੱਖ-ਇਤਿਹਾਸ, ਅਸਲ ਵਿੱਚ ਕੁਰਬਾਨੀਆਂ ਦਾ ਇਤਿਹਾਸ ਹੈ। ਸਿੱਖ ਧਰਮ ਅਤੇ ਪਰਤੰਤਰਤਾ ਵਿੱਚ ਬੁਨਿਆਦੀ ਵਿਰੋਧ ਹੈ। 'ਬਾਬਰਵਾਣੀ' ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਦਾ ਜੋ ਸਜੀਵ ਚਿਤ੍ਰਣ ਕੀਤਾ ਸੀ, ਉਹੋ ਜਿਹਾ ਨਮੂਨਾ ਭਾਰਤੀ ਸਾਹਿਤ ਅਤੇ ਇਤਿਹਾਸ ਵਿੱਚ ਲੱਭਣਾ ਮੁਸ਼ਕਿਲ ਹੈ। 'ਪਤਿ' ਦੀ ਪ੍ਰਤਿਸ਼ਠਾ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕਿਹਾ ਹੈ - 'ਜੇ ਜੀਵੈ ਪਤਿ ਲਥੀ ਜਾਇ। ਸਭੁ ਹਰਾਮੁ ਜੇਤਾ ਕਿਛੁ ਖਾਇ।' ਸੁਤੰਤਰਤਾ ਦੀ ਪ੍ਰਾਪਤੀ ਲਈ ਸਹਿਜੇ ਸਹਿਜੇ ਤਿਆਰ ਹੋ ਰਹੇ ਸਿੱਖ-ਸਮਾਜ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ - 'ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ। ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ।' ਦੀ ਘੋਸ਼ਣਾ ਕਰਕੇ ਸ਼ਸ਼ਤਰ ਕ੍ਰਾਂਤੀ ਲਈ ਤਿਆਰ ਕਰ ਦਿੱਤਾ ਅਤੇ ਫਿਰ ਜੋ ਕੁਝ ਹੋਇਆ, ਇਤਿਹਾਸ ਇਸ ਦਾ ਸਾਖੀ ਹੈ। ਉਸ ਤੋਂ ਬਾਦ ਪੰਜਾਬ ਦਾ ਇਤਿਹਾਸ ਸਿੱਖ-ਇਤਿਹਾਸ ਬਣ ਗਿਆ। ਪੰਜਾਬ ਦੇ ਮਾਲਕ ਪੰਜਾਬੀ ਆਪ ਬਣ ਗਏ।

ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ ਲਾਹੌਰ ਦਰਬਾਰ ਦੇ ਵਿਨਾਸ਼ ਤੋਂ ਬਾਅਦ ਸਿੱਖ-ਸਮਾਜ ਵਿਚ ਪਸਰੀਆਂ ਕੁਰਚੀਆਂ ਅਤੇ ਅੰਗ੍ਰੇਜ਼ ਸਰਕਾਰ ਦੀ ਦਮਨ-ਨੀਤੀ ਸਿੱਖ-ਧਰਮ ਦੀ ਆਨ ਅਤੇ ਸ਼ਾਨ ਨੂੰ ਖਤਮ ਕਰਨ ਦੀ ਪੂਰੀ ਵਾਹ ਲਗਾ ਰਹੀਆਂ ਸਨ। ਬਰਬਾਦੀ ਦੀ ਉਸ ਭਸਮ ਵਿੱਚੋਂ ਸੁਤੰਤਰਤਾ ਦੇ ਕੁਕਨੁਸ ਨੇ ਜਨਮ ਲਿਆ। ਉਸ ਕੁਕਨੁਸ ਨੂੰ ਇਤਿਹਾਸ ਵਾਲਿਆਂ ਨੇ 'ਸਤਿਗੁਰੂ ਬਾਬਾ ਰਾਮ ਸਿੰਘ' ਦਾ ਨਾਂ ਦਿੱਤਾ। ਪਰ, ਅਸਲ ਵਿੱਚ, ਉਹ ਸੁਤੰਤਰਤਾ ਦਾ ਮਨੁੱਖੀ ਸਰੂਪ ਸੀ, ਤੇ ਬਸ ਮਰਜੀਉੜਿਆਂ ਦੀ ਪਰੰਪਰਾ ਦਾ ਉਦਘਾਟਨ ਹੋ ਗਿਆ। ਇਹ ਇਤਿਹਾਸ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦਾ ਗੌਰਵਮਈ ਇਤਿਹਾਸ ਹੈ। ਇਹ ਲਹੂ ਦੀ ਸਿਆਹੀ ਅਤੇ ਕੁਰਬਾਨੀ ਦੀ ਕਲਮ ਨਾਲ ਲਿਖਿਆ ਗਿਆ ਇਤਿਹਾਸ ਹੈ। ਅਨੇਕ

ਅਵਸਰਵਾਦੀ ਅਨਸਰਾਂ ਕਰ ਕੇ ਇਸ ਇਤਿਹਾਸ ਨੂੰ ਉਘੜਨ ਨਹੀਂ ਦਿੱਤਾ ਗਿਆ। ਪਰ ਅਜਿਹਾ ਕਦ ਤਕ। ਉਤਰੋਤਰ ਨਾਮਧਾਰੀ ਸਤਿਗੁਰੂ ਸਾਹਿਬਾਨ ਨੇ ਇਸ ਜੋਤਿ ਨੂੰ ਮੱਘਦਿਆਂ ਰੱਖਿਆ। ਸੁਤੰਤਰਤਾ ਦਾ ਸਭ ਤੋਂ ਪਹਿਲਾ ਬਿਗਲ ਵਜਾਉਣ ਵਾਲੀ ਨਾਮਧਾਰੀ ਸੰਪ੍ਰਦਾਇ ਨੇ ਆਜ਼ਾਦੀ ਮਿਲਣ ਤੋਂ ਪਹਿਲਾਂ ਰਾਸ਼ਟਰਵਾਦੀ ਭਾਵਨਾ ਵਾਲੀਆਂ ਪਾਰਟੀਆਂ ਨਾਲ ਮਿਲ ਕੇ ਆਪਣੀ ਸ਼ਲਾਘਾਯੋਗ ਭੂਮਿਕਾ ਨਿਭਾਈ ਅਤੇ ਸੁਤੰਤਰਤਾ ਦੀ ਪ੍ਰਾਪਤੀ ਤੋਂ ਬਾਅਦ ਬਦਲੇ ਹੋਏ ਹਾਲਾਤ ਵਿਚ ਸਤਿਗੁਰੂ ਜਗਜੀਤ ਸਿੰਘ ਨੇ ਧਰਮ ਸਮਾਜ ਅਤੇ ਸਿੱਖਿਆ ਦੇ ਵਿਕਾਸ ਵਿਚ ਆਪਣਾ ਅਭੁੱਲ ਯੋਗਦਾਨ ਪਾਉਣਾ ਸ਼ੁਰੂ ਕੀਤਾ। ਰੋਗੀਆਂ ਦੀ ਪੀੜ ਨੂੰ ਆਪਣੀ ਪੀੜ ਸਮਝ ਕੇ ਉਨ੍ਹਾਂ ਦੇ ਇਲਾਜ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਅਪੋਲੋ ਹਸਪਤਾਲ ਦੀ ਸਥਾਪਨਾ ਕੀਤੀ। ਇਨ੍ਹਾਂ ਸਾਰਿਆਂ ਵਿਕਾਸ ਕਾਰਜਾਂ ਵਿੱਚ ਸਤਿਗੁਰੂ ਜੀ ਦੀ ਚੇਤਨਾ-ਸ਼ਕਤੀ ਪਰੋਖ ਰੂਪ ਵਿੱਚ ਗਤਿਮਾਨ ਹੈ।

ਨਾਮਧਾਰੀ ਲਹਿਰ ਜੀਵੰਤ ਤੱਤਾਂ ਵਾਲੀ ਆਤਮ-ਉਤਸਰਗੀਆਂ ਦੀ ਅਬੁਝ ਜੋਤਿ ਦਾ ਭੌਤਿਕ ਰੂਪਾਂਤਰਣ ਹੈ ਜਿਸ ਨੂੰ ਸੰਤ ਦਲੀਪ ਸਿੰਘ ਨੇ ਬੜੀ ਸ਼ਰਧਾ ਭਰੀ ਸ਼ੈਲੀ ਵਿੱਚ ਇਤਿਹਾਸਕ ਤੱਥਾਂ ਅਤੇ ਵਿਦਵਾਨਾਂ ਦੀਆਂ ਰਾਵਾਂ ਨਾਲ ਸੰਪੁਸ਼ਟ ਕਰਕੇ ਚਿਤਰਿਆ ਹੈ। ਸੰਤ ਜੀ, ਸਤਿਗੁਰੂ ਜਗਜੀਤ ਸਿੰਘ ਦੇ ਵਰੁਸਾਏ ਹੋਏ ਇੱਕ ਸੱਚੇ ਸੁੱਚੇ ਸਾਧਕ ਹਨ ਜਿਨ੍ਹਾਂ ਦੀ ਹਿਰਦੇ ਵਿੱਚੋਂ ਫੁਟੀ ਭਾਵਨਾ ਇਸ ਇਤਿਹਾਸ ਵਿਚ ਇਕ ਵਿਸ਼ਵਸਤ ਲਿਖਤ ਵਜੋਂ ਰੂਪਾਇਤ ਹੋਈ ਹੈ। ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹੋਇਆ ਭਾਰਤ ਦੀ ਸੁਤੰਤਰਤਾ ਦੇ ਇਤਿਹਾਸ ਵਿਚ ਰੁਚੀ ਰੱਖਣ ਵਾਲਿਆਂ ਨੂੰ ਪੜ੍ਹਨ ਲਈ ਪ੍ਰੇਰਣਾ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਸੰਤ ਜੀ ਅਗੋਂ ਵੀ ਅਜਿਹੇ ਯਤਨ ਕਰਦੇ ਰਹਿਣਗੇ।

(ਡਾ:) ਰਤਨ ਸਿੰਘ ਜੱਗੀ

ਪਟਿਆਲਾ
**16.3.2002**

# ਮੁੱਢਲੇ ਸ਼ਬਦ

ਨਾਮਧਾਰੀ ਲਹਿਰ ਦੇ ਉਦੇਸ਼, ਸਰੋਤ ਅਤੇ ਪ੍ਰੇਰਨਾ ਸਿੱਖ-ਧਰਮ ਵਾਲੇ ਹੀ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਜੋ ਕਿ ਸਿੱਖ ਧਰਮ ਦੇ ਬਾਨੀ ਹਨ ਨੇ ਆਪਣੇ ਸਿੱਖਾਂ ਨੂੰ ਸੱਚਾ ਤੇ ਸੁੱਚਾ ਜੀਵਨ ਜੀਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਸਦਾ ਹੀ ਆਪਣੀ ਬਾਣੀ ਵਿੱਚ "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ" ਦਾ ਹੀ ਉਦੇਸ਼ ਦਿੱਤਾ ਤੇ ਗੁਰਸਿੱਖਾਂ ਨੂੰ ਇਸ ਅਨੁਸਾਰ ਸਾਦਾ, ਸੱਚਾ ਤੇ ਸੁਚਾ ਜੀਵਨ ਜੀਉਣ ਦੀ ਸਿੱਖਿਆ ਦਿੱਤੀ ਹੈ।ਸਤਿਗੁਰੂ ਰਾਮ ਸਿੰਘ ਜੀ ਦਾ ਆਦਰਸ਼ ਤੇ ਮਨੋਰਥ ਵੀ ਉਹੀ ਉੱਚੀਆਂ, ਸੁੱਚੀਆਂ ਕਦਰਾਂ, ਕੀਮਤਾਂ, ਦੇਸ਼ ਦੀ ਆਜ਼ਾਦੀ ਲਈ ਉਹੋ ਹੀ ਤੜਪ, ਉਵੇਂ ਦੀ ਸਾਮਰਾਜ ਵਿਰੋਧਤਾ, ਉਸੇ ਤਰ੍ਹਾਂ ਦੀ ਨਿਰਭੈਤਾ ਅਤੇ ਕਮਾਲ ਮੰਜਲ ਦੀ ਪ੍ਰਾਪਤੀ ਲਈ ਉਹੋ ਲਗਨ ਤੇ ਉੱਚ ਪਧਰੀ ਮਰਿਆਦਾ ਸਥਾਪਤ ਕਰਨ ਲਈ ਸੰਘਰਸ਼ ਕਰਨ ਦਾ ਟੀਚਾ ਮਿਥਿਆ।

ਚੂੰਕਿ ਕੌਮਾਂ ਦਾ ਆਤਮਿਕ, ਸਮਾਜਿਕ ਤੇ ਰਾਜਸੀ ਵਿਕਾਸ ਉਹਨਾਂ ਮਹਾਂਪੁਰਖਾਂ ਉੱਤੇ ਹੀ ਨਿਰਭਰ ਹੋਇਆ ਕਰਦਾ ਹੈ ਅਤੇ ਅਜਿਹੇ ਮਹਾਂਪੁਰਸ਼ ਇਤਿਹਾਸ ਸਿਰਜਨ ਵਾਲੇ ਬਹੁਤ ਘੱਟ ਬਲਕਿ 'ਕੋਟਨ ਮੈ ਕੋਊ' ਹੀ ਹੋਇਆ ਕਰਦੇ ਹਨ। ਉਹ ਲੋਕਾਂ ਲਈ ਇਕ ਚਾਨਣ ਮੁਨਾਰਾ ਹੋਣ ਕਾਰਨ ਲੋਕਾਂ ਦੇ ਜੀਵਨ ਨੂੰ ਸਦੀਆਂ ਹੀ ਨਹੀਂ, ਅਨੇਕਾਂ ਕਾਲਾਂ ਤਕ ਪਥ-ਪ੍ਰਦਰਸ਼ਨ ਕਰਿਆ ਕਰਦੇ ਹਨ। ਇਹੋ ਜਿਹੇ ਪਰਮ ਪੁਰਖਾਂ ਵਿੱਚੋਂ ਸਤਿਗੁਰੂ ਰਾਮ ਸਿੰਘ ਜੀ ਹੋਏ ਹਨ ਜੋ ਆਪਣੀ ਰੂਹਾਨੀ ਦੌਲਤ ਨੂੰ ਆਮ ਲੋਕਾਈ ਤਕ ਵੰਡਦੇ ਨਜ਼ਰ ਆਉਂਦੇ ਹਨ। ਸੁਖੀ ਤੇ ਆਨੰਦਮਈ ਜੀਵਨ ਜਿਉਣ ਅਤੇ ਸੱਚਾ ਤੇ ਸੁਚ ਮਰਿਆਦਾ ਵਾਲਾ ਮਾਰਗ ਦਰਸਾਉਂਦੇ ਪ੍ਰਤੱਖ ਦੇਖੀਦੇ ਹਨ। ਇਸ ਲਈ ਇਹੋ ਜਿਹੇ ਮਹਾਂਪੁਰਖਾਂ ਜਾਂ ਪਰਮ ਪੁਰਖਾਂ ਨੂੰ ਸੱਚਾ ਰਹਿਬਰ, ਸੱਚਾ ਗੁਰੂ ਅਰਥਾਤ ਸਤਿਗੁਰੂ ਆਖਿਆ ਜਾਂਦਾ ਰਿਹਾ ਹੈ। ਉਹਨਾਂ ਵਲੋਂ ਵਿੱਢੇ ਗਏ ਕਾਰਜ ਦੀ ਪੂਰਤੀ ਕਰਨ ਵਾਲੇ ਸਤਿਗੁਰੂ ਹਰੀ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਅਦ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਉਨ੍ਹਾਂ ਦੇ ਸਰੂਪ ਵਿੱਚ ਹੀ ਇਕ ਸੱਚੇ ਰਹਿਬਰ ਵਜੋਂ ਅਜੋਕੀ ਮਨੁੱਖਤਾ ਲਈ ਪ੍ਰੇਰਨਾ-ਸ੍ਰੋਤ ਬਣੇ ਆ ਰਹੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਹੁਤ ਨੇੜਿਓਂ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਦੇ ਜੱਲਾਲੀ ਦਰਸ਼ਨ ਨੇ ਅਨਗਿਣਤ ਲੋਕਾਈ ਨੂੰ ਰੂਹਾਨੀ

ਸਕੂਨ ਬਖਸ਼ਿਆ ਹੈ। ਨਾਮਧਾਰੀ ਸਿੱਖਾਂ ਨੂੰ ਮਜ਼ਬੂਤ ਬਣਾਉਣ ਲਈ, ਸੁਚ-ਸੋਧ ਦੀ ਉੱਚੀ-ਸੁੱਚੀ ਸਿੱਖੀ ਮਰਿਆਦਾ ਅਨੁਸਾਰ ਅਤੇ ਉੱਚ ਆਚਰਣ ਦੇ ਧਾਰਨੀ ਬਣਾਉਣ ਤੇ ਜ਼ੋਰ ਦਿੱਤਾ ਹੈ। ਸਮੁੱਚੀ ਸਿੱਖ ਸੰਪ੍ਰਦਾਇ ਨੂੰ ਇਕ ਪਲੇਟਫਾਰਮ ਤੇ ਇਕਜੁਟ ਕਰਨ ਦੇ ਉਪਰਾਲੇ ਕੀਤੇ। ਇੱਥੋਂ ਤਕ ਕਿ ਹਿੰਦੂ-ਸਿੱਖ-ਮੁਸਲਿਮ ਏਕਤਾ ਤੇ ਬਲ ਦਿੰਦੇ ਰਹੇ ਹਨ। ਇਸੇ ਸਾਂਝ ਨੂੰ ਨਿਰੂਪਦਿਆਂ, ਹਰ ਪ੍ਰਕਾਰ ਦੀ ਸੰਕੀਰਨਤਾ ਤੋਂ ਉਪਰ ਉਠਦਿਆਂ, ਹਰ ਉਸ ਆਦਮੀ ਤੇ ਸੰਸਥਾ ਦੀ ਕਦਰ ਕਰਿਆ ਕਰਦੇ ਸਨ ਜਿਸ ਵਲੋਂ ਮਨੁੱਖ ਜਾਤੀ ਦੇ ਕਲਿਆਣ ਲਈ, ਮਨੁੱਖਤਾ ਦੇ ਭਲੇ ਲਈ ਨਿੱਗਰ ਰੂਪ ਵਿੱਚ ਕੁਝ ਕੀਤਾ ਜਾ ਰਿਹਾ ਹੋਵੇ। ਉਹ ਉੱਚੀਆਂ-ਸੁੱਚੀਆਂ ਮਨੁੱਖੀ ਕਦਰਾਂ ਕੀਮਤਾਂ ਦੇ ਧਾਰਨੀ ਸਨ, ਅਹਿੰਸਾ ਦੇ ਪ੍ਰੇਮੀ ਸਨ ਅਤੇ ਦੁਨੀਆਂ ਵਿੱਚ ਅਮਨ ਤੇ ਸ਼ਾਂਤੀ ਕਾਇਮ ਹੋਈ ਵੇਖਣ ਦੇ ਚਾਹਵਾਨ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਦਰਸ਼ਨ ਸਭ ਤੋਂ ਪਹਿਲੀ ਵੇਰ ਦਾਸ ਨੂੰ ਸਤੰਬਰ, 1959 ਈ: ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨਮਿਤ ਰੱਖੇ ਪਾਠਾਂ ਦੇ ਭੋਗ ਅਤੇ ਦਸਤਾਰਬੰਦੀ ਸਮੇਂ ਹੋਏ। ਉਸ ਸਮੇਂ ਦੇਸ਼ ਦੇ ਹਰ ਕੋਨੇ-ਕੋਨੇ ਵਿੱਚੋਂ, ਵੱਖ-ਵੱਖ ਵਿਚਾਰਾਂ ਦੇ ਲੋਕਾਂ, ਭਿੰਨ-ਭਿੰਨ ਧਰਮਾਂ ਦੇ ਅਚਾਰੀਆਗਣ, ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾਗਣ ਅਤੇ ਰਹਿ ਚੁੱਕੇ ਰਿਆਸਤੀ ਰਾਜੇ ਮਹਾਰਾਜੇ ਵੀ ਪੁੱਜੇ ਹੋਏ ਸਨ। ਏਨਾ ਵਿਸ਼ਾਲ ਇਕੱਠ ਮੈਂ ਪਹਿਲੀ ਵੇਰ ਦੇਖ ਰਿਹਾ ਸਾਂ। ਭਾਵੇਂ ਹਜ਼ਾਰਾਂ ਹੀ ਦਸਤਾਰਾਂ ਸਤਿਕਾਰ ਵਜੋਂ ਉਸ ਦਿਨ ਭੇਂਟ ਹੋਈਆਂ ਪਰ ਨਾਮਧਾਰੀ ਸੰਗਤ ਨੇ ਆਪਣਾ ਆਦਰ ਤੇ ਸਤਿਕਾਰ ਇਕ ਖੱਦਰ ਦੀ ਦਸਤਾਰ, ਉਹ ਵੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਾਨ ਸੇਵਕ ਭਾਈ ਵਜ਼ੀਰ ਸਿੰਘ ਜੀ ਦਵਾਰਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਅਤਿਅੰਤ ਸਾਦਗੀ ਨਾਲ ਭੇਂਟ ਕੀਤੀ।

**''ਅਗਸਤ ਆਦਿ ਜੇ ਵਡੇ ਤਪਸਤਪ ਵਿਸੇਖੀਐ।।**
**ਬਿਅੰਤ, ਬਿਅੰਤ, ਬਿਅੰਤ ਕੋ ਕਰੰਤ ਪਾਠ ਪੇਖੀਐ।।''**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਗੱਦੀ ਦੀ ਕਾਰ ਸੰਭਾਲਦਿਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਕੀਤੇ ਗਏ ਸੁਜਤਨਾਂ ਨੂੰ ਹੋਰ ਅਗੇਰੇ ਲਿਜਾਣ ਲਈ ਜਾਰੀ ਕੀਤੀਆਂ ਭਜਨ ਤੇ ਭਗੌਤੀ ਦੀਆਂ ਵਰਨੀਆਂ ਨੂੰ ਦੇਸ਼ ਅਤੇ ਵਿਦੇਸ਼ਾਂ ਵਿਚ ਵੀ ਚਲਾ ਦਿੱਤਾ ਹੈ। ਅਨੇਕਾਂ ਵਾਰ ਸਵਾ ਲੱਖ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਵਾਏ ਹਨ ਤੇ ਅਗੋਂ ਹੋਰ ਚਲ ਰਹੇ ਹਨ। ਕਿੰਨੇ ਹੀ ਚੰਡੀ ਦੀ ਵਾਰ ਦੇ ਸਵਾ ਲੱਖ ਪਾਠਾਂ ਦੇ ਹਵਨ ਯੱਗ ਕਰਵਾਏ ਹਨ। ਇਸ ਤੋਂ ਇਲਾਵਾ ਬਜ਼ੁਰਗਾਂ ਦੀ ਜ਼ਿੰਦਗੀ ਦੇ ਆਖਰੀ ਸਫਰ ਨੂੰ ਸੁਖਾਵਾਂ, ਵਧੀਆ ਤੇ ਸਾਫ਼ ਸੁਥਰਾ ਸਮਾਂ ਬਿਤੀਤ ਕਰਨ ਲਈ ਬਿਰਧਸ਼ਾਲਾਵਾਂ ਖੋਲ੍ਹ ਦਿੱਤੀਆਂ ਹਨ।

ਨੌਜੁਆਨਾਂ ਨੂੰ ਲਾਮਬੰਦ ਕਰਨ ਲਈ ਅਤੇ ਉਨ੍ਹਾਂ ਨੂੰ ਆਪਣੀ ਬੁੱਕਲ ਦਾ ਨਿੱਘ ਬਖਸ਼ਣ ਲਈ ਸੰਨ 1965 ਤੋਂ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ ਦੀ ਸਥਾਪਨਾ ਕੀਤੀ। ਜਿਸ ਵਿੱਚ 13 ਸਾਲ ਦਾਸ ਨੂੰ ਮੁੱਖ ਸੇਵਾਦਾਰ ਦੇ ਤੌਰ ਤੇ ਸੇਵਾ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਹੁਣ ਇਹ ਵਿਸ਼ਵ ਨਾਮਧਾਰੀ ਵਿਦਿਅਕ ਜੱਥੇ ਦੇ ਨਾਂ ਤੋਂ ਜਾਣਿਆ ਜਾਂਦਾ ਹੈ।

''ਸੰਗੀਤ'' ਉਹ ਸੰਜੀਵਨੀ ਬੂਟੀ ਹੈ ਜੋ ਮਨੁੱਖ ਨੂੰ ਆਤਮਕ ਸ਼ਾਂਤੀ, ਸਰੀਰਕ ਸੁਖ ਤੇ ਮਾਨਸਕ ਇਕਾਗਰਤਾ ਬਖਸ਼ਦੀ ਹੈ। ਇਸੇ ਕਾਰਨ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਦੇ ਜੀਵਨ ਨੂੰ ਸੰਗੀਤ ਨਾਲ ਜੋੜਨ ਲਈ ਆਪਣੀ ਸਾਰੀ ਬਾਣੀ ਰਾਗਾਂ ਵਿੱਚ ਉਚਾਰੀ। ਇਸ ਨੂੰ ਤੰਤੀ ਸਾਜਾਂ ਨਾਲ ਗਾਵਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤਕ ਪ੍ਰਤਿਭਾ ਅਤੇ ਸੰਗੀਤ ਪ੍ਰੇਮ ਨੂੰ ਹੋਰ ਵੀ ਨਿਖਾਰ ਕੇ ਸਾਹਮਣੇ ਲਿਆਂਦਾ ਹੈ। ਆਪ ਜੀ ਪੁਰਾਤਨ ਕੀਰਤਨ ਸ਼ੈਲੀ ਨੂੰ ਸੰਭਾਲੀ ਰਖ ਰਹੇ ਹਨ ਤੇ ਪ੍ਰਚਾਰ ਰਹੇ ਹਨ। ਨਾਲ ਹੀ ਸ਼ਾਸਤਰੀ ਸੰਗੀਤ ਦੀਆਂ ਨਵੀਨ ਬੰਦਿਸ਼ਾਂ ਤੇ ਤਾਲਾਂ ਦੀ ਸਿਰਜਨਾ ਕਰਦੇ ਹੋਏ ਹੋਰ ਸ਼ੈਲੀਆਂ ਦਾ ਵੀ ਸਤਿਕਾਰ ਕਰ ਰਹੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ-ਛਾਇਆ ਹੇਠ ਧਰਮ ਪ੍ਰਚਾਰ ਹਿੱਤ ਅਨੇਕਾਂ ਹੀ ਪੁਸਤਕਾਂ, ਰਸਾਲੇ ਪ੍ਰਕਾਸ਼ਿਤ ਹੋ ਚੁੱਕੇ ਹਨ ਤੇ ਹੋ ਰਹੇ ਹਨ। 'ਸਤਿਜੁਗ' 'ਵਰਿਆਮ' ਨਾਮਧਾਰੀ ਪੰਥ ਦਾ ਇਕ ਅੰਗ ਹੀ ਬਣ ਚੁੱਕੇ ਹਨ। ਲਗਭਗ 13 ਸਾਲ 'ਨਿਰੀਖਿਅਕ' ਮੈਗਜ਼ੀਨ, ਨਾਮਧਾਰੀ ਦਰਪਨ ਤੇ ਗੁਰਸਿੱਖੀ ਵਿਚਾਰਧਾਰਾ ਨੂੰ ਛਾਪਣ ਦਾ ਸੁਭਾਗ ਦਾਸ ਨੂੰ ਵੀ ਪ੍ਰਾਪਤ ਰਿਹਾ ਹੈ।

ਚਿਰਾਂ ਤੋਂ ਇਕ ਵਲਵਲਾ ਉੱਠ ਰਿਹਾ ਸੀ ਕਿ ਨਾਮਧਾਰੀ ਇਤਿਹਾਸ ਨੂੰ ਸੰਖੇਪ ਰੂਪ ਵਿੱਚ ਇਤਿਹਾਸਕ ਤੱਥਾਂ ਦੇ ਆਧਾਰ 'ਤੇ ਕੁਝ ਲਿਖਿਆ ਜਾਵੇ। ਇਹ ਵੀ ਇਕ ਰੀਝ ਹੈ ਕਿ ਇਸ ਇਤਿਹਾਸ ਨੂੰ ਹੋਰ ਭਾਸ਼ਾਵਾਂ ਵਿਚ ਛਪਵਾਇਆ ਜਾਵੇ ਤਾਂ ਕਿ ਆਮ ਲੋਕਾਈ ਨੂੰ ਭਾਰਤ ਦੇ ਜੰਗੇ ਆਜ਼ਾਦੀ ਦੇ ਮੋਢੀ, ਨਾ-ਮਿਲਵਰਤਨ ਲਹਿਰ ਦੇ ਬਾਨੀ, ਪਹਿਲੇ ਸਤਿਆਗ੍ਰਹੀ, ਇਸਤ੍ਰੀ ਉਧਾਰਕ, ਸਮਾਜ ਸੁਧਾਰਕ ਅਤੇ ਨਾਮ-ਬਾਣੀ ਦਾ ਪ੍ਰਵਾਹ ਚਲਾਉਣ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਲਹਿਰ ਬਾਰੇ ਜਾਣਕਾਰੀ ਮਿਲ ਸਕੇ। ਚਾਹੇ ਵਿਸਥਾਰ ਵਿਚ ਵਰਨਣ ਕਰਨਾ ਤਾਂ ਅਸੰਭਵ ਹੈ ਕਿਉਂਕਿ ਉਨ੍ਹਾਂ ਦੀ ਹਰ ਕਲਾ ਇੱਕ ਵੱਖਰੀ ਪੁਸਤਕ ਦਾ ਰੂਪ ਬਣ ਸਕਦੀ ਹੈ। ਬਸ ਇਕ ਕਿਣਕਾ ਮਾਤਰ ਹੀ ਉਸ ਸਾਗਰ ਰੂਪੀ ਅਪਰਮਪਾਰ ਮਹਿਮਾ ਅਤੇ ਬਖਸ਼ਿਸ਼ ਵਿੱਚੋਂ ਚੁਣ ਸਕਿਆ ਹਾਂ।

ਬੜੇ ਉੱਤਮ ਭਾਗ ਹੋਣ ਤਾਂ ਹੀ ਅਜੋਕੇ ਯੁਗ ਅੰਦਰ ਖਿਮਾ, ਧੀਰਜ, ਨਿਮਰਤਾ

ਦੇ ਪੁੰਜ, ਗਹਿਰ ਗੰਭੀਰ ਅਤੇ ਗੁਣ ਨਿਧਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੈਸੇ, ਸਤਿਗੁਰੂ ਜੀ ਦੀ ਸ਼ਰਣ ਪ੍ਰਾਪਤ ਹੁੰਦੀ ਹੈ। ਚੰਗੇ ਭਾਗਾਂ ਨਾਲ ਗੁਰਮੁੱਖ ਤੇ ਸੰਤ ਸਰੂਪ ਮਾਤਾ-ਪਿਤਾ ਅਤੇ ਬੱਚਿਆਂ ਦਾ ਸਾਥ ਮਿਲਦਾ ਹੈ। ਸ੍ਰੀ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਹੋਵੇ ਤਾਂ ਪਿਆਰ ਭਿੱਜੇ, ਰੰਗ ਰਤੜਿਆਂ ਦਾ ਸੰਗਸਾਥ ਨਸੀਬ ਹੁੰਦਾ ਹੈ। ਅਜਿਹੀ ਇੱਕ ਸ਼ਖਸ਼ੀਅਤ ਠਾਕੁਰ ਉਦੇ ਸਿੰਘ ਜੀ ਦਾ ਮੈਂ ਬਹੁਤ ਧੰਨਵਾਦੀ ਹਾਂ, ਜਿਹੜੇ ਸਮੇਂ-ਸਮੇਂ ਮੈਨੂੰ ਅਗਵਾਈ ਦਿੰਦੇ ਆ ਰਹੇ ਹਨ। ਉਨ੍ਹਾਂ ਦੇ ਨੇਕ ਤੇ ਬੁਲੰਦ ਇਰਾਦੇ ਮੇਰੀ ਹੌਂਸਲਾ ਅਫ਼ਜਾਈ ਕਰਦੇ ਰਹੇ ਹਨ। ਇਨ੍ਹਾਂ ਦੇ ਨਾਲ ਹੀ ਸੰਤ ਜਗਤਾਰ ਸਿੰਘ, ਸ੍ਰ: ਹਰਵਿੰਦਰ ਸਿੰਘ ਹੰਸਪਾਲ ਪ੍ਰਧਾਨ ਨਾਮਧਾਰੀ ਦਰਬਾਰ ਤੇ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ, ਸੰਤ ਰਛਪਾਲ ਸਿੰਘ ਤੇ ਹਰਪਾਲ ਸਿੰਘ ਸੇਵਕ, ਸੂਬਾ ਹਰਭਜਨ ਸਿੰਘ ਲੁਧਿਆਣਾ, ਸੂਬਾ ਸੁਖਦੇਵ ਸਿੰਘ ਦਿੱਲੀ, ਸੰਤ ਹਰਭਜਨ ਸਿੰਘ ਔਰੰਗਾਬਾਦ, ਸੰਤ ਸੁਰਿੰਦਰ ਸਿੰਘ ਨਾਮਧਾਰੀ (ਦੋਵੇਂ ਮੀਤ ਪ੍ਰਧਾਨ ਨਾਮਧਾਰੀ ਦਰਬਾਰ), ਪੰਡਿਤ ਗੋਪਾਲ ਸਿੰਘ, ਸੰਤ ਅਜੀਤ ਸਿੰਘ ਨਾਮਧਾਰੀ ਤੇ ਸੰਤ ਅਜੀਤ ਸਿੰਘ ਲਾਇਲ (ਦੋਵੇਂ ਸਕੱਤਰ ਨਾਮਧਾਰੀ ਦਰਬਾਰ), ਜ. ਦਰਸ਼ਨ ਸਿੰਘ ਤੇ ਗਿਆਨੀ ਜੋਗਿੰਦਰ ਸਿੰਘ ਦਾ ਧੰਨਵਾਦੀ ਹਾਂ। ਜਿਨ੍ਹਾਂ ਦੇ ਘੋਖਵੇਂ ਵਿਚਾਰਾਂ ਤੇ ਨਿੱਘੇ ਪਿਆਰ ਸਦਕਾ ਇਹ ਕੁਝ ਸ਼ਬਦ ਲਿਖ ਸਕਿਆ ਹਾਂ।

ਮੈਂ ਅਤਿ ਧੰਨਵਾਦ ਕਰਦਾ ਹਾਂ ਸਾਹਿਤਕ ਜਗਤ ਦੇ ਸੁਪ੍ਰਸਿੱਧ ਵਿਦਵਾਨ ਡਾ: ਸਰਦਾਰਾ ਸਿੰਘ ਜੌਹਲ ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ: ਰਤਨ ਸਿੰਘ ਜੱਗੀ, ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ, ਸ: ਜਸਵਿੰਦਰ ਸਿੰਘ ਜਰਨਲਿਸਟ ਅਤੇ ਪ੍ਰੋ: ਗੁਰਚਰਨ ਕੌਰ ਕੋਚਰ ਜਿਨ੍ਹਾਂ ਨੇ ਇਸ ਨੂੰ ਸੰਵਾਰਨ ਵਿਚ ਕੋਈ ਕਸਰ ਨਹੀਂ ਰਹਿਣ ਦਿੱਤੀ।

ਇਨ੍ਹਾਂ ਮੁੱਢਲੇ ਸ਼ਬਦਾਂ ਨੂੰ ਸਮੇਟਦਿਆ ਮੇਰਾ ਸਿਰ ***"ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ।"*** ਹਿਰਦੇ ਸਮਰਾਟ ਪਰਮ ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਪੁਨੀਤ ਚਰਣਾਂ ਵਿਚ ਝੁਕ ਜਾਂਦਾ ਹੈ, ਜਿਨ੍ਹਾਂ ਦੀ ਅਪਾਰ ਬਖਸ਼ਿਸ਼ ਸਦਕਾ ਅਜ ਨਾਮਧਾਰੀ ਸਮਾਜ ਸੰਸਾਰ ਦੇ ਹਰ ਕੋਨੇ ਵਿੱਚ ਆਪਣੀ ਵਿਲੱਖਣ ਜੀਵਨ-ਸ਼ੈਲੀ ਦਾ ਪ੍ਰਦਰਸ਼ਨ ਕਰ ਰਿਹਾ ਹੈ। ਹਜ਼ੂਰ ਦੀਆਂ ਰਹਿਮਤਾਂ ਦੇ ਭੰਡਾਰ ਨੂੰ ਦੁਨੀਆਂ ਦੇ ਹੋਰ ਸ਼ਖਸ਼ (ਗੈਰ-ਨਾਮਧਾਰੀ) ਜਦੋਂ ਕਦੇ ਬਿਆਨ ਕਰਿਆ ਕਰਦੇ ਹਨ ਤਾਂ ਉਸ ਵਕਤ ਆਪ ਮੁਹਾਰੇ ਇਹ ਸ਼ਬਦ ਮੂੰਹੋਂ ਨਿਕਲ ਜਾਇਆ ਕਰਦਾ ਹੈ :

**"ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ।।**
**ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ।।"** **- ਪੰ: 558**

***- ਦਲੀਪ ਸਿੰਘ ਨਾਮਧਾਰੀ***

# ਗਾਥਾ-ਸੁਤੰਤਰਤਾ ਸੰਗਰਾਮ ਦੀ

## ਤਤਕਾਲੀਨ ਰਾਜਨੀਤਕ ਅਤੇ ਸਮਾਜਕ ਹਾਲਾਤ

ਦੁਨੀਆਂ ਦੇ ਮਜ਼ਬ ਆਪੋ ਆਪਣੇ ਅਸਰ-ਰਸੂਖ ਵਧਾਉਣ ਲਈ ਨਿਤਾ ਪ੍ਰਤੀ ਨਵੇਂ ਤੋਂ ਨਵੇਂ ਢੰਗ ਢੂੰਡਦੇ ਹਨ, ਪਰ ਪ੍ਰਮਾਤਮਾ ਆਪਣੇ ਧਰਮ ਨੂੰ ਵਧਾਉਣ ਲਈ ਚੰਗੇ ਮਨੁੱਖ ਢੂੰਡਦਾ ਹੈ। ਇਨ੍ਹਾਂ ਚੰਗੇ ਮਨੁੱਖਾਂ ਨੂੰ ਇਕੱਠਿਆਂ ਕਰਨ ਲਈ ਤੇ ਇਨ੍ਹਾਂ ਦੇ ਉੱਚੇ ਤੇ ਸੁੱਚੇ ਜੀਵਨ ਬਣਾਉਣ ਲਈ ਇਸ ਸੰਸਾਰ ਵਿਚ ਕਿਸੇ ਨਾ ਕਿਸੇ ਮਹਾਂਪੁਰਖ ਨੂੰ ਪ੍ਰਮਾਤਮਾ ਭੇਜਦਾ ਆਇਆ ਹੈ :

**ਹਰਿ ਜੁਗੁ ਜੁਗੁ ਭਗਤ ਉਪਾਇਆ, ਪੈਜ ਰਖਦਾ ਆਇਆ ਰਾਮ ਰਾਜੇ।। ਪੰ: 451**

ਪ੍ਰਮਾਤਮਾ ਹਰ ਜੁਗ ਵਿਚ ਸਮੇਂ ਸਮੇਂ ਆਪਣੇ ਪਿਆਰਿਆਂ ਦੀ ਪੈਜ ਰਖਦਾ ਆਇਆ ਹੈ। ਉਹ ਜਾਣਦਾ ਹੈ ਕਿ ਜਗਤ ਵਿੱਚ ਉਸ ਦਾ ਠੀਕ ਸੁਨੇਹਾ ਪੂਰੀ ਸਫਲਤਾ ਨਾਲ ਪਹੁੰਚਾਣ ਲਈ ਸੱਚੇ ਸੁੱਚੇ ਜੀਵਨ ਵਾਲੇ ਮਹਾਂਪੁਰਖਾਂ ਦੀ ਲੋੜ ਹੁੰਦੀ ਹੈ। ਇਸ ਲਈ ਅਜਿਹੇ ਸਮੇਂ ਜਦੋਂ ਅਧਰਮ, ਅਗਿਆਨ, ਪਸ਼ੂ ਬਿਰਤੀ, ਅਸਤਿ ਤੇ ਅਨਿਆ ਦਾ ਬੋਲ-ਬਾਲਾ ਹੋ ਜਾਂਦਾ ਹੈ ਤਾਂ ਉਸ ਸਮੇਂ ਸਾਹ ਸਤ ਹੀਣ ਹੋ ਚੁੱਕੀ ਲੋਕਾਈ ਦੇ ਅੰਦਰੋਂ ਡਰ-ਸਹਿਮ ਦੂਰ ਕਰਨ ਲਈ ਅਤੇ ਉਨ੍ਹਾਂ ਨੂੰ ਕੁਕਰਮਾਂ ਤੋਂ ਰੋਕਣ ਲਈ ਅਕਾਲਪੁਰਖ ਇਸ ਧਰਤੀ ਉੱਤੇ ਸਤਿਗੁਰੂ ਨੂੰ ਭੇਜਿਆ ਕਰਦਾ ਹੈ ਜੋ ਮਨੁੱਖੀ-ਜਾਮੇ ਵਿਚ ਆਕੇ

**ਜਹਾ ਤਹਾ ਤੈ ਧਰਮ ਚਲਾਇ। ਕਬੁਧਿ ਕਰਨ ਤੇ ਲੋਕ ਹਟਾਇ ।।** ਵਾਲੇ ਕੰਮ ਕਰਦਾ ਹੈ। ਇਹੋ ਜਿਹਾ ਸਮਾਂ ਉਸ ਵੇਲੇ ਵੀ ਆਇਆ ਸੀ ਜਦੋਂ ਖਾਲਸੇ ਦੀ ਰਹਿਣੀ-ਬਹਿਣੀ ਅਤੇ ਸੋਚ ਵਿਚਾਰਧਾਰਾ ਉੱਤੇ ਪੱਛਮੀ ਤਕਨੀਕ ਅਤੇ ਵਿਸ਼ਲੇਸ਼ਣੀ ਚਿੰਤਨ ਨੇ ਬੁਰੀ ਤਰ੍ਹਾਂ ਅਸਰ ਪਾ ਦਿਤਾ ਹੋਇਆ ਸੀ। ਮਹਾਰਾਜਾ ਸ਼ੇਰ ਸਿੰਘ ਤਖ਼ਤ 'ਤੇ ਬੈਠਦਿਆਂ ਹੀ ਪੁਰਾਤਨ ਪਹਿਰਾਵੇ ਦੀ ਪਰੰਪਰਾ ਨੂੰ ਤਿਆਗ ਕੇ ਦਾੜ੍ਹੀ ਬੰਨ੍ਹਣ ਅਤੇ ਪੱਗ ਬੰਨਣ

ਦਾ ਢੰਗ ਹੀ ਬਦਲ ਕੇ ਰਖ ਦਿੱਤਾ। ਜਿਵੇਂ ਖੂਹ ਵਿੱਚ ਭੰਗ ਪੈ ਜਾਣ ਨਾਲ ਪਾਣੀ ਦਾ ਰੰਗ ਬਦਲ ਜਾਂਦਾ ਹੈ ਤੇ ਦੁਰਗੰਧ ਆਉਣ ਲਗ ਪੈਂਦੀ ਹੈ, ਇਵੇਂ ਹੀ ਸਿੱਖੀ ਦੇ ਹਾਲਾਤ ਹੋ ਗਏ ਸੀ। ਗਿ: ਗਿਆਨ ਸਿੰਘ ਜੀ ਦੇ ਸ਼ਬਦਾਂ ਅਨੁਸਾਰ :

**ਮਹਾਰਾਜ ਜੌ ਲੌ ਰਹਾ ਨਾ ਪੰਥ ਕਾ ਪੁਰਾਨਾ ਢੰਗ।**
**ਫੇਰ ਬਦਲਾਨਾ ਰੰਗ ਕੂਪ ਭੰਗ ਜਯੋਂ ਪਰੈ।**

ਗੁਰਸਿੱਖੀ ਰਹਿਤ ਅਤੇ ਵੀਚਾਰਾਂ ਦਾ ਅਭਾਵ ਹੋਣ ਕਰਕੇ ਸਿਰਫ ਪਹਿਰਾਵਾ ਜਾਂ ਚਰਿਤਰ ਹੀ ਨਹੀਂ ਸੀ ਬਦਲਿਆ ਬਲਕਿ ਨਿਸ਼ਚਾ ਹੀ ਡੋਲ ਗਿਆ ਸੀ। ਆਪਸੀ ਪਾਟੋਧਾੜ, ਲੁੱਟ ਖੋਹ ਨੇ ਸਾਰੀ ਸਿੱਖ ਸਲਤਨਤ ਹੀ ਤਬਾਹ ਕਰਕੇ ਰਖ ਦਿੱਤੀ ਸੀ। ਆਪਣੇ ਗੁਰੂ ਅਤੇ ਉਸਦੇ ਉਦੇਸ਼ਾਂ ਨੂੰ ਤਿਆਗ ਕੇ ਕਿਹੋ ਜਿਹੇ ਵਿਚਾਰਾਂ ਦੇ ਸਿੱਖ ਬਣ ਗਏ ਹੋਏ ਸਨ ਦੇ ਬਾਰੇ ਗਿ: ਗਿਆਨ ਸਿੰਘ ਜੀ ਲਿਖਦੇ ਹਨ :

**ਕੇਈ ਦਯਾਨੰਦੀ ਕਿਨੈ ਦਿਜੋ ਦੀ ਪਵਾਈ ਤੰਦੀ,**
**ਬੰਦੀਆ ਕੇ ਬੰਦੀਖਾਨੇ ਬਹੁ ਫੰਧੀ ਹੈ ਪਏ।**
**ਆਰਯਾ ਸਮਾਜੀ ਕੋਊ ਮੋਨਯੋਂ ਕੇ ਪਾਜੀ,**
**ਜਾਲਸਾਜੀ ਕੇਊ ਖਾਂ ਜੀ ਹਾਜੀ ਈਸਾ ਕੇਰ ਹੈਂ ਭਏ।**

ਇਸ ਸਮੇਂ ਖਾਲਸਾ ਆਪਣੇ ਸਿੱਖੀ ਅਤੇ ਰਾਜਨੀਤੀ ਦੇ ਰਸਤੇ ਤੋਂ ਉੱਖੜ ਗਿਆ ਸੀ ਅਤੇ ਪਤਿਤ ਹੋ ਚੁੱਕਾ ਹੋਇਆ ਸੀ। ਖਾਣ-ਪੀਣ, ਪਹਿਰਾਵਾ ਆਦਿ ਸਭ ਕੁਝ ਹੀ ਤਾਂ ਬਦਲ ਚੁੱਕਾ ਸੀ। ਸਿੱਖੀ ਧਰਮ ਪ੍ਰਚਾਰ ਦਾ ਕੰਮ ਉਦਾਸੀਆਂ, ਨਿਰਮਲਿਆਂ, ਗੁਰੂ ਅੰਸ ਸੋਢੀ-ਬੇਦੀ ਅਤੇ ਸਰਕਾਰੀ ਜਗੀਰਾਂ ਲੈਣ ਵਾਲੇ ਪੁਜਾਰੀ ਮਹੰਤਾਂ ਦੇ ਰਾਹੀਂ ਹੋਣ ਲਗ ਪਿਆ ਸੀ। ਸਿੱਖੀ ਰਹੁਰੀਤ ਅਤੇ ਮਰਯਾਦਾ ਵਿਚ ਕਈ ਐਸੀਆਂ ਤਬਦੀਲੀਆਂ ਲੈ ਆਂਦੀਆਂ ਗਈਆਂ, ਜਿਸ ਨਾਲ ਸਿੱਖੀ ਸਿਧਾਂਤਾਂ ਅਤੇ ਸਿੱਖੀ ਦੇ ਉੱਚ ਨਿਸ਼ਾਨਿਆਂ ਨੂੰ ਬਹੁਤ ਭਾਰੀ ਠੇਸ ਪੁੱਜੀ। ਰਾਮਰਾਈਏ ਵੀ ਹਠਾੜ-ਸਤਲੁਜ ਦੇ ਇਲਾਕੇ ਪੁਆਦ ਤਕ ਆਪਣੇ ਹੱਥ ਪਸਾਰੀ ਬੈਠੇ ਸਨ। ਆਮ ਪੇਂਡੂ ਨਿਗਾਹਿਆਂ, ਸਖੀ ਸਰਵਰਾਂ, ਸ਼ੇਖ ਹੈਦਰ, ਪੀਰ ਬਨੋਈ ਅਤੇ ਹੋਰ ਪੀਰ-ਫਕੀਰਾਂ ਦੇ ਮਜ਼ਾਰਾਂ ਤੇ ਜਾ ਕੇ ਮੰਨਤਾਂ ਮੰਨਦੇ, ਚੂਰਮੇ ਵੰਡਦੇ ਤੇ ਬੱਕਰੇ ਚੜ੍ਹਾਂਦੇ ਫਿਰਦੇ ਸਨ। ਉਸ ਸਮੇਂ ਦੇ ਹਾਲਾਤ ਨੂੰ ਗਿ: ਗਿਆਨ ਸਿੰਘ ਜੀ ਇੰਝ ਕਲਮਬੰਦ ਕਰਦੇ ਹਨ :

**ਔਰੈਂ ਰੀਤ ਔਰੈਂ ਮੀਤ ਪ੍ਰਤੀਤ ਪ੍ਰੀਤ, ਖਾਨ ਪਹਿਰਾਨ ਗਯਾਨ ਮਾਨ ਔਰੈਂ ਜਨ ਕੈ।**
**ਡਾਰੇ ਦਸਤਾਰੇ ਸਾਫੇ ਭਾਰੇ ਹੈਂ ਸੰਭਾਰੇ, ਅੱਛੇ ਕੱਛੇ ਤਜ ਗਏ ਧੋਤੀ ਸੁਥੂ ਤੰਗ ਤਨ ਕੈ ।**
**ਧਾਰੇ ਹੈਂ ਗਰਾਰੇ ਤੰਬੇ ਤਹਿਮਤ ਅਧਿਕ ਲੰਬੇ, ਜਿਨੈ ਦੇਖ ਸਿਖੀ ਗਊ ਕੰਬੇ ਤੁਰਕ ਗਨ ਕੈ ।**
**ਸਿਖੀ ਦਸਮੇਸ ਕੀ ਸੁ ਕੀ ਅਪਰ ਦੇਸ ਕੀ, ਅਸਿਖੀ ਪਰੀ ਪੇਸ਼ਗੀ ਛਿਨਾਰ ਬਨ ਠਨ ਕੈ ।**

-ਪੰਥ ਪ੍ਰਕਾਸ਼

ਪੰਜਾਬੀਆਂ ਦੇ ਜੀਵਨ ਉੱਤੇ ਉਨ੍ਹਾਂ ਦੀਆਂ ਆਪਣੀਆਂ ਰਹੁ-ਰੀਤਾਂ, ਧਰਮ ਤੋਂ ਹੀਣ ਤੇ ਬੇਹਿਸ ਹਰਕਤਾਂ ਅਤੇ ਅੰਗ੍ਰੇਜ਼ਾਂ ਦੇ ਸਭਿਆਚਾਰ ਤੇ ਪੱਛਮੀ ਤਹਿਜ਼ੀਬ ਦਾ ਬੇਹਦ ਅਸਰ ਹੋ ਚੁਕਿਆ ਸੀ :

**ਜਾਗ ਜਿਨਕੇ ਬਡੇਰੇ ਬਾਣੀ ਪਦਤੇ ਸਵੇਰੇ, ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨ ਕਰੈਂ।।**
**ਤਿਨ ਹੀ ਕੇ ਨਾਤੀ ਧੂਪ ਦੀਪ ਕੀ ਕਹਾਂ ਬਿਖਿਆਤੀ ਪਾਇ ਹੈ ਨ ਝਾਤੀ ਮੂਸ ਖਾਤ ਗ੍ਰੰਥ ਜੇ ਪਰੈਂ।**
**ਜਪੁਜੀ ਨ ਰਹੁਰਾਸ ਪਢੈ ਸੁਨੈ ਕਬੀ ਖਾਸ ਔਰ ਜੋ ਪਢਤ ਪਾਸ ਹਾਸ ਤਿਨ ਯੌਂ ਰਰੈਂ।**
**ਕਹਾਂ ਰਬ ਬਹਿਰਾ ਹੈ ਗਹਿਰਾ ਪੁਕਾਰੈ ਜੋ ਤੂੰ ਸਹਿਰਾ ਮੈਂ ਜਾਇ ਲੁਕਮੈਂ ਰਿਝਾਇ ਲੈ ਤਰੈਂ।**

-ਪੰਥ ਪ੍ਰਕਾਸ਼

ਇਹੋ ਜਿਹੇ ਨਿਰਾਸਤਾ ਭਰੇ ਸਮੇਂ ਵਿੱਚ ਜਦੋਂ ਪੰਜਾਬ ਰਾਜਨੀਤਕ ਉਥਲ ਪੁਥਲ ਦੇ ਨਾਲ ਹੀ ਸਮਾਜਕ ਤੇ ਧਾਰਮਕ ਰਹੁਰੀਤਾਂ ਤੋਂ ਬਿਲਕੁਲ ਬੇਮੁਖ ਹੋ ਕੇ ਅੰਗ੍ਰੇਜ਼ਾਂ ਦੇ ਸਭਿਆਚਾਰ ਨੂੰ ਪੂਰੀ ਤਰ੍ਹਾਂ ਕਬੂਲ ਕਰ ਚੁਕਿਆ ਸੀ ਅਤੇ 'ਜੁਗ ਜੁਗ ਰਾਜ ਸਵਾਯਾ ਟੋਪੀ ਵਾਲੇ ਦਾ' ਆਮ ਧਾਰਮਿਕ ਸਮਾਗਮਾਂ ਤੇ ਪੜ੍ਹਿਆ ਜਾਣ ਲੱਗ ਪਿਆ ਸੀ।

ਨਿਰਸੰਦੇਹ 'ਖਾਲਸਾ ਧਰਮ' ਸਚਮੁਚ ਹੀ ਨਿਗਰ ਚੁੱਕਾ ਸੀ ਅਤੇ ਇਸਦੇ ਆਗੂਆਂ, ਪ੍ਰਚਾਰਕਾਂ ਅਤੇ ਪੁਜਾਰੀਆਂ ਦੀ ਮਾਇਆ ਅਤੇ ਮਦ ਨਾਲ ਮਤ ਮਾਰੀ ਜਾਣ ਕਰਕੇ ਉਨ੍ਹਾਂ ਵਿਚ ਹਰ ਪ੍ਰਕਾਰ ਦੀਆਂ ਕੁਰੀਤੀਆਂ ਦਾ ਪ੍ਰਵਾਹ ਚਲ ਰਿਹਾ ਸੀ। ਵਿਦੇਸ਼ੀ ਸਭਿਅਤਾ ਇਨ੍ਹਾਂ ਅੰਦਰ ਪ੍ਰਵੇਸ਼ ਕਰ ਚੁੱਕੀ ਸੀ। ਧਰਮ ਅਤੇ ਆਤਮਿਕ ਸ਼ਕਤੀ ਅਲੋਪ ਹੋ ਚੁੱਕੀ ਸੀ। ਸਾਧ ਸੰਤ ਵੀ ਉਨ੍ਹਾਂ ਦੀ ਮਾਰ ਹੇਠ ਆਉਣ ਤੋਂ ਬਚ ਨਾ ਸਕੇ। ਬਾਬਾ ਬੀਰ ਸਿੰਘ ਜੀ ਨੂੰ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਿਆਂ ਕਤਲ ਕਰਨਾ ਅਤੇ ਡੇਰੇ ਨੂੰ ਨਸ਼ਟ ਕਰਨ ਦੀ ਘਟਨਾ ਇਸ ਦੀ ਗਵਾਹੀ ਭਰਦੀ ਹੈ। ਭਾਵੇਂ ਇਸ ਕੌਮੀ ਦੁਖਾਂਤ ਦਾ ਕਾਰਣ ਕੋਈ ਵੀ ਹੋਵੇ, ਪਰ ਮੁੱਖ ਕਾਰਨ ਗੁਰੂ ਸਾਹਿਬਾਨ ਦੇ ਦੱਸੇ ਆਦਰਸ਼ਾਂ ਤੋਂ ਬੇਮੁੱਖ ਹੋਣਾ ਹੀ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੀ ਸੰਨ 1834 ਈ. ਵਿੱਚ ਲੁਧਿਆਣਾ ਈਸਾਈ ਮਿਸ਼ਨਰੀਆਂ ਦਾ ਕੇਂਦਰ ਬਣ ਚੁੱਕਾ ਸੀ ਅਤੇ ਅਗਲੇ ਸਾਲ ਹੀ ਇਥੇ ਸਕੂਲ ਤੇ ਚਰਚ ਬਣਾ ਕੇ ਪ੍ਰਚਾਰ ਕਾਰਜ ਸ਼ੁਰੂ ਹੋ ਚੁੱਕਾ ਸੀ। ਸੰਨ 1849 ਈ. ਵਿੱਚ ਪੰਜਾਬ ਉੱਤੇ ਅੰਗਰੇਜ਼ ਰਾਜ ਕਾਇਮ ਹੋਣ ਉਪਰੰਤ ਇਨ੍ਹਾਂ ਈਸਾਈ ਮਿਸ਼ਨਰੀਆਂ ਨੂੰ ਸਰਕਾਰੀ ਸਹਾਇਤਾ ਅਤੇ ਸਮਰਥਨ ਮਿਲ ਜਾਣ ਕਰਕੇ ਇਹ ਪ੍ਰਚਾਰ ਸਾਰੇ ਪੰਜਾਬ ਅੰਦਰ ਵੱਡੇ ਪੱਧਰ ਤੇ ਹੋਣ ਲੱਗ ਪਿਆ ਸੀ। ਗਵਰਨਰ ਜਨਰਲ ਲਾਰਡ ਡਲਹੌਜੀ ਨੇ 1850 ਈ. ਵਿੱਚ ਇਹ ਕਨੂੰਨ ਬਣਾ ਦਿੱਤਾ ਸੀ ਕਿ ਆਪਣਾ ਧਰਮ ਛਡਣ ਉਪਰੰਤ ਵੀ ਵਿਅਕਤੀ ਨੂੰ ਆਪਣੀ ਪਿਤਾ-ਪੁਰਖੀ ਜਾਇਦਾਦ ਦਾ ਹੱਕ ਪ੍ਰਾਪਤ ਰਹੇਗਾ। ਇਸ ਕਰਕੇ ਹੀ ਪੰਜਾਬ ਵਿੱਚ ਲੋਕ ਧੜਾ-ਧੜ ਇਨ੍ਹਾਂ ਦੇ ਪ੍ਰਚਾਰ ਦੇ ਅਸਰ ਹੇਠ ਆਉਣ ਲੱਗ ਪਏ

ਸਨ। ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾਇਆ ਜਾ ਚੁੱਕਿਆ ਸੀ ਅਤੇ ਹੋਰ ਸਿੱਖ ਸਰਦਾਰ ਤੇ ਮੁਸਾਹਿਬ ਵੀ ਇਨ੍ਹਾਂ ਦੇ ਝੋਲੀ ਚੁੱਕ ਤੇ ਖੈਰ-ਖ੍ਵਾਹ ਬਣਦੇ ਜਾ ਰਹੇ ਸਨ। ਮੇਜਰ ਲੀਚ ਜੋ ਕਿ ਅੰਬਾਲਾ ਏਜੰਸੀ ਦਾ ਸੁਪਰਵਾਈਜ਼ਰ ਸੀ ਲਿਖਦਾ ਹੈ ਕਿ **ਸਿੱਖ ਧਰਮ ਜਿਸਨੇ ਚਿਰਾਂ ਤੋਂ ਆਪਣੀ ਸ਼ਾਨ ਬਣਾਈ ਹੋਈ ਸੀ, ਹੁਣ ਪੂਰਨ ਰੂਪ ਵਿੱਚ ਢਹਿੰਦੀ ਕਲਾ ਵਲ ਜਾ ਰਿਹਾ ਹੈ।**

ਉਨ੍ਹੀਵੀਂ ਸਦੀ ਦੇ ਅੱਧ ਵਿੱਚ ਈਸਾਈ ਮੱਤ ਦਾ ਅਸਰ ਸਿੱਖਾਂ ਤੇ ਪੈਣ ਕਰਕੇ ਪੰਜਾਬ ਵਾਸੀ ਵੀ ਅੰਗਰੇਜ਼ ਦੀ ਗੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜੇ ਜਾ ਚੁੱਕੇ ਸਨ। ਉਹ ਅੰਗਰੇਜ਼ਾਂ ਦੀ ਪਰਾਧੀਨਤਾ ਤੋਂ ਬਹੁਤ ਤਿਲਮਿਲਾ ਰਹੇ ਸਨ। ਚੂੰਕਿ 22 ਦਸੰਬਰ 1846 ਨੂੰ ਭੈਰੋਵਾਲ ਦੇ ਅਹਿਦਨਾਮੇ ਅਨੁਸਾਰ ਮਹਾਰਾਜਾ ਦਲੀਪ ਸਿੰਘ ਦੀ ਨਾਬਾਲਗੀ ਦੇ ਸਮੇਂ ਤਕ ਅੰਗਰੇਜ਼ ਅਮਲੀ ਤੌਰ ਤੇ ਪੰਜਾਬ ਦੇ ਅਸਲ ਮਾਲਕ ਬਣ ਬੈਠੇ ਸਨ। ਪਰ ਰਾਜ ਪ੍ਰਬੰਧ ਲਈ ਉਨ੍ਹਾਂ 'ਰੀਜੈਨਸੀ ਕੌਂਸਲ' ਨੀਯਤ ਕਰਕੇ ਅਤੇ ਇਨ੍ਹਾਂ ਕੋਲੋਂ 5 ਸ਼ਰਤਾਂ ਤੇ ਦਸਤਖਤ ਕਰਾਕੇ ਅੰਗਰੇਜ਼ਾਂ ਨੇ ਸੰਨ 1849 ਨੂੰ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਲਾਹ ਕੇ ਪੰਜਾਬ ਉੱਤੇ ਕਾਨੂੰਨੀ ਤੌਰ ਤੇ ਕਬਜ਼ਾ ਕਰ ਲਿਆ। ਇਸ ਨਾਲ ਹਿੰਦੁਸਤਾਨ ਵਿਚ ਅੰਗਰੇਜ਼ੀ ਰਾਜ ਦੀਆਂ ਹੱਦਾਂ ਹਿੰਦ ਸਾਗਰ ਤੋਂ ਲੈ ਕੇ ਸਿੰਧ ਦਰਿਆ ਤੋਂ ਪਾਰ ਖੈਬਰ ਤਕ ਪਹੁੰਚ ਗਈਆਂ। ਇਸ ਤੋਂ 7-8 ਸਾਲ ਬਾਅਦ ਸੰਨ 1857 ਈ: ਵਿੱਚ ਨਾਮਧਾਰੀ ਲਹਿਰ ਦੀ ਬੁਨਿਆਦ ਰਖੀ ਗਈ। ਇਸ ਲਹਿਰ ਦਾ ਸਿੱਧਾ ਅਸਰ ਸਿੱਖੀ ਧਰਮ ਰਹੁਰੀਤਾਂ, ਸਿੱਖੀ ਜੀਵਨ ਅਤੇ ਪੰਜਾਬ ਦੀ ਸਿਆਸਤ ਤੇ ਪਿਆ।

# ਸੁਤੰਤਰਤਾ ਸੰਗ੍ਰਾਮ ਦੇ ਨਾਇਕ

## ਸ੍ਰੀ ਸਤਿਗੁਰੂ ਰਾਮ ਸਿੰਘ ਜੀ :

ਜਿਵੇਂ ਬਸੰਤ ਦੀ ਆਮਦ ਨਾਲ ਨਰ-ਨਾਰ, ਬਨਸਪਤ, ਧਰਤ ਅਤੇ ਆਕਾਸ਼ ਮੌਲਦੇ ਹਨ ਤਿਵੇਂ ਮਨੁੱਖ ਜਾਤੀ ਨੂੰ ਹਰ ਪ੍ਰਕਾਰ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਅਤੇ ਪੰਜਾਬੀਆਂ ਦੇ ਨਿਰਾਸਤਾ ਭਰੇ ਜੀਵਨ ਅੰਦਰ ਖੇੜਾ ਲਿਆਉਣ ਲਈ ਇਸ ਹਿੰਦ ਦੀ ਧਰਤੀ 'ਤੇ ਇੱਕ ਮਰਦੇ-ਕਾਮਲ ਦਾ ਆਗਮਨ ਹੋਇਆ। ਕਵੀ ਚੇਤਨ ਇਸ ਸਮੇਂ ਨੂੰ ਇੰਝ ਚਿਤਰਦਾ ਹੈ :-

ਗੁਰੂ ਦਸਮੇਸ਼ ਜੀ ਦੇ ਪਿਛੋਂ ਜਦੋਂ ਖਾਲਸੇ ਨੇ,<br>
ਛੱਡ ਦਿਤਾ ਰਾਹ ਤੇ ਕੁਰਾਹ ਆਨ ਮਲਿਆ।<br>
ਬੁਰਛਿਆਂ ਨੇ ਲੁਟਮਾਰ ਦੇਸ਼ ਵਿਚ ਖੂਬ ਕੀਤੀ,<br>
ਨਿਰਬਲਾਂ ਨਿਦੋਸਿਆਂ ਗਰੀਬਾਂ ਨੂੰ ਦੱਬਲਿਆ।<br>
ਅੱਤ ਦਾ ਤੇ ਰਬ ਦਾ ਹੈ ਵੈਰ ਮਸ਼ਹੂਰ ਧੁਰੋਂ,<br>
ਵਾਹਿਗੁਰੂ ਨੇ ਏਨਾ ਦਾ ਵੀ ਤਖਤਾ ਉੱਥਲਿਆ।<br>
ਫੇਰ 'ਕਲਿਜੁਗ' ਵਿਚ 'ਸਤਿਜੁਗ' ਲਾਣ ਲਈ,<br>
ਉਸੇ ਜੋਤਿ ਨਿਜ ਰੂਪ ਰਾਮ ਸਿੰਘ ਘਲਿਆ।

ਪੰਜਾਬ ਦੇ ਇਕ ਛੋਟੇ ਜਿਹੇ ਪਿੰਡ ਭੈਣੀ ਰਾਈਆਂ ਜ਼ਿ: ਲੁਧਿਆਣਾ ਵਿਖੇ ਬਸੰਤ ਪੰਚਮੀ ਸੰਮਤ 1872 ਬਿਕਰਮੀ (3 ਫਰਵਰੀ 1816 ਈ:) ਦੇ ਦਿਨ ਨੂੰ ਜੰਗੇ ਆਜ਼ਾਦੀ ਦੇ ਮੋਢੀ, ਅਹਿੰਸਾ ਅਤੇ ਨਾ-ਮਿਲਵਰਤਨ ਲਹਿਰ ਦੇ ਬਾਨੀ, ਨਾਮ ਬਾਣੀ ਦਾ ਪ੍ਰਵਾਹ ਚਲਾਣ ਵਾਲੇ, ਸਮਾਜਕ ਕੁਰੀਤੀਆਂ ਨੂੰ ਦੂਰ ਕਰਨ ਵਾਲੇ ਅਤੇ ਵਿਲਖਣ ਸ਼ਕਤੀਆਂ ਦੇ ਮਾਲਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਾਦੁਰਭਾਵ ਕਿਰਤੀ ਤੇ ਧਰਮੀ ਪੁਰਸ਼ ਸ੍ਰ: ਜੱਸਾ ਸਿੰਘ ਤਰਖਾਣ ਤੇ ਮਾਤਾ ਸਦਾ ਕੌਰ ਜੀ ਦੇ ਘਰ ਹੋਇਆ :

ਸੋਈ ਨੇਤਿ ਫੁਰੀ ਆਇ ਸੰਮਤ ਬਹੱਤ੍ਰੇ ਮੈ, ਮਾਘ ਸੁਦੀ ਪੰਚਮੀ ਸਵੇਰੇ ਗੁਰਵਾਰ ਕੈ ।<br>
ਜ਼ਿਲੇ ਲੁਦਿਹਾਣੇ ਗਾਮ ਭੈਣੀ ਨਾਮ ਜਾਣੇ ਆਮ, ਅਵਤਰੇ ਸਿੰਘ ਰਾਮ ਕਲਮਲੈ ਟਾਰ ਕੈ।<br>
ਜਾਤਿ ਤਰਖਾਣ ਜੱਸੇ ਨਾਮ ਕੇ ਅਵੱਸੇ ਘਰਿ, ਸੱਦਾ ਮਾਤ ਸੈਂ ਪ੍ਰਕਾਸੇ ਨਾਮ ਪਰਚਾਰ ਕੈ।<br>
ਬਾਲਕ ਹੀ ਪਨ ਸੈਂ ਥੇ ਈਸਵਰ ਕੋ ਮਨ ਸੈਂ ਥੇ, ਧਿਆਵਤੇ ਬ਼ਗਨ ਸੈਂ ਥੇ ਜਨੋ ਕੋ ਸੁਧਾਰ ਕੈ।

-ਪੰਥ ਪ੍ਰਕਾਸ਼ 1889 ਈ:

ਇਸ ਸਮੇਂ ਨੂੰ ਵਿਦਿਆ ਭੂਸ਼ਨ ਭਾ: ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ :-

**ਤਰੁਵਰ ਨਰ ਜਗ ਸ਼ਿਸ਼ਰ ਅਵਿਦਯਾ ਕਰ, ਖੋਇ ਬੈਠੇ ਰਸ ਪਤ ਸੰਪਤਿ ਸਮਾਜ ਹੈ।**
**ਸ਼ੋਭ ਕੋ ਨ ਲੇਸ਼ ਵੇਸ਼ ਨਗਨ ਔ ਰੂਖੇ ਅਤਿ,ਕੇਕੀ ਕੋਕਿਲਾਨ ਕੀ ਨ ਹੋਵਤ ਆਵਾਜ਼ ਹੈ।**
**ਪਥਕਿਨ ਤੇ ਰਹਿਤ ਜੋ ਸਦਾ ਪਰਿਵਾਰਿਤ ਥੇ, ਆਵਤ ਨ ਕੋਊ ਤਿਨ ਪਾਸ ਚਲ ਆਜ ਹੈ।**
**ਕਰਨ ਪ੍ਰਫੂਲ ਤਿਨੈ ਨਾਮ ਜਲ ਸੇਚਨ ਕੈ, ਆਯੋ ਬਾਬਾ ਰਾਮ ਸਿੰਘ ਹੋਇ ਰਿਤੁਰਾਜ ਹੈ।**

ਇਸ ਤਰ੍ਹਾਂ ਆਪ ਬਚਪਨ ਤੋਂ ਹੀ ਗੁਰਮੁਖੀ ਅਖਰ ਪੜ੍ਹ ਕੇ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਅਤੇ ਦਸਮ ਸ੍ਰੀ ਗ੍ਰੰਥ ਸਾਹਿਬ ਵਿਚਲੀ ਗੁਰਬਾਣੀ ਜ਼ਬਾਨੀ ਯਾਦ ਕਰਕੇ ਉਚੀ ਸੁਰ ਵਿਚ ਗਾ ਕੇ ਪੜ੍ਹਿਆ ਕਰਦੇ ਸਨ। ਬਾਹਰ ਖੇਤਾਂ ਵਿਚ ਮਾਲ ਡੰਗਰ ਚਾਰਦਿਆਂ ਵੀ ਰੰਬੀ ਤੇ ਦਾਤੀ ਮਾਰ ਕੇ ਹੋਰ ਪਿੰਡ ਦੇ ਹਮ ਉਮਰ ਸਾਥੀਆਂ ਨੂੰ ਨਾਲ ਲੈ ਉੱਚੀ ਲੈਅ ਅਤੇ ਸੁਰਤਾਲ ਵਿੱਚ ਸ਼ਬਦ ਪੜ੍ਹਦੇ ਸਨ। ਐਮ.ਐਮ. ਆਹਲੂਵਾਲੀਆ ਦੇ ਸ਼ਬਦਾਂ ਅਨੁਸਾਰ :-

**ਪਿੰਡ ਦੇ ਪਵਿੱਤਰ ਵਾਤਾਵਰਣ ਵਿੱਚ ਅਤੇ ਮਾਂ-ਪਿਆਰ ਦੀ ਨਿੱਘੀ ਪਿਆਰੀ ਗੋਦ ਵਿੱਚ ਹੀ ਆਪਦਾ ਚਰਿੱਤਰ ਢਾਲਿਆ ਗਿਆ, ਜਿਸ ਵਿੱਚ ਮਨੋਭਾਵਾਂ ਦੀ ਪਵਿਤਰਤਾ, ਕਰਮ ਦੀ ਉਤਕ੍ਰਿਸ਼ਟਤਾ ਅਤੇ ਅਗਵਾਈ ਦੀ ਨਿਰਭੈਤਾ, ਖਾਸ ਗੁਣ ਸਨ ।** - ਕੂਕਾਜ਼

## ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਪ੍ਰਚਾਰ

ਭਾਰਤੀ ਸਭਿਅਤਾ ਅਨੁਸਾਰ ਇਥੋਂ ਦੇ ਵਸਨੀਕਾਂ ਵਿੱਚ ਰੱਬ ਦਾ ਭੈਅ, ਭਜਨ ਬੰਦਗੀ ਕਰਨ ਵਾਲੇ ਮਹਾਂਪੁਰਸ਼ਾਂ ਦਾ ਸਤਿਕਾਰ ਬਹੁਤ ਜ਼ਿਆਦਾ ਹੁੰਦਾ ਸੀ। ਸੇਵਾ, ਪੁੰਨ ਦਾਨ ਕਰਨ ਦੀ ਇੱਛਾ ਕਾਫੀ ਪ੍ਰਬਲ ਹੋਣ ਕਰਕੇ ਦੁਨਿਆਵੀ ਬਾਦਸ਼ਾਹਾਂ ਨਾਲੋਂ ਰੂਹਾਨੀ ਪਾਤਸ਼ਾਹਾਂ ਦਾ ਅਦਬ ਸਤਿਕਾਰ ਹੁੰਦਾ ਸੀ। ਸ੍ਰ: ਨਾਹਰ ਸਿੰਘ ਐਮ.ਏ. ਦੇ ਸ਼ਬਦਾਂ ਅਨੁਸਾਰ :- **ਭਗਤੀ, ਸੇਵਾ ਅਥਵਾ ਬੰਦਗੀ ਅਤੇ ਖਿਦਮਤ ਕਰਦਿਆਂ ਮੱਥੇ ਤੇ ਨੂਰ, ਅੱਖਾਂ ਵਿੱਚ ਸਰੂਰ, ਦਿਲ ਵਿਚ ਹਰ ਜੀਵ ਮਾਤ੍ਰ ਲਈ ਰਹਿਮ ਅਤੇ ਪਿਆਰ, ਜਰਵਾਣੇ ਜ਼ਾਲਮਾਂ ਲਈ ਘਿਰਣਾ ਤੇ ਸੋਧਨ ਦੀ ਭਾਵਨਾ ਅਤੇ ਪੀੜਤ ਦੁਖੀਆਂ ਲਈ ਹਮਦਰਦੀ, ਸਰੀਰ ਵਿੱਚ ਉਦਮ ਤੇ ਕਸ਼ਿਸ਼ ਯਾਂ ਖਿੱਚ ਪੈਦਾ ਹੋ ਜਾਂਦੇ ਹਨ। ਜ਼ਾਤ, ਮਜ਼੍ਹਬ, ਧਰਮ-ਕਰਮ ਦੇ ਬੰਧਨਾਂ ਤੋਂ ਉਚੇਰੇ ਮੰਡਲਾਂ ਵਿਚ ਵਾਸਾ ਹੋ ਜਾਇਆ ਕਰਦਾ ਹੈ। ਇਸ ਦਰਜੇ ਤੇ ਪਹੁੰਚੇ ਹੋਏ ਮਹਾਂਪੁਰਸ਼ ਰੂਹਾਨੀ ਸ਼ਾਂਤੀ ਦੀ ਖੋਜ ਕਰਨ ਵਾਲੇ ਜਗਿਆਸੂਆਂ, ਮਨ ਦੀਆਂ ਭਾਵਨਾਵਾਂ, ਧਨ-ਦੌਲਤ, ਦੁਨਿਆਵੀ ਇਜ਼ਤ ਹਾਸਲ ਕਰਨ ਵਾਲੇ ਅਭਿਲਾਸ਼ੀਆਂ, ਦਰਸ਼ਨ ਦੀਦਾਰ ਕਰਕੇ ਤਪਤ ਹਿਰਦੇ ਠੰਡੇ ਕਰਨ ਵਾਲੇ ਖੋਜੀ ਵੈਰਾਗੀ ਪੁਰਸ਼ਾਂ ਦੀ ਆਵਾਜਾਈ ਸ਼ੁਰੂ ਹੋ ਜਾਇਆ ਕਰਦੀ**

ਹੈ। ਪਰੰਪਰਾ ਤੋਂ ਚਲੀ ਆਈ ਇਹ ਰੀਤ ਭਾਰਤੀ ਜਨਤਾ ਦੇ ਜੀਵਨ ਦਾ ਧੁਰਾ ਅਤੇ ਧਰੁਵਾ ਹੈ। ਐਸੇ ਮਹਾਂਪੁਰਸ਼ਾਂ ਦੇ ਇਰਦ-ਗਿਰਦ ਹਰ ਪ੍ਰਕਾਰ ਦੇ ਆਦਮੀ ਆ ਇਕੱਠੇ ਹੋ ਜਾਇਆ ਕਰਦੇ ਹਨ।

## ਸਤਿਗੁਰੂ ਬਾਲਕ ਸਿੰਘ ਜੀ ਤੋਂ ਗੁਰਤਾ ਪ੍ਰਾਪਤ ਹੋਣੀ :

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਚਪਨ ਤੋਂ ਹੀ, ਈਸ਼ਵਰ ਸਿਮਰਨ, ਭਜਨ ਬੰਦਗੀ ਕਰਨ ਵਿਚ ਬਹੁਤਾ ਸਮਾਂ ਬਤੀਤ ਕਰਿਆ ਕਰਦੇ ਸਨ। ਇਸੇ ਤਰ੍ਹਾਂ ਜਦ ਆਪ 22 ਸਾਲ ਦੀ ਆਯੂ ਵਿਚ ਫੌਜ ਵਿਚ ਭਰਤੀ ਹੋਏ ਤਾਂ ਉਥੇ ਭੀ, ਆਪ ਨੇ ਬਹੁਤਾ ਸਮਾਂ ਭਜਨ ਬੰਦਗੀ ਵਿਚ ਹੀ ਬਤੀਤ ਕਰਿਆ ਕਰਨਾ। ਆਪਣੀ ਬਿਰਤੀ ਅਤੇ ਰੁਚੀਆਂ ਭਜਨ, ਬੰਦਗੀ, ਸੇਵਾ ਅਤੇ ਨੇਕ ਕੰਮਾਂ ਵਲ ਲਾ ਲਈਆਂ। ਨਾਮ ਜਪਣਾ ਤੇ ਗੁਰਬਾਣੀ ਦਾ ਕੀਰਤਨ ਕਰਨਾ। ਇਸ ਤਰ੍ਹਾਂ ਨੇਕ ਜੀਵਨ ਅਤੇ ਨਾਮ ਜਪਣ ਵਾਲੇ ਮਾਝੇ, ਦੁਆਬੇ, ਮਾਲਵੇ ਅਤੇ ਗੁਜਰਾਂਵਾਲੇ ਦੇ ਇਲਾਕਿਆਂ ਦੇ ਫੌਜੀ, ਜਿਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਪਿੱਛੋਂ ਜਾ ਕੇ ਨਾਮਧਾਰੀ ਅਸੂਲ ਗ੍ਰਹਿਣ ਕਰ ਲਏ ਸਨ, ਇਸ ਸਮੇਂ ਆਪ ਜੀ ਦੇ ਮਿੱਤਰ ਬਣ ਗਏ। ਇਸ ਤਰ੍ਹਾਂ ਦੀ ਧਾਰਮਿਕ ਬਿਰਤੀ ਵਾਲੇ ਸੱਜਣ ਪੁਰਸ਼ ਜਾਣ ਕੇ ਹੀ ਆਪ ਦੇ ਸੰਗੀ ਸਾਥੀ ਭਾਈ ਰਾਮ ਸਿੰਘ ਤੇ ਫਿਰ ਬਾਬਾ ਰਾਮ ਸਿੰਘ ਦੇ ਨਾਮ ਨਾਲ ਬੁਲਾਵਣ ਲਗ ਪਏ। ਗੁਰਸਿੱਖੀ ਵਿਚ ਭਾਈ ਜਾਂ ਬਾਬਾ ਦੀ ਪਦਵੀ ਬਹੁਤ ਉੱਚ ਆਤਮ ਅਵਸਥਾ ਪ੍ਰਾਪਤ ਕਰਨ ਵਾਲੇ ਜਾਂ ਸੇਵਾ ਦੀ ਕਰੜੀ ਤਪਸਿਆ ਦੀ ਘਾਲਾਂ ਘਾਲ ਕੇ ਸ਼ਰਧਾ ਤੇ ਪ੍ਰੇਮਾ ਭਗਤੀ ਦੀ ਸਿਖਰ ਤੇ ਪਹੁੰਚੇ ਹੋਏ ਪੁਰਸ਼ਾਂ ਨੂੰ ਹੀ ਮਿਲਿਆ ਕਰਦੀ ਸੀ। ਭਾਈ ਗੁਰਦਾਸ, ਭਾਈ ਬਹਿਲੋ, ਭਾਈ ਰੂਪਾ, ਬਾਬਾ ਬੁੱਢਾ ਜੀ ਆਦਿ ਇਸੇ ਸ਼੍ਰੇਣੀ ਦੀਆਂ ਉੱਚ ਵਿਅਕਤੀਆਂ ਸਨ। ਇਸੇ ਕਰਕੇ ਇਨ੍ਹਾਂ ਦੀ ਫੌਜ ਦੀ ਟੁਕੜੀ ਨੂੰ ਉਸ ਵੇਲੇ 'ਭਗਤਾਂ ਵਾਲੀ ਪਲਟਨ' ਕਰਕੇ ਸਦਿਆ ਜਾਂਦਾ ਸੀ।

ਅਸੂ ਦੀ ਸੰਗਰਾਂਦ ਸੰਮਤ 1898 ਬਿ: (ਸਤੰਬਰ ਸੰਨ 1841ਈ:) ਨੂੰ ਆਪ ਜੀ ਵਾਲੀ ਫੌਜ ਸਰਕਾਰੀ ਡਿਊਟੀ ਤੇ ਪੇਸ਼ਾਵਰ ਵਲ ਗਈ। ਜਦੋਂ ਆਪ ਹਜਰੋਂ ਗਏ ਤਾਂ ਉਥੇ ਗੁਰੂ ਬਾਲਕ ਸਿੰਘ ਜੀ ਦਾ ਜੱਸ ਸੁਣਕੇ, ਉਨ੍ਹਾਂ ਦੇ ਦਰਸ਼ਨ ਕਰਨ ਗਏ। ਅਗੇ ਗੁਰੂ ਬਾਲਕ ਸਿੰਘ ਜੀ 'ਠਾਕੁਰ ਤੁਮ ਸਰਣਾਈ ਆਇਆ' ਵਾਲੇ ਸ਼ਬਦ ਦੀ ਵਿਆਖਿਆ ਕਰ ਰਹੇ ਸਨ।

## ਸ੍ਰੀ ਸਤਿਗੁਰੂ ਬਾਲਕ ਸਿੰਘ ਜੀ :

ਸਤਿਗੁਰੂ ਬਾਲਕ ਸਿੰਘ ਜੀ ਦਾ ਜਨਮ ਪਿੰਡ ਸਰਵਾਲਾ ਜ਼ਿਲ੍ਹਾ ਅਟਕ ਸੰਨ 1785 ਈ: ਮੁਤਾਬਿਕ ਫੱਗਣ ਸੁਦੀ 15 ਸੰਮਤ 1841 ਵਿਕਰਮੀ ਵਿੱਚ ਹੋਇਆ।

ਜਵਾਨ ਅਵਸਥਾ ਸਮੇਂ ਆਪ ਹਜ਼ਰੋਂ ਆ ਗਏ। ਆਪ ਜੀ ਨੇ ਸਿੱਖ ਧਰਮ ਦੀ ਚੜ੍ਹਦੀ ਕਲਾ ਤੇ ਉਸ ਤੋਂ ਪਿਛੋਂ ਦੇ ਪਤਨ ਇਹ ਸਭ ਦ੍ਰਿਸ਼ ਦੇਖੇ ਨਾ ਗਏ। ਆਪ ਜੀ ਨੇ ਹਜ਼ਰੋ ਸ਼ਹਿਰ ਵਿਖੇ ਜੋ ਕਿ ਉਸ ਵੇਲੇ ਤੰਬਾਕੂ ਦੀ ਮੰਡੀ ਹੋਣ ਕਰਕੇ ਸਾਰੇ ਭਾਰਤ ਵਿਚ ਬਹੁਤ ਮਸ਼ਹੂਰ ਸੀ। ਇਸ ਬੰਜਰ ਹੋਈ ਧਰਤੀ ਤੇ ਗੁਰੂ ਨਾਨਕ ਦੇ ਨਾਮ ਦਾ ਬੀਜ ਬੋਣਾ ਸ਼ੁਰੂ ਕਰ ਦਿੱਤਾ। ਸਿੱਖ ਰਾਜ ਜਾਣ ਉਪ੍ਰੰਤ ਗੁਰੂ ਨਾਨਕ ਨਾਮ ਲੇਵਾ ਸਰਬ ਸਿੱਖਾਂ ਅੰਦਰ ਸਿੱਖ ਮਰਿਆਦਾ ਦਾ ਐਸਾ ਪ੍ਰਚਾਰ ਕੀਤਾ ਬਲਕਿ ਉਸ ਧਰਤੀ ਤੇ ਚੰਦਨ ਦਾ ਉਹ ਬੂਟਾ ਲਾਇਆ ਜਿਸ ਨੇ ਆਪਣੀ ਖੁਸ਼ਬੋ ਨਾਲ ਆਪਣੇ ਆਲੇ ਦੁਆਲੇ ਦੇ ਬੂਟਿਆਂ ਨੂੰ ਵੀ ਚੰਦਨ ਬਣਾ ਦਿੱਤਾ। ਸਭ ਪਾਸੇ ਗੁਰੂ ਨਾਨਕ ਦੇ ਉਸ ਚਉਅਖਰੇ ਨਾਮ ਦਾ ਜਾਪ ਹੋਣ ਕਰਕੇ ਸਭ ਸਿੱਖਾਂ ਅੰਦਰ ਐਸੀ ਭਾਵਨਾ ਵੇਖ ਕੇ ਜਦੋਂ ਸਤਿਗੁਰੂ ਰਾਮ ਸਿੰਘ ਜੀ ਦੀ ਪਲਟਣ ਉਥੋਂ ਅੱਗੇ ਲੰਘ ਰਹੀ ਸੀ ਤਾਂ ਆਪ ਜੀ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਲਈ ਹਜ਼ਰੋਂ ਦੇ ਉਸ ਅਸਥਾਨ ਤੇ ਜਾ ਪੁੱਜੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਵੇਖ ਕੇ ਸਤਿਗੁਰੂ ਬਾਲਕ ਸਿੰਘ ਜੀ ਉੱਠ ਖਲੋਤੇ ਅਤੇ ਆਖਣ ਲਗੇ ਕਿ **''ਆਓ ਠਾਕੁਰੋ ! ਅਸੀਂ ਤੁਹਾਡੀ ਹੀ ਉਡੀਕ ਕਰ ਰਹੇ ਸਾਂ।''** ਇਨ੍ਹਾ ਆਖ ਆਪ ਜੀ ਨੇ ਸ਼ਤਿਗੁਰੂ ਰਾਮ ਸਿੰਘ ਨੂੰ ਗੁਰਗਦੀ ਤੇ ਸੁਭਾਇਮਾਨ ਕੀਤਾ। ਗਿ: ਗਿਆਨ ਸਿੰਘ ਜੀ ਇਸ ਸਮੇਂ ਨੂੰ ਇੰਝ ਵਰਨਣ ਕਰਦੇ ਹਨ :

**ਬਾਲਕ ਮ੍ਰਿਗੇਸ ਕਾ ਬਿਸੇਸ ਜਸ ਸੁਨ ਸੋਊ,**
**ਕੋਕਿਲ, ਬਤਕ ਸੁਤ ਸਮ ਹੁਲਸਾਇ ਕੈ ।**
**ਪੁਰਾ ਪੁੰਨਯ ਪੁੰਜ ਜਾਗਯੋ ਰੰਗਨ ਮੈ ਖੂਬ ਰਾਂਗਯੋ,**
**ਬਡਭਾਗੀ ਪ੍ਰੇਮ ਪਾਗਯੋ ਗਹੇ ਪਗ ਜਾਇ ਕੈ।**
**ਪੇਖ ਅਧਿਕਾਰੀ ਈਸ਼-ਅੰਸ਼ ਅਵਤਾਰੀ,**
**ਤਬਿ ਬਾਲਕਿ ਮ੍ਰਿਗਾਰੀ ਦੀਓ ਨਾਮ ਮੁਦ ਥਾਇ ਕੈ।**
**ਸਾਰ ਚਾਰ ਬੇਦਨ ਕੋ ਭ੍ਰਮ ਭੇਦ ਛੇਦਨ ਕੋ,**
**ਦਾਇ ਨਿਰਵੇਦਨ ਕੋ ਦੋਖ ਦੁਖ ਘਾਇ ਕੈ । 212** -ਪੰਥ ਪ੍ਰਕਾਸ਼ 1889 ਈ

ਸਤਿਗੁਰੂ ਬਾਲਕ ਸਿੰਘ ਜੀ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਇਕ ਅਰਦਾਸ ਸ ਸਤਿਗੁਰੂ ਰਾਮ ਸਿੰਘ ਜੀ ਵੱਲ ਲਿਖ ਭੇਜੀ : **''ਅਸੀਂ ਤਾਂ ਚੜ੍ਹਾਈ ਕੀ ਤਿਆਰ ਕੀਤੀ ਹੈ। ਤੁਸੀਂ ਸੰਗਤ ਕੋ ਸਾਂਭੋ। ਤੁਸੀਂ ਠਾਕੁਰੋ ! ਬਾਢੀ ਜਾਤ ਹੋ, ਐਸੀ ਚੂਨੇ ਇੱ ਲਾਉਣੀ ਜਿਹੜੀ ਫੇਰ ਨਾ ਉਖੜੇ।''**

ਮੁਦਕੀ ਦੀ ਲੜਾਈ ਤੋਂ ਪਹਿਲਾਂ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਆਕੇ ਕਿਰ:

ਵਿਰਤ ਕਰ ਧਰਮ ਦੀ ਅਨੁਸਾਰ ਕਾਰੰ ਵਿਹਾਰ ਕਰਦੇ ਹੋਏ ਬੰਦਗੀ ਵਿਚ ਮਨ ਨੂੰ ਜੋੜ ਲਿਆ। ਨਾਮ-ਬਾਣੀ ਵਿਚ ਆਪਣੇ ਆਪ ਨੂੰ ਖੂਬ ਰੰਗ ਲਿਆ ਤਾਂ

**ਰੋਧ ਕਰ ਇੰਦ੍ਰੀ ਨਿਰੋਧ ਮਨ ਕੋ ਪ੍ਰਬੋਧ, ਸੋਧ ਸੁਧ ਠੌਰ ਨਦੀ ਸਰ ਤਟ ਬਹਿ ਹੈ।**
**ਜੀਹ ਨਾਮ ਜਪ ਮਾਹਿ ਤਨ ਤਾਯੋ ਤਪ ਮਾਹਿ, ਮਨ ਮਹਬੂਬ ਮਾਹਿ ਖੂਬ ਰਾਖਯੋ ਗਹਿ ਹੈ।**

ਭਾਈ ਹਰਮੀਤ ਸਿੰਘ ਜੀ ਦੇ ਅੱਖੀਂ ਵੇਖੇ ਇਸ ਹਾਲ ਨੂੰ ਸੰਤ ਧਿਆਨ ਸਿੰਘ ਜੀ ਕਾਦਰਾਬਾਦੀ ਇੰਞ ਲਿਖਦੇ ਹਨ :-

**''ਗੁਰੂ ਰਾਮ ਸਿੰਘ ਮੂਰਤਿ ਰਾਮ। ਦੀਨੀ ਸਿਖਯਾ ਆਦਿ ਭੀਰਾਮ।**
**ਗੋਬਿੰਦ ਸਿੰਘ ਗੁਰ ਰੀਤ ਸੰਭਾਲੋ। ਲੋਕ ਦੁਹਨ ਕੇ ਜੋ ਰਖਵਾਲੋ।**
**ਪਾਂਚ ਕਕਾ ਵਾ ਨਾਮ ਸਨਾਨ। ਦਾਨ ਕਿਯਾ ਸਤਿਗੁਰ ਸੁਖ ਦਾਨ।**
**ਮਾਸ ਸ਼ਰਾਬ ਵਿਕਰਮ ਦੁਹੇਲਾ। ਤਰਕ ਕਰਹੁ ਤੁਰਕਨਿ ਕਾ ਮੇਲਾ।**
**ਦੇਵ ਰੀਤ ਧਾਰੋ ਸਭ ਭਾਈ। ਦੈਤ ਬੁਧਿ ਆਪੇ ਨਸ ਜਾਈ।**
**ਤੋਟ ਨ ਆਵੈਗੀ ਫਿਰ ਕਾਈ। ਜਪੋ ਨਾਮ ਜੋ ਅੰਤ ਸਹਾਈ।**
**ਨੜੀਮਾਰ ਕਾ ਸੰਗ ਨ ਕਰਹੋ। ਜੂਠ ਝੂਠ ਸੇ ਹਰ ਦਮ ਡਰਿਹੋ।**

- ਸ੍ਰੀ ਸਤਿਗੁਰੂ ਬਿਲਾਸ ਪੰ:116

ਇਕ ਦਿਨ ਆਕਾਸ਼ ਬਾਣੀ ਹੋਈ ਦੇ ਬਾਰੇ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

**ਬੀਸਕ ਬਰਸ ਜਬਿ ਸਰਸ ਬਿਤਾਏ ਐਸ,**
**ਬੰਦਗੀ ਜ਼ੁਹਦ ਜਾਪ ਕੀਨੋ ਮਨ ਲਾਇ ਕੈ।**
**ਦਾਸੀ ਜੋਊ ਨਾਮ ਕੀ ਪ੍ਰਕਾਸ਼ੀ ਰਿੱਧਿ ਸਿੱਧਿ ਸੋਊ,**
**ਭਾਸੀ ਬਾਣੀ ਮੈ ਤਸੀਰ ਭਜਨ ਪ੍ਰਭਾਇ ਕੈ।**
**ਭਈ ਤੌ ਆਕਾਸ਼ ਬਾਣੀ ਖਾਸ ਯੌਂ ਮਹਾਨੀ ਤਾਂਹਿ,**
**ਦੇਹੁ ਨਾਮ ਜੀਵਨ ਕੋ ਸੀਖ ਭੋਗ ਦਾਇਕੈ।**
**ਪੰਥ ਗੁਰੁ ਦਸਮ ਕੀ ਰਸਮ ਬਢਾਵੋ ਜਗਿ,**
**ਖਸਮ ਕਾ ਖਾਲਸਾ ਹੈ ਖਾਸ ਯੇ ਲਖਾਇ ਕੈ। 215** -ਪੰਥ ਪ੍ਰਕਾਸ਼ 1889 ਈ:

ਆਪ ਜੀ ਨੇ ਸ੍ਰੀ ਭੈਣੀ ਸਾਹਿਬ ਰਹਿ ਕੇ ਦਸਾਂ ਨਵਾਂ ਦੀ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਕੇ ਛਕਣਾ ਦੇ ਅਨੁਸਾਰ ਕਰਿਆਨੇ ਤੇ ਲੋਹੇ ਦੀ ਹੱਟੀ ਪਾ ਲਈ, ਅਕਾਲ ਬੁੰਗੇ ਬੈਠ ਕੇ ਤਪ ਕੀਤਾ, ਸੁੱਤੀ ਅਣਖ ਨੂੰ ਜਗਾਉਣ ਲਈ, ਦੇਸ਼ ਭਗਤੀ ਤੇ ਪ੍ਰਭੂ ਭਗਤੀ ਦੇ ਹਥਿਆਰ ਸੰਭਾਲਦਿਆਂ ਹੋਇਆਂ ਨਾਮਬਾਣੀ ਦਾ ਖੂਬ ਪ੍ਰਚਾਰ ਕੀਤਾ। ਸੰਗਤਾਂ ਦੇ ਲਈ ਸਦਾ ਬਰਤ ਲੰਗਰ ਸ਼ੁਰੂ ਕੀਤਾ। ਆਪ ਜੀ ਨੇ ਕੋਈ ਵੇਹਲੜ ਰਹਿ ਕੇ ਲੰਗਰ ਛਕੇ ਦੇ ਸਖ਼ਤ ਵਿਰੁੱਧ ਰਹੇ ਹਨ। ਆਪ ਜੀ ਹੁਰ ਇਕ ਨੂੰ ਆਪਣੀ ਦੱਸਾਂ

ਨਹੁੰਆਂ ਦੀ ਕਿਰਤ ਕਮਾਈ ਕਰ ਕੇ ਗੁਜ਼ਾਰਾ ਕਰਨ, ਨਾਮ ਜਪਣ ਤੇ ਵੰਡ ਛਕਣ ਨੂੰ ਤਰਜ਼ੀਹ ਦਿੱਤੀ। ਹਰ ਸਿੱਖ ਨੂੰ ਆਪ ਜੀ ਦਾ ਹੁਕਮ ਸੀ ਕਿ "ਪਿਛਲੀ ਰਾਤ ਉਠ ਕਰ ਗੜਵਾ ਲਜਾਇ ਕਰ ਮਦਾਨੇ ਹੋਇ ਔਣਾ, ਦੋ ਵਾਰੀ ਗੜਵਾ ਮਾਂਜਨਾ, ਮਦਾਨ ਬਸਤ੍ਰ ਲਾਹਿ ਕੇ ਜਾਨਾ, ਦਾਤਨ ਕਰਨੀ, ਫੇਰ ਇਸ਼ਨਾਨ ਕਰਨਾ, ਬਾਣੀ ਪੜ੍ਹਨੀ ਜੇ ਕੰਠ ਨਾ ਹੋਵੇ ਤਾਂ ਕੰਠ ਕਰ ਲੈਣੀ। ਸਰਬ ਮਾਈ ਬੀਬੀ ਸਰਬ ਬੁੱਢੇ ਬਾਲੇ ਨੇ, ਜਪੁ ਜਾਪੁ ਦੁਹਾ ਦੇ ਹਜ਼ਾਰੇ ਕੰਠ ਕਰਨੇ। ਰਹਿਰਾਸ ਆਰਤੀ ਸੋਹਲਾ ਏਤਨੀ ਤਾਂ ਜਰੂਰੀ ਕਰਨੀ। ਸੀਲ ਸੰਤੋਖ ਸਭ ਨੇ ਰਖਣਾ, ਭਜਨ ਅਠੇ ਪਹਿਰ ਕਰਨਾ, ਗੁਰੂ ਸੱਚੇ ਦਾ, ਹੋਰ ਪਰਾਈ ਧੀ ਭੈਣ ਆਪਣੀ ਜਾਨਣੀ, ਪਰਾਇਆ ਹੱਕ ਗੁਰੂ ਜੀ ਨੇ ਅੱਗੇ ਹੀ ਲਿਖ ਛਡਿਆ ਹੈ: "ਹੱਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ"। ਜੇ ਕੋਈ ਭਜਨ ਪੁਛ ਕੇ ਨਾ ਕਰੂਗਾ ਉਸ ਦਾ ਮੂਹ ਦੁਹੀ ਜਹਾਨੀ ਕਾਲਾ ਹੋਊਗਾ।" ਇਸ ਬਾਰੇ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ :

**"ਵਿਸ਼ਯ ਅਗਨਿ ਕਰ ਤਪਤ ਰਿਦੇ ਜਿਨਿ ਨਾਮਾਮ੍ਰਿਤ ਦੇ ਠਾਰੇ।**
**ਗੁਰਮਤ ਦੇ ਅਨੁਰਾਗੀ ਕੀਤੇ ਪਾਮਰ ਪਾਪੀ ਭਾਰੇ।**
**ਭੰਗ ਸ਼ਰਾਬ ਅਫੀਮ ਛੁਡਾ ਕੇ ਨਸ਼ਾ ਪ੍ਰੇਮ ਦਾ ਦਿੱਤਾ।**
**ਮੰਗ ਖਾਣ ਨੂੰ ਖੰਡਨ ਕੀਤਾ ਦਸ ਧਰਮ ਦਾ ਕਿੱਤਾ।**
**ਫੁਟ ਈਰਖਾ ਵੈਰ ਭਾਵ ਅਰ ਨਫ਼ਰਤ ਮਨੋ ਹਟਾਈ।**
**ਮੁਦਿਤਾ ਮੈਤ੍ਰੀ ਕਰੁਣਾ ਦ੍ਰਿੜ ਕਰ ਸਿੱਖਾਂ ਚਿਤਵਸਾਈ।**

ਅਗੇ ਜਾ ਕੇ ਆਪ ਜੀ ਲਿਖਦੇ ਹਨ :

**ਬਾਲ ਅਵਸਥਾ ਵਿਚ ਵ੍ਰਿਜੇਸ਼ ਨੇ ਅਦਭੁਤਿ ਮੂਰਤਿ ਚੀਨੀ।**
**ਸਿਰ ਤੇ ਖੰਡਾ ਹੱਥ ਸਿਮਰਨੀ ਚੜ੍ਹਿਆ ਬਾਂਕੀ ਚੀਨੀ।**
**ਜਿਸ ਦੀ ਮਿਠੀ ਬਾਣੀ ਅਗੇ ਫਿਕੀ ਲਗੇ ਚੀਨੀ।**
**ਦਰਸ਼ਨ ਕਰਕੇ ਨੇਤ੍ਰ ਵਿਗਸਦੇ ਜਿਓ ਰਵਿ ਪਿਖ ਗੁਲਚੀਨੀ।**

ਸਤਿਗੁਰੂ ਬਾਲਕ ਸਿੰਘ ਜੀ ਦੇ ਦਿੱਤੇ ਕੰਨ ਵਿੱਚ ਗੁਰਮੰਤ੍ਰ ਨੂੰ ਆਪ ਕਮਾ ਕੇ ਫਿਰ ਸਿੱਖਾਂ ਅੰਦਰ ਅਧਿਆਤਮਕ ਤੇ ਸਦਾਚਾਰਕ ਪੱਖੋਂ ਇੱਕ ਕ੍ਰਾਂਤੀ ਜਿਹੀ ਲੈ ਆਂਦੀ। ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

**ਪਾਇ ਏਹੁ ਹੁਕਮ ਪ੍ਰਮੇਸ ਕਾ ਬਿਸੇਸ ਫਿਰ, ਰਾਮ ਮ੍ਰਿਗੇਸ ਉਪਦੇਸ ਦੈਨ ਲਾਗਿਓ। ਹੁੱਕੇ ਛੁਡਵਾਏ ਰਖਵਾਏ ਕੇਸ ਮੋਨਯੋਂ ਕੇ, ਸੁਧਾ ਛਕਿ ਥਾਏ ਸਿੱਖ ਭਾਗ ਜਿਨੈ ਜਾਗਿਓ। ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ, ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ। ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ, ਠੱਗੀ ਤਜ ਥੀਏ ਸੰਤ ਸਤਿਜੁਗ ਆਗਿਓ। 2161** -ਪੰਥ ਪ੍ਰਕਾਸ਼ 1889 ਈ:

# ਸਤਿਗੁਰੂ ਰਾਮ ਸਿੰਘ ਜੀ ਤੇ ਸੰਤ ਖਾਲਸਾ ਲਹਿਰ

## ਸੰਤ-ਖਾਲਸਾ ਦੀ ਸਾਜਣਾ :

12 ਅਪ੍ਰੈਲ ਸੰਨ 1857 ਈ: ਨੂੰ ਵਿਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿਖੇ ਸੰਤ-ਖਾਲਸਾ (ਨਾਮਧਾਰੀ ਪੰਥ) ਦੀ ਸਾਜਨਾ ਸਮੇਂ ਪੂਰਨ ਮਰਿਆਦਾ ਅਨੁਸਾਰ ਖੰਡੇ ਦਾ ਅੰਮ੍ਰਿਤ ਤਿਆਰ ਕਰ ਪੰਜ ਸਿੰਘਾਂ ਨੂੰ ਪਹਿਲਾਂ ਕੰਨ ਵਿੱਚ ਗੁਰਮੰਤ੍ਰ ਦੇ ਕੇ ਫਿਰ ਅੰਮ੍ਰਿਤ ਛਕਾਇਆ ਅਤੇ ਨਾਲ ਹੀ ਪੰਜ ਕਕਾਰ ਧਾਰਨ ਕਰਨ ਦਾ ਹੁਕਮ ਵੀ ਦਿੱਤਾ।

1. ਬਾਬਾ ਲਾਭ ਸਿੰਘ (ਅੰਮ੍ਰਿਤਸਰ),
2. ਬਾਬਾ ਆਤਮਾ ਸਿੰਘ ਆਲੋਮੁਹਾਰ, (ਸਿਆਲਕੋਟ),
3. ਬਾਬਾ ਕਾਨ੍ਹ ਸਿੰਘ ਨਿਹੰਗ, ਚੱਕ (ਮਲੇਰਕੋਟਲਾ),
4. ਬਾਬਾ ਨੈਣਾ ਸਿੰਘ ਵਰਿਆਹਾਂ, (ਅੰਮ੍ਰਿਤਸਰ)
5. ਬਾਬਾ ਸੁਧ ਸਿੰਘ ਜੀ ਮਚੌਰ (ਅੰਬਾਲਾ)

ਇਨ੍ਹਾਂ ਸਿੰਘਾਂ ਨੂੰ ਸੁੱਚ ਸੋਧ ਦੀ ਮਰਿਆਦਾ ਦੇ ਧਾਰਨੀ ਬਣਾਇਆ ਅਤੇ ਮਰਿਆਦਾ ਵਿੱਚ ਪੱਕੇ ਰਹਿਣ ਦੇ ਆਦੇਸ਼ ਦਿੱਤੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਿੱਖੀ ਨੂੰ ਨਵਾਂ ਜੀਵਨ ਬਖਸ਼ਣ ਕਰਕੇ ਹਜ਼ਾਰਾਂ ਲੋਕ ਪ੍ਰਭਾਵਿਤ ਹੋਏ ਅਤੇ ਸਿੱਖ ਬਣੇ। ਜਿਵੇਂ ਰਾਤ ਬਤੀਤ ਹੋਣ ਤੇ ਨਵਾਂ ਸੂਰਜ ਉਗਮਦਾ ਹੈ, ਠੀਕ ਉਸੇ ਤਰ੍ਹਾਂ ਹੀ ਸਿੱਖੀ ਦਾ ਅਸਤ ਹੋ ਚੁੱਕਾ ਸੂਰਜ ਐਸਾ ਪ੍ਰਕਾਸ਼ਵਾਨ ਹੋਇਆ ਕਿ ਜਿਨ੍ਹਾਂ ਨੂੰ ਦੇਖ ਕੇ ਹਜ਼ਾਰਾਂ ਹੀ ਨਹੀਂ ਬਲਕਿ ਲੱਖਾਂ ਪੰਜਾਬੀਆਂ ਨੇ ਅੰਮ੍ਰਿਤਪਾਨ ਕਰਕੇ, ਰਹਿਤ ਮਰਿਆਦਾ ਦੇ ਅਨੁਸਾਰ ਗੁਰਸਿੱਖ ਬਣੇ। ਭਾਈ ਨਿਹਾਲ ਸਿੰਘ ਜੀ ਲਿਖਦੇ ਹਨ :-

**ਜੇਠ ਜੁਗਤਿ ਪਛਾਣੀ ਹਥੀਂ ਆਪ ਪੀਣ ਪਾਣੀ,**
**ਕੀਤੇ ਬਾਝ ਇਸ਼ਨਾਨ, ਪਰਸ਼ਾਦ ਨਹੀਂ ਛਕਦੇ।**
**ਸਿੰਘ ਬੋਲਦੇ ਨੇ ਸੱਚ, ਇਹੋ ਸਤਿਗੁਰਾਂ ਦੀ ਮਤ**
**ਛੋਡ ਚੁਗਲੀ ਬਖੀਲੀ, ਖੌਫ ਮਨ ਵਿਚ ਰਖਦੇ।** -ਬਾਰਾਂ ਮਾਂਹ ਵਿੱਚੋਂ

# ਸੰਤ ਖਾਲਸਾ ਲਹਿਰ ਦੇ ਉਦੇਸ਼ ਤੇ ਮਹੱਤਤਾ

## ਧਾਰਮਿਕ ਤੇ ਦਾਰਸ਼ਨਿਕ ਪਹਿਲੂ :

ਆਪ ਜੀ ਨੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਸਰਲ, ਸਿੱਧੇ ਅਤੇ ਸ਼ਾਂਤੀ ਦੇ ਮਾਰਗ ਨੂੰ ਅਪਣਾਇਆ। ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਹੋਈ ਮਰਿਆਦਾ ਨੂੰ ਅਤੇ ਆਦਰਸ਼ਾਂ ਨੂੰ ਜੋ ਕਿ ਸਿੱਖਾਂ ਨੇ ਬਿਲਕੁਲ ਹੀ ਵਿਸਾਰ ਦਿੱਤਾ ਹੋਇਆ ਸੀ ਨੂੰ ਲਾਗੂ ਕੀਤਾ। ਆਪ ਜੀ ਨੇ ਪਿੰਡ-ਪਿੰਡ ਦੌਰਾ ਕੀਤਾ। ਧਰਮਸ਼ਾਲਾਵਾਂ ਦੇ ਦਰਵਾਜੇ ਖੁਲ੍ਹਵਾਏ ਅਤੇ ਸਾਫ਼ ਸਫ਼ਾਈ ਕਰਵਾਈ। ਰੁਮਾਲਿਆਂ ਅਤੇ ਪੀੜ੍ਹਿਆਂ ਦੀ ਝਾੜ ਪੂੰਝ ਕੀਤੀ। ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਨੂੰ ਆਲਿਆਂ 'ਚੋਂ ਕਢਾ ਕੇ ਸਾਫ਼ ਕਰਕੇ ਪ੍ਰਕਾਸ਼ ਕਰਵਾਇਆ ਅਤੇ ਸਿੱਖਾਂ ਨੂੰ ਬਾਣੀ ਪੜ੍ਹਨ ਲਗਾਇਆ। ਇਸ ਤਰ੍ਹਾਂ ਸਿੱਖੀ ਨੂੰ ਪੁਨਰ ਜਨਮ ਮਿਲਿਆ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ।

## ਆਦਿ ਸ੍ਰੀ ਗ੍ਰੰਥ ਸਾਹਿਬ ਛਪਵਾ ਕੇ ਵੰਡਣੇ

ਉਸ ਸਮੇਂ ਕੇਵਲ ਪੱਥਰ ਦੇ ਛਾਪੇ-ਖਾਨੇ ਹੀ ਅਜੇ ਸ਼ੁਰੂ ਹੋਏ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਦੀਵਾਨ ਬੂਟਾ ਸਿੰਘ ਲਹੌਰ ਵਾਲਿਆਂ ਨੂੰ ਛਾਪੇ-ਖਾਨੇ ਤੋਂ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਛਪਵਾਉਣ ਵਿੱਚ ਆਰਥਿਕ ਸਹਾਇਤਾ ਕੀਤੀ। ਇਹ ਉਸ ਸਮੇਂ ਉਨ੍ਹਾਂ ਦਾ ਇੱਕ ਬੜਾ ਵੱਡਾ ਪਰਉਪਕਾਰ ਸੀ ਕਿ ਉਨ੍ਹਾਂ ਨੇ ਸਿੱਖਾਂ ਨੂੰ ਕੇਵਲ ਬਾਣੀ ਪੜ੍ਹਨ ਵਲ ਹੀ ਨਹੀਂ ਲਗਾਇਆ ਸਗੋਂ ਬਾਣੀ ਅਨੁਸਾਰ ਅਮਲੀ ਜੀਵਨ ਜੀਊਣ ਵਲ ਵੀ ਪ੍ਰੇਰਿਤ ਕੀਤਾ ਸੀ। ਇਸ ਤਰ੍ਹਾਂ ਗੁਰਬਾਣੀ ਦਾ ਪਸਾਰ ਵੱਡੇ ਪੱਧਰ ਤੇ ਹੋ ਗਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖ ਕੌਮ ਨੂੰ ਬਹੁਤ ਵੱਡੀ ਦੇਣ ਹੈ, ਜਿਸ ਬਾਰੇ 'ਬਾਰਾਂ ਮਾਂਹ' ਵਿੱਚ ਸੰਤ ਨਿਹਾਲ ਸਿੰਘ ਜੀ ਲਿਖਦੇ ਹਨ :-

**ਚੇਤਰ ਚਾਲ ਹੈ ਨਿਆਰੀ ਇਕ ਪੰਥ ਨਾਮਧਾਰੀ,**
**ਸਿੰਘ ਹੋਏ ਬੇਸ਼ੁਮਾਰੀ ਫਤੇ ਸਭ ਕੋ ਬੁਲਾਂਵਦੇ।**
**ਕੰਘਾ ਕੇਸ ਤੇ ਕ੍ਰਿਪਾਨ ਕੱਛਾ ਕੜਾ ਇਹ ਪਛਾਨ,**
**ਏਹੋ ਸਿੰਘਾਂ ਦੇ ਨਿਸ਼ਾਨ ਜੋ ਪਹਿਰਾਵਾ ਅੰਗ ਲਾਂਵਦੇ।**
**ਬੈਠ ਲਾਂਵਦੇ ਦੀਵਾਨ ਸਾਰਾ ਵੇਖਦਾ ਜਹਾਨ,**
**ਇਕ ਹੋਣ ਮਸਤਾਨੇ ਛੈਣੇ ਢੋਲਕੀ ਵਜਾਂਵਦੇ।**

ਨਿਹਾਲ ਸਿੰਘ ਸਾਧ ਸੰਗ ਬੈਠ ਪੜ੍ਹਦੇ ਨੇ ਗਰੰਥ,
ਇਕ ਉਠ ਪਰਭਾਤੇ ਵਾਰ ਆਸਾ ਦੀ ਲਗਾਂਵਦੇ।

ਇਸ ਦੇਣ ਸਦਕਾ ਲੋਕ ਵੱਡੀ ਗਿਣਤੀ ਵਿੱਚ ਮਾਸ, ਸ਼ਰਾਬ ਅਤੇ ਨਸ਼ਿਆਂ ਦਾ ਤਿਆਗ ਕਰਕੇ ਗੁਰਮੰਤ੍ਰ ਕੰਨ ਵਿੱਚ ਲੈ ਕੇ ਨਾਮ ਦਾ ਸਿਮਰਨ ਕਰਨ ਲਗ ਪਏ। ਐਸੇ ਹਾਲਾਤ ਬਣ ਗਏ ਕਿ 'ਸਤਿਜੁਗ' ਹੀ ਆ ਗਿਆ ਜਾਪਦਾ ਸੀ :

ਹੁੱਕੇ ਛਡਵਾਏ ਰਖਵਾਏ ਕੇਸ ਮੋਨਯੋਂ ਕੇ,
ਸੁਧਾ ਛੱਕ ਥਾਏ ਸਿੱਖ ਭਾਗ ਜਿਨੈ ਜਾਗਯੋ।
ਫੈਲਿਓ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ,
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਯੋ।
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀਯਾਰੀ,
ਠੱਗੀ ਤਜ ਥੀਏ ਸੰਤ ਸਤਿਜੁਗ ਆਗਯੋ।

- ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਜੀ

## ਮਾਸ-ਸ਼ਰਾਬ ਤੋਂ ਰਹਿਤ ਕਰਨਾ :

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਰੂਪੀ ਬੈਲ ਨੂੰ ਦਇਆ ਦਾ ਪੁੱਤ੍ਰ ਫੁਰਮਾਇਆ ਹੈ : "ਧੌਲੁ ਧਰਮੁ ਦਇਆ ਕਾ ਪੂਤੁ।" ਅਤੇ ਆਪ ਜੀ ਇਉਂ ਫਰਮਾਉਂਦੇ ਹਨ :

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ।।
ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ।। -ਸਲੋਕ ਮ:1, ਪੰ: 1242

ਸਿੱਖ ਧਰਮ ਵਿੱਚ ਮਾਸ ਖਾਣਾ ਨਿਸ਼ੇਧ ਮੰਨਿਆ ਗਿਆ ਹੈ। ਜਿਵੇਂ ਕਿ ਗੁਰਬਾਣੀ ਵਿੱਚ ਗੁਰੂ ਸਾਹਿਬਾਂ ਨੇ ਬਹੁਤ ਥਾਈਂ ਫੁਰਮਾਇਆ ਹੈ ਕਿ 68 ਤੀਰਥਾਂ ਦਾ ਫਲ ਇੱਕ ਜੀਅ ਉੱਤੇ ਦਇਆ ਕਰਨ ਨਾਲ ਹੀ ਪ੍ਰਾਪਤ ਹੋ ਸਕਦਾ ਹੈ :

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ।। ਪੰ: 136

ਇਸੇ ਤਰ੍ਹਾਂ ਜੇਕਰ ਮਨੁੱਖ ਦੇ ਕਪੜਿਆਂ ਤੇ ਲਗਾ ਹੋਇਆ ਖ਼ੂਨ ਉਸਨੂੰ ਪਲੀਤ ਕਰ ਦਿੰਦਾ ਹੈ ਫਿਰ ਜਿਹੜਾ ਮਨੁੱਖ ਖ਼ੂਨ ਪੀਂਦਾ ਹੈ ਉਹ ਕਿਵੇਂ ਨਿਰਮਲ ਹੋ ਸਕਦਾ ਹੈ?

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ।।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ।। ਸਲੋਕ ਮ: 1, ਪੰ: 140

ਸਲੋਕ ਸਹਸਕ੍ਰਿਤੀ ਚ ਗੁਰੂ ਅਰਜਨ ਦੇਵ ਜੀ ਫੁਰਮਾਂਦੇ ਹਨ :

ਦਇਆਲੰ ਸਰਬਤ੍ਰ ਜੀਆ ।।

ਸਤਿਗੁਰੂ ਜੀ ਨੇ ਇਸ ਗਲ ਨੂੰ ਬੜੀ ਚੰਗੀ ਤਰ੍ਹਾਂ ਫੁਰਮਾਇਆ ਹੈ ਕਿ ਜਿਵੇਂ ਪਰਾਇਆ ਹਕ ਮੁਸਲਮਾਨ ਵਾਸਤੇ ਸੂਰ ਤੇ ਹਿੰਦੂ ਵਾਸਤੇ ਗਊ ਦੇ ਤੁਲ ਹੈ, ਇਵੇਂ ਹੀ ਜੇਕਰ ਮਨੁੱਖ ਮੁਰਦਾਰ (ਮਰ ਚੁੱਕੇ ਜੀਵ ਦਾ ਮਾਸ) ਨ ਖਾਇ ਤਾਂ ਗੁਰੂ ਪੀਰ ਉਸ ਮਨੁੱਖ ਦੀ ਹਾਮੀ ਭਰਦਾ ਹੈ। ਭਾਵ ਦਰਗਾਹ ਵਿੱਚ ਜ਼ਿੰਮੇਵਾਰ ਹੁੰਦਾ ਹੈ :

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥** ਮ: 1, ਪੰ: 141

ਸ਼੍ਰੋਮਣੀ ਭਗਤ ਕਬੀਰ ਜੀ ਤਾਂ ਇਥੋਂ ਤਕ ਆਖਦੇ ਹਨ ਕਿ ਜੀਆਂ ਦਾ ਘਾਤ ਕਰਂਕੇ ਆਖਦੇ ਹੋ ਧਰਮ ਕੀਤਾ ਹੈ ਜੇਕਰ ਇਹ ਧਰਮ ਹੈ ਤਾਂ ਅਧਰਮ ਕਿਸ ਨੂੰ ਕਹੋਗੇ? ਅਤੇ ਜੇਕਰ ਜੀਅ ਘਾਤ ਕਰਨ ਵਾਲੇ ਮੁਨੀ ਬਣ ਗਏ ਤਾਂ ਕਸਾਈ ਕਿਸ ਨੂੰ ਆਖਣਾ ਹੈ :

**ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥**
**ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥** ਪੰ: 1103

ਅਗੇ ਹੋਰ ਲਿਖਦੇ ਹਨ :

**ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥**
**ਜਉ ਸਭ ਮਹਿ ਏਕੁ ਖੁਦਾਇ ਕਹਿਤ ਹਉ ਤਉ ਕਿਉ ਮੁਰਗੀ ਮਾਰੈ ॥**
ਪੰ: 1350

ਜਦੋਂ ਰੱਬ ਦੀ ਦਰਗਾਹ ਵਿੱਚ ਜਾ ਕੇ ਲੇਖਾ ਦੇਣਾ ਪਿਆ ਤਾਂ ਕੌਣ ਸਹਾਈ ਹੋਵੇਗਾ :

**ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥**
**ਦਫ਼ਤਰ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥** ਸਲੋਕ 199, ਪੰ:1375

ਸਾਹਿਬ ਗੁਰੂ ਗੋਬਿੰਦ ਸਿੰਘ ਜੀ 'ਜ਼ਫ਼ਰਨਾਮਾ' ਵਿੱਚ ਫੁਰਮਾਉਂਦੇ ਹਨ ਕਿ ਬੇ ਦਰੇਗ ਹੋ ਕੇ ਕਿਸੇ ਦਾ ਖ਼ੂਨ ਕਰਨ ਲਈ ਤੇਗ ਨਾ ਚਲਾ ਕਿਉਂਕਿ ਇਸ ਤਰ੍ਹਾਂ ਤੇਰਾ ਲਹੂ ਵੀ ਉਸ ਅਰਸ਼ੀ ਤਲਵਾਰ ਨਾਲ ਵਹਾਇਆ ਜਾਏਗਾ :

**ਮਜ਼ਨ ਤੇਗ਼ਬਰ ਖ਼ੂਨ ਕਸ ਬੇ ਦਰੇਗ ।**
**ਤੁਰਾ ਨੀਜ਼ ਓ ਖ਼ੂਨ ਰੇਜ਼ਦ ਬ ਤੇਗ ।** ਪੰ: :10

ਸਾਰੇ ਜੀਆਂ ਤੇ ਦਇਆ ਕਰਨ ਨਾਲ ਮਨ ਵਿੱਚ ਸੰਤੋਖ ਆਉਂਦਾ ਹੈ :

**ਮਨਿ ਸੰਤੋਖੁ ਸਰਬ ਜੀਅ ਦਇਆ ॥** ਪੰ: 299

ਮਨੁੱਖ ਜੋ 84 ਲੱਖ ਜੂਨਾ ਦਾ ਸਰਦਾਰ ਮੰਨਿਆ ਗਿਆ ਹੈ, ਇਸ ਲਈ ਇਹ ਕਤਈ ਚੰਗਾ ਨਹੀਂ ਕਿ ਉਹ ਆਪਣੇ ਪੇਟ ਨੂੰ ਜਾਨਵਰਾਂ ਦਾ ਕਬਰਸਤਾਨ ਬਣਾਏ।

ਆਪਣੀ ਜੀਭ, ਆਪਣੇ ਸਵਾਦ ਬਦਲੇ ਉਹ ਮਾਸੂਮ ਜੀਆਂ ਦਾ ਕਤਲ ਕਰੇ। ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜੇਕਰ ਜ਼ੋਰਾਵਰ ਆਪਣੇ ਬਰਾਬਰ ਨਾਲ ਲੜੇ ਜਾਂ ਮਾਰੇ ਤਾਂ ਕੋਈ ਅਫਸੋਸ ਨਹੀਂ ਪਰ ਜੇਕਰ ਇਹ ਜ਼ੋਰਾਵਰ ਕਿਸੇ ਮਾਸੂਮ ਜੀਅ ਦਾ ਘਾਤ ਕਰੇ ਤਾਂ ਮਾਲਕ ਨੂੰ ਬਹੁਤ ਦੁੱਖ ਹੋਵੇਗਾ :

**ਜੇ ਸਕਤਾ ਸਕਤੇ ਕਉ ਮਾਰੇ ਤਾਂ ਮਨਿ ਰੋਸੁ ਨ ਹੋਈ।।ਰੁਹਾਉ।।**

**ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।।** **ਪੰ: 360**

ਗੁਰਬਾਣੀ ਵਿੱਚ ਸ਼ਰਾਬ ਨੂੰ ਅਪਵਿਤਰ ਲਿਖਿਆ ਹੈ ਅਤੇ ਇਸ ਕਰਕੇ ਸਿੱਖਾਂ ਨੂੰ ਇਸ ਦੀ ਵਰਤੋਂ ਕਰਨ ਦੀ ਸਖ਼ਤ ਮਨਾਹੀ ਹੈ।

**ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ, ਸੰਤ ਜਨ ਕਰਤ ਨਹੀ ਪਾਨੰ ।।**

**ਸੁਰਾ ਅਪਵਿਤ੍ਰ ਨ ਤ ਅਵਰ ਜਲ ਰੇ, ਸੁਰਸਰੀ ਮਿਲਤ ਨਹਿ ਹੋਇ ਆਨੰ।।**

**-ਮਲ੍ਹਾਰ ਸ੍ਰੀ ਰਵਿਦਾਸ ਜੀ, ਪੰ: 1293**

ਭਾਵ ਗੰਗਾ ਜਲ ਦੀ ਵੀ ਜੇ ਸ਼ਰਾਬ ਕਢੀ ਜਾਵੇ, ਸੰਤ ਜਨ ਉਸ ਨੂੰ ਨਹੀਂ ਪੀਂਦੇ। ਸ਼ਰਾਬ ਅਪਵਿਤ੍ਰ ਹੀ ਹੈ ਚਾਹੇ ਗੰਗਾ ਜਲ ਭੀ ਇਸ ਵਿੱਚ ਮਿਲਾਇਆ ਜਾਵੇ ਤਾਂ ਭੀ ਪਵਿਤ੍ਰ ਨਹੀਂ ਹੋ ਸਕਦੀ।

ਸਤਿਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਸ਼ਰਾਬ ਪੀਣ ਨਾਲ ਮਨੁੱਖ ਦੀ ਮਤ ਮਾਰੀ ਜਾਂਦੀ ਹੈ। ਆਪਣੇ ਤੇ ਪਰਾਏ ਦੀ ਪਛਾਣ ਨਹੀਂ ਰਹਿੰਦੀ। ਖਸਮ (ਪ੍ਰਮਾਤਮਾ) ਵਿਸਰ ਜਾਂਦਾ ਹੈ ਅਤੇ ਮਾਲਕ ਦੀ ਦਰਗਾਹ ਤੋਂ ਧੱਕੇ ਪੈਂਦੇ ਹਨ। ਇਸ ਲਈ ਇਹ ਸ਼ਰਾਬ ਕਿਸੇ ਹਾਲਤ ਵਿੱਚ ਵੀ ਨਹੀਂ ਪੀਣੀ ਚਾਹੀਦੀ।

**ਮਾਣਸੁ ਭਰਿਆ ਆਣਿਆ, ਮਾਣਸੁ ਭਰਿਆ ਆਇ ।।**

**ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ ।।**

**ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ ।।**

**ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ ।।**

**ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ ।।-ਸਲੋਕ ਮ: 3 ਪ: 554**

## ਸਿੱਖ ਸਮਾਜ ਵਿੱਚ ਪੁਨਰ-ਜਾਗਰਣ ਲਹਿਰ

ਉਸ ਵਕਤ ਭਾਈ ਰਾਏ ਸਿੰਘ ਨੂੰ ਹਜ਼ੂਰ ਸਾਹਿਬ (ਨੰਦੇੜ) ਭੇਜ ਕੇ ਉਥੋਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪ੍ਰਚਲਤ ਕੀਤੀ ਗੁਰਸਿੱਖੀ ਰਹੁਰੀਤ ਮਰਿਆਦਾ ਨੂੰ ਮੰਗਵਾ ਕੇ ਨਾਮਧਾਰੀ ਸੰਤ ਖਾਲਸੇ ਲਈ ਸ੍ਰੀ ਭੈਣੀ ਸਾਹਿਬ ਵਿਖੇ ਜਿਉਂ ਦੀ ਤਿਉਂ ਲਾਗੂ

ਕੀਤਾ। ਗੁਰਸਿੱਖਾਂ ਨੂੰ ਹਵਨ ਕਰਨ ਲਾਇਆ ਕਿਉਂ ਜੁ ਪਹਿਲੇ ਸਮਿਆਂ ਤੋਂ ਹੀ ਹਵਨ ਜਗ ਹੁੰਦੇ ਰਹੇ ਹਨ।

**ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਬਿਲੋਵੈ।।**

**ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜ ਸੋਹੈ।।** ਵਾਰ ਮਾਝ ਮ: ੧

ਜਿਸ ਵਿੱਚ 7 ਸਿੰਘ ਅੰਮ੍ਰਿਤ ਛੱਕ ਕੇ ਸੁੱਚ ਸੋਧ ਦੀ ਮਰਿਆਦਾ ਰਖਦੇ ਹੋਏ ਕਮਰਕੱਸਾ ਕਰ, ਸ਼ਸਤਰ ਸਜਾ ਕੇ, ਪਵਿਤਰ ਜਗ੍ਹਾ 'ਤੇ ਬੈਠ ਕੇ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਅਤੇ ਦਸਮ ਸ੍ਰੀ ਗ੍ਰੰਥ ਸਾਹਿਬ ਵਿਚੋਂ ਸੱਤ ਬਾਣੀਆਂ ਚਉਪਈ, ਜਪੁ, ਜਾਪੁ, ਚੰਡੀ ਚਰਿਤ੍ਰ, ਅਕਾਲ ਉਸਤਤ, ਚੰਡੀ ਦੀ ਵਾਰ ਤੇ ਉਗ੍ਰਦੰਤੀ ਦਾ ਪਾਠ ਕਰਦੇ ਹਨ। ਇਸ ਤਰ੍ਹਾਂ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਪਾਠ ਕਰਕੇ ਭੋਗ ਪੈਣ ਲਗੇ। ਸਿੱਖਾਂ ਨੂੰ ਆਦੇਸ਼ ਦਿੱਤਾ ਗਿਆ ਕਿ ਅੱਧੀ ਰਾਤ ਤੋਂ ਬਾਅਦ ਜੰਗਲ ਪਾਣੀ ਜਾਕੇ ਪੰਜ ਵਾਰ ਹੱਥ ਰੇਤ ਨਾਲ ਮਾਂਜਨ, ਦਾਤਨ ਕਰਨ, ਸਣੇ ਕੇਸੀ ਇਸ਼ਨਾਨ ਕਰਨ, ਕਛਿਹਰੇ ਦਾ ਇੱਕ ਪਉਂਚਾ ਲਾਹੁਣ ਤੇ ਇੱਕ ਪਾਉਣ ਆਦਿ। ਫਿਰ ਨਾਮ ਸਿਮਰਨ ਕਰਨਾ ਤੇ 'ਚੜ੍ਹੇ ਦਿਵਸ ਗੁਰਬਾਣੀ ਗਾਵੈ' ਦੇ ਅਨੁਸਾਰ ਬਾਣੀ ਪੜ੍ਹਨ ਦਾ ਹੁਕਮ ਹੋਇਆ। ਚਿੱਟਾ ਕੁੜਤਾ ਪਾਜਾਮਾ ਤੇ ਗੁਰਮੁੱਖੀ ਸਿੱਧਾ ਦਸਤਾਰਾ, ਚਿੱਟੀ ਉੱਨ ਦੀ ਮਾਲਾ, ਸਿਰ ਤੇ ਕੇਸ ਅਤੇ ਸਾਬਤ ਸੂਰਤ ਸਿੱਧਾ ਦਾੜ੍ਹਾ, ਕੜਾ, ਕਛਿਹਰਾ, ਕੰਘਾ ਤੇ ਇਸ ਨਾਲ ਬੰਨੀ ਹੋਈ ਕ੍ਰਿਪਾਨ ਰਖਣ ਦਾ ਸਭ ਇਸਤ੍ਰੀ ਮਰਦ ਵਾਸਤੇ ਹੁਕਮ ਹੋਇਆ। ਇਸਤ੍ਰੀਆਂ ਨੂੰ ਭੀ ਅੰਮ੍ਰਿਤ ਛਕਣਾ, ਨੱਕ, ਕੰਨ ਨਾ ਵਿੰਨ੍ਹਣਾ, ਸਿਰ ਤੇ ਦੁਪੱਟਾ ਰਖਣਾ, ਕੁੜਤਾ ਕਲੀਆਂ ਵਾਲਾ ਤੇ ਚੂੜੀ ਵਾਲੀ ਸੁਥਣ ਪਹਿਨਣ ਦਾ ਆਦੇਸ਼ ਸੀ। ਬਿਨਾਂ ਨਾਮਧਾਰੀ ਅਤੇ ਅਣਮੱਤੀਏ ਦੇ ਸੰਗ ਰੋਟੀ ਬੇਟੀ ਦੀ ਸਾਂਝ ਨਹੀਂ ਰਖਣੀ :

**ਹਮਨ ਕਰੈ ਹੈਂ ਭੋਗ ਗ੍ਰੰਥ ਜੀ ਕੇ ਪੈਹੈਂ, ਬਹੁ ਸੰਗਤੋਂ ਕੇ ਕੱਠ ਥੈਹੈਂ ਰੈਹੈ ਰਚਨਾ ਲਗੀ।**
**ਇਸ਼ਨਾਨ ਕਰਿ ਹੈਂ ਸਕੇਸ ਵੇਸ ਰਾਤ ਹੀ ਤੈ, ਵਾਹਿਗੁਰੂ ਨਾਮ ਮਾਂਹਿ ਰਾਖੈਂ ਰਸਨਾ ਪਗੀ।**
**ਰਾਖ ਹੈਂ ਪੁਸ਼ਾਕ ਪਾਕ ਸ਼ੁਕਲ ਊਰਣ ਮਾਲ, ਕੱਛ ਕੜਾ ਕ੍ਰਦ ਮਰਦ ਨਾਰਿ ਸਭ ਜੇਤਗੀ।**
**ਬਿਨਾਂ ਨਾਮਧਾਰੀ, ਅੰਨ ਜਲ ਰੋਟੀ ਬੇਟੀ ਵਾਰੀ ਸਾਂਝ, ਰਾਖ ਹੈਂ ਨ ਕਾਹੂੰ ਸੰਗ ਜਗ ਮੈਂ ਸਗੀ। 219** - ਪੰਥ ਪ੍ਰਕਾਸ਼ ਸੰਨ 1889 ਈ:

ਇਸ ਤਰ੍ਹਾਂ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਨੁਯਾਈਆਂ ਬਾਰੇ ਇੰਞ ਲਿਖਿਆ ਹੈ :

**''ਸਿੱਖੀ ਜਦੋਂ ਮੁੜ ਪਲਰਨ ਲਗੀ ਤਾਂ ਇਸਦੇ ਸਾਰੇ ਵਰਗ ਬਰਾਬਰ ਮੁੜ ਸੁਰਜੀਤ ਹੋਏ। ਇਸ ਦੀ ਸ੍ਰੇਸ਼ਠ ਮਿਸਾਲ ਕੂਕਿਆਂ ਨੇ ਪੇਸ਼ ਕੀਤੀ। ਉਹ (ਗੁਰੂ) ਗੋਬਿੰਦ ਸਿੰਘ ਦੇ ਨੈਤਿਕ ਮੁੱਲਾਂ ਦੇ ਪੱਕੇ ਅਨੁਯਾਈ ਹਨ। ਕੂਕੇ ਦੀ ਨਿਸ਼ਾਨੀ**

ਸਿਧੀ ਦਸਤਾਰ, ਮਣਕਿਆਂ ਵਾਲਾ ਹਾਰ ਜਾਂ ਉੱਨ ਦੀ ਮਾਲਾ ਹੈ, ਜਿਹੜੀ ਮੁਢਲੇ ਰੂਪ ਵਿੱਚ ਤਪਸਿਆ ਦੇ ਅਨੁਸਾਸ਼ਨ ਦੀ ਸੂਚਕ ਹੈ। -ਸਫਾ 248, ਖਿ: 20 ਐਡੀ: 1965

The sect is known by the name of the 'Kukas' or 'Shouters', because, unlike the ordinary sikhs, they permit themselves to fall into a state of Wajad of frenzy during their religious exercises, shaking their heads and reciting their prayers in a loud voice. They finish their prayer with loud cry or 'Sat Sri Akal' - 'God is true', and their religious meetings are said to have often ended in disgusting orgies. They differ also from the sikhs generally in the manner of wearing the turban (Sidha Pag) and in carrying a necklace of woolen cord tied in knots, which serve as beads for prayer. **- Census of India, 1891**

## ਨਾਮਧਾਰੀ ਲਹਿਰ ਦੇ ਸਮਾਜ ਸੁਧਾਰ ਤੇ ਵਿਲੱਖਣ ਸਦਾਚਾਰਕ ਜੀਵਨ ਦਾ ਉਥਾਨ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੰਘਾਂ ਅੰਦਰ ਨਾਮ ਦਾ ਅਜਿਹਾ ਰਸ ਪੈਦਾ ਕੀਤਾ ਕਿ ਉਨ੍ਹਾਂ ਨੂੰ ਦੁਨੀਆਂਦਾਰੀ ਦੀ ਰੱਤੀ ਭਰ ਵੀ ਲੇਸ ਜਾਂ ਮੋਹ ਨਾ ਰਿਹਾ। ਧਰਮ ਤੋਂ ਨਿਛਾਵਰ ਹੋਣ ਵਾਲੇ ਇਸ ਸਰੀਰ ਨੂੰ, ਇਸ ਜੀਵਨ ਨੂੰ ਤਿਣਕੇ ਸਮਾਨ ਸਮਝਿਆ। ਇਸ ਨਾਲ ਇਕ ਆਦਰਸ਼ਕ ਸਿੱਖ ਪੰਥ ਰਚਿਆ ਗਿਆ, ਜਿਨ੍ਹਾਂ ਨੂੰ 'ਕੂਕੇ' ਅਥਵਾ 'ਨਾਮਧਾਰੀ' ਵੀ ਕਿਹਾ ਜਾਣ ਲੱਗ ਪਿਆ।

**ਨਾਮਧਾਰੀ :** ਸਤਿਗੁਰੂ ਰਾਮ ਸਿੰਘ ਜੀ ਹਮੇਸ਼ਾ ਨਾਮ ਜਪਣ ਤੇ ਜ਼ੋਰ ਦਿਆ ਕਰਦੇ ਸੀ ਅਤੇ ਨਾਮ ਨੂੰ ਹੀ ਆਪਣੇ ਜੀਵਨ ਦਾ ਆਧਾਰ ਬਨਾਉਣ ਦਾ ਉਪਦੇਸ਼ ਦਿਆ ਕਰਦੇ ਸੀ, ਇਸ ਲਈ ਨਾਮ ਨੂੰ ਧਾਰਨ ਕਰਨ ਵਾਲੇ 'ਨਾਮਧਾਰੀ' ਕਰਕੇ ਸਦੀਣ ਲਗ ਪਏ।

**ਕੂਕੇ :** ਢੋਲਕ ਤੇ ਛੈਣਿਆਂ ਦੀ ਤਾਲ ਇਕੋ ਸੁਰ ਵਿਚ ਵਜਿਆ ਕਰਦੀ ਸੀ ਤੇ ਉਸ ਸਮੇਂ ਜਥੇਦਾਰ ਸੰਗਤ ਵਿੱਚ ਖਲੋ ਕੇ ਕੰਨ ਤੇ ਹੱਥ ਧਰ ਕੇ ਤੇ ਸੱਜੀ ਬਾਂਹ ਉੱਚੀ ਕਰਕੇ ਬਹੁਤ ਉੱਚੀ ਸੁਰ ਵਿੱਚ ਸ਼ਬਦ ਗੱਜ ਕੇ ਪੜ੍ਹਿਆ ਕਰਦੇ ਸੀ। ਪੰਥ ਪ੍ਰਕਾਸ਼ 'ਚ ਗਿਆਨੀ ਗਿਆਨ ਸਿੰਘ ਜੀ ਇਸ ਬਾਰੇ ਲਿਖਦੇ ਹਨ :

**"ਨਰ ਨਾਰਿ ਸ਼ਬਦ ਅਪਾਰ ਪਢੈਂ ਗੁਰੂ ਕੇਰ,**
**ਢੋਲਕੀ ਬਜਾਇ ਬਾਂਧਿ ਜੋਟੀਆਂ ਅਛੈ ਸਹੀ।"**

ਇਸ ਤਰ੍ਹਾਂ ਉੱਚੀ ਸੁਰ 'ਚ ਸ਼ਬਦ ਪੜ੍ਹਦਿਆਂ ਕਈ ਵਾਰ ਸ਼ਬਦ ਦੀ ਮਸਤੀ ਤੇ

ਵਜਦ ਵਿੱਚ ਆ ਜਾਇਆ ਕਰਦੇ ਸੀ ਤੇ ਦਸਤਾਰ ਤਕ ਉਤਰ ਜਾਇਆ ਕਰਦੀ ਸੀ ਅਤੇ ਉੱਚੀ ਉੱਚੀ ਕੂਕਾਂ ਮਾਰਿਆ ਕਰਦੇ ਸੀ। ਜਿਸ ਕਰਕੇ 'ਕੂਕਾ' ਨਾਮ ਵੀ ਪੈ ਗਿਆ। ਇਸ ਮਸਤੀ ਵਿੱਚ ਆਇਆਂ ਨੂੰ ਮਸਤਾਨੇ ਵੀ ਕਿਹਾ ਜਾਣ ਲਗ ਪਿਆ। ਗਿਆਨੀ ਗਿਆਨ ਸਿੰਘ ਜੀ "ਪੰਥ ਪ੍ਰਕਾਸ਼ ਸੰਨ 1889 ਈ:, ਕਬਿੱਤ" ਰਾਹੀਂ ਜੋ ਸ਼ੁਰੂਆਤ ਕੀਤੀ ਉਹ ਇਸ ਪ੍ਰਕਾਰ ਹੈ :

**ਪੰਥ ਖਾਲਸੇ ਮੈਂ ਏਕ ਸ਼ਾਖ ਕੂਕੇ ਸਿੰਘਨ ਕੀ,**
**ਤੀਸਕ ਬਰਸ ਤੈ ਜੋ ਬਿਦਤੇ ਮਹਾਨ ਹੈਂ ।**
**ਸ਼ਬਦ ਕੀ ਮਸਤੀ ਮੈਂ ਹਾਲ ਤੇ ਬਿਹਾਲ ਹੋਇ,**
**ਸਿਰ ਤੈ ਉਤਰ ਜਾਤ ਦਸਤਾਰ ਤਾਨ ਹੈ ।**
**ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ,**
**ਕੂਕ ਮਾਰਨੇ ਤੈ ਕੂਕੇ ਜਗਤ ਬਖਾਨ ਹੈ ।**

ਇਸ ਤਰ੍ਹਾਂ ਢੋਲਕ ਛੈਣਿਆਂ ਨਾਲ ਉੱਚੀ ਸੁਰ 'ਚ ਜਾ ਕੇ ਸ਼ਬਦ ਪੜ੍ਹਨ ਨੂੰ 'ਹੱਲੇ ਦਾ ਦੀਵਾਨ' ਕਰਕੇ ਵੀ ਜਾਣਿਆ ਜਾਂਦਾ ਹੈ। ਪ੍ਰਸਿੱਧ ਸ਼ਾਇਰ ਸ੍: ਸੰਤੋਖ ਸਿੰਘ ਸਫਰੀ ਜੀ ਕਵਿਤਾ ਰਾਹੀਂ ਆਖਿਆ ਕਰਦੇ ਹਨ :

**ਗੋਰੇ ਹਲ ਗਏ ਹੱਲੇ ਦੇ ਸ਼ਬਦ ਸੁਣ ਕੇ,**
**ਐਸੇ ਵਾਰ ਕੀਤੇ ਢੋਲਕ ਛੈਣਿਆਂ ਨੇ।**
**ਗੋਲੇ ਤੋਪਾਂ ਦੇ ਨਰਕਾਂ ਦੀ ਅੱਗ ਵਰਗੇ,**
**ਠੰਡੇ ਠਾਰ ਕੀਤੇ ਢੋਲਕ ਛੈਣਿਆਂ ਨੇ।**

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਸ ਗੱਲ ਨੂੰ ਭਲੀ ਭਾਂਤਿ ਸਮਝਦੇ ਸਨ ਕਿ ਲੋਕਾਂ ਅੰਦਰੋਂ ਰੂੜ੍ਹੀਵਾਦੀ ਤੇ ਪੱਕ ਚੁੱਕੀ ਗੁਲਾਮੀ ਵਾਲੀ, ਅੰਧ ਵਿਸ਼ਵਾਸ਼ ਤੇ ਵਹਿਮ-ਭਰਮ ਵਾਲੀ ਸੋਚ ਨੂੰ ਖਤਮ ਕਰਕੇ ਹੀ ਸਮਾਜਕ ਤੇ ਸਦਾਚਾਰਕ ਜੀਵਨ ਦਾ ਉਥਾਨ ਹੋਣਾ ਹੈ। ਜਦੋਂ ਤੱਕ ਇਨ੍ਹਾਂ ਅੰਦਰ ਨਿਰੋਲ ਗੁਰਮਤਿ ਵਾਲੇ, ਨਰੋਏ, ਉੱਚੇ ਸੁੱਚੇ ਤੇ ਸੁਚੱਜੇ ਆਚਾਰ ਵਿਚਾਰ ਨਹੀਂ ਉਪਜਦੇ ਉਨਾਂ ਚਿਰ ਤਕ ਗੁਲਾਮੀ ਦਾ ਤੌਕ ਇਨ੍ਹਾਂ ਗਲੋਂ ਲਾਹੁਣਾ ਮੁਸ਼ਕਿਲ ਹੈ। ਇਹੀ ਵਜ੍ਹਾ ਹੈ ਕਿ ਆਪ ਜੀ ਨੇ ਸਚਿਆਈ ਅਤੇ ਈਮਾਨਦਾਰੀ ਤੇ ਚਲਣ ਦਾ ਉਪਦੇਸ਼ ਦੇਣਾ ਸ਼ੁਰੂ ਕੀਤਾ। ਆਜ਼ਾਦੀ ਸੰਗਰਾਮ ਦਾ ਇਕ ਇਹ ਪਹਿਲੂ ਹੈ ਕਿ ਲੋਕ ਆਪਣੇ ਧਰਮ ਵਿੱਚ ਪ੍ਰਪੱਕ ਵਿਸ਼ਵਾਸ਼ ਰੱਖਣ ਵਾਲੇ ਹੋਣ ਅਤੇ ਫਿਰ ਦੇਸ਼ ਕੌਮ ਤੋਂ ਨਿਛਾਵਰ ਹੋਣ ਲਈ ਤਿਆਰ ਹੋਣ। ਇਸ ਤਰ੍ਹਾਂ 12 ਅਪ੍ਰੈਲ 1857 ਈ: ਨੂੰ ਵਿਸਾਖੀ ਵਾਲੇ ਦਿਨ ਤੋਂ ਹੀ ਸੁਤੰਤਰਤਾ ਸੰਗਰਾਮ ਦਾ ਮੁਢ ਬੰਨ੍ਹ ਦਿੱਤਾ ਗਿਆ। ਇਸ ਬਾਰੇ ਮੁਹੰਮਦ ਲਤੀਫ ਲਿਖਦਾ ਹੈ :

**"(ਗੁਰੂ) ਰਾਮ ਸਿੰਘ ਅਤੇ ਉਸ ਦੇ ਮੁਰੀਦਾਂ ਦੇ ਮੁੱਦੇ ਮਹਿਜ਼ ਧਾਰਮਿਕ ਹੀ**

ਨਹੀਂ ਸਨ ਸਗੋਂ ਇਕ ਧਾਰਮਿਕ, ਸੁਧਾਰਕ ਅਤੇ ਸਦਾਚਾਰਕ ਨਸੀਹਤਾਂ ਦੇ ਬਾਣੇ ਵਿੱਚ ਉਸ ਨੇ ਡੂੰਘੇ ਰਾਜਨੀਤਕ ਮਨਸੂਬੇ ਬਣਾਏ।।"

ਆਪ ਜੀ ਦੇ ਪ੍ਰਚਾਰ ਨੇ ਬਹੁਤ ਥੋੜ੍ਹੇ ਸਮੇਂ ਅੰਦਰ ਲੋਕਾਂ ਵਿਚੋਂ ਅੰਧ ਵਿਸ਼ਵਾਸ਼ ਅਤੇ ਸਮਾਜਕ ਕੁਰੀਤੀਆਂ ਨੂੰ ਦੂਰ ਕੀਤਾ। ਲੋਕ ਭੈਅ ਮੁਕਤ ਹੋ ਕੇ ਆਪ ਜੀ ਰਾਹੀਂ ਦਰਸਾਈ ਗਈ ਸਵਦੇਸ਼ੀ ਲਹਿਰ, ਭਾਰਤੀ ਸਭਿਅਤਾ ਅਤੇ ਸਭਿਆਚਾਰ ਦੇ ਅਨੁਯਾਈ ਬਣਦੇ ਗਏ।

## ਜਥੇਬੰਦੀ - ਪ੍ਰਭਾਵ ਤੇ ਪ੍ਰਚਾਰ :

ਸੰਨ 1867 ਈ: ਵਿੱਚ ਇਕ ਸਰਕਾਰੀ ਰਿਪੋਰਟ ਵਿੱਚ ਲਿਖਿਆ ਮਿਲਦਾ ਹੈ :-

**ਕਿ ਸਾਲ ਡੇਢ ਸਾਲ ਦੇ ਸਮੇਂ ਵਿਚ ਅੰਬਾਲੇ ਜ਼ਿਲੇ ਦੇ 15 ਪਿੰਡਾਂ ਦੇ ਸਾਰੇ ਲੋਕੀ ਕੂਕੇ ਬਣ ਗਏ ਹਨ ਅਤੇ ਉਨ੍ਹਾਂ ਦੀ ਗਿਣਤੀ ਕੋਈ 4,000 ਦੇ ਨੇੜੇ ਹੈ। ਪੁਲਿਸ ਵਾਲੇ ਵੀ ਕਈ ਕੂਕੇ ਬਣ ਗਏ ਹਨ।**

ਸੰਨ 1857 ਤੋਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸਿੰਘਾਂ ਦੀ ਜਥੇਬੰਦੀ ਨੂੰ ਅਤਿ ਸੁੰਦਰ ਬਣਾ ਦਿੱਤਾ ਸੀ। 8-9 ਸਾਲ ਦੇ ਦੌਰਾਨ ਹੀ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਚੰਗੀ ਤਕੜੀ ਗਿਣਤੀ ਨਾਮਧਾਰੀ ਸਿੰਘਾਂ ਦੀ ਹੋ ਗਈ ਸੀ।

**ਦੇਸਨ ਮੈ ਧੂੰਮ ਮਾਚੀ ਸਾਚੀ ਇਮ ਤਾਂਹਿ ਤਬਿ।**
**ਆਵੈਂ ਲੋਗ ਸਿੱਖ ਥਾਵੈਂ ਅਜ਼ਮਾਵੈਂ ਤੈਸ ਹੀ।**
**ਮਾਲਵੇ, ਦੁਆਬੇ, ਮਾਝੇ, ਪੋਠੋਹਾਰ ਤੈ ਅਪਾਰ,**
**ਸਿੱਖ ਥੀਏ ਬੇਸ਼ੁਮਾਰ ਤੀਨ ਲਾਖ ਐਸ ਹੀ। 218** - ਪੰਥ ਪ੍ਰਕਾਸ਼ ਸੰਨ 1889 ਈ:

## ਸੂਬੇ ਥਾਪਣੇ :

ਇਸ ਸਮੇਂ ਹਰ ਜ਼ਿਲ੍ਹੇ ਦਾ ਇਕ ਆਗੂ ਸੂਬਾ, ਫਿਰ ਨਾਇਬ ਸੂਬਾ ਤੇ ਜਥੇਦਾਰ ਨੀਯਤ ਕਰ ਦਿੱਤਾ ਗਿਆ। ਮੁੱਖੀ ਸੂਬੇ ਬਾਬਾ ਜਵਾਹਰ ਸਿੰਘ ਪਿੰਡ ਡਰੋਲੀ ਜ਼ਿਲਾ ਫਿਰੋਜ਼ਪੁਰ, ਬਾਬਾ ਸਾਹਿਬ ਸਿੰਘ ਬੰਗਾਲੀਪੁਰ, ਬਾਬਾ ਕਾਹਨ ਸਿੰਘ ਪਿੰਡ ਚੱਕ ਕਲਾਂ (ਮਲੇਰਕੋਟਲਾ), ਬਾਬਾ ਸੁੱਧ ਸਿੰਘ ਮੰਢੋਰ ਅੰਬਾਲਾ, ਬਾਬਾ ਲੱਖਾ ਸਿੰਘ ਮਲੌਦ ਜਿ: ਲੁਧਿਆਣਾ ਅਤੇ 17 ਹੋਰ ਸੂਬੇ ਬਣਾਏ ਗਏ। ਇਨ੍ਹਾਂ ਵਿੱਚੋਂ ਪੰਜਾਬ ਤੋਂ ਬਾਹਰ ਕਾਬਲ ਵਿਚ ਬਾਬਾ ਬਿਸ਼ਨ ਸਿੰਘ, ਗਵਾਲੀਅਰ ਵਿੱਚ ਬਾਬਾ ਨਰੈਣ ਸਿੰਘ ਆਦਿ। ਮਹੰਤ ਗਣੇਸ਼ਾ ਸਿੰਘ ਜੀ ਸੰਨ 1926 'ਚ 'ਭਾਰਤ ਮਤ ਦਰਪਣ' ਵਿਚ ਲਿਖਦੇ ਹਨ :

"ਇਸ ਗੱਲ ਦੀ ਦੇਸ਼ ਭਰ ਵਿਚ ਧੁੰਮ ਪੈ ਗਈ, ਦਿਨ ਪ੍ਰਤੀ ਮਾਲਵੇ, ਮਾਝੇ,

ਪੋਠੋਹਾਰ ਅਰ ਦੁਆਬੇ ਆਦਿ ਪ੍ਰਾਂਤਾਂ ਦੇ ਅਨੇਕਾਂ ਹੀ ਜਗਿਆਸੂ ਆਇਆ ਜਾਇਆ ਕਰਨ ਅਰ ਨਾਮ ਲੈ ਕੇ ਸੇਵਕ ਹੁੰਦੇ ਜਾਣ। ਜਦ ਇਸ ਤਰ੍ਹਾਂ ਪ੍ਰਚਾਰ ਵਧ ਗਿਆ ਤਾ ਆਪ ਨੇ 22 ਸੂਬੇ ਅਕਬਰ ਦੀ ਤਰ੍ਹਾਂ ਨੀਯਤ ਕੀਤੇ। ਅਰ ਹੁਕਮ ਦਿੱਤਾ ਕਿ ਜਿਸ ਅਧਿਕਾਰੀ ਨੂੰ ਜੇਹੜਾ ਸੂਬਾ ਨੇੜੇ ਹੋਵੇ ਓਥੇ ਹੀ ਚੇਲਾ ਹੋ ਜਾਵੇ। ਸੂਬੇ ਤੋਂ ਬਿਨਾਂ ਹੋਰ ਕਿਸੇ ਨੂੰ ਮੰਤਰ ਦੇਣ ਲੈਣ ਦਾ ਅਧਿਕਾਰ ਨਹੀਂ ਸੀ। ਇਸ ਰੀਤੀ ਨਾਲ ਭੀ ਚੰਗਾ ਪ੍ਰਚਾਰ ਹੋਣ ਲਗਾ। ਆਪ ਜੇਹੀ ਹੀ ਤਾਸੀਰ ਸੂਬਿਆਂ ਦੇ ਗੁਰਮੰਤਰ ਵਿਚ ਹੋਈ।

ਇਸ ਤਰ੍ਹਾਂ ਅਣਗਿਣਤ ਆਦਮੀਆਂ ਨੂੰ ਅੰਮ੍ਰਿਤ ਛਕਾਇਆ, ਕੇਸ ਰਖਾਏ, ਹੁੱਕੇ ਛੁਡਾਏ, ਭੰਗ-ਪੋਸਤ, ਅਫੀਮ ਆਦਿ ਨਸ਼ਿਆਂ ਦੀ ਭੈੜੀ ਆਦਤ ਬੰਦ ਕੀਤੀ। ਥਾਂ-ਥਾਂ ਢੋਲਕ ਛੈਣਿਆਂ ਨਾਲ ਗੁਰੂ ਜੀ ਦੇ ਸ਼ਬਦਾਂ ਦਾ ਪੜ੍ਹਨਾ ਆਰੰਭ ਹੋਇਆ। ਗੰਦੇ ਗੀਤ ਜਾਂ ਬੋਲੀਆਂ ਦਾ ਕੋਈ ਨਾਮ ਤਕ ਨਾ ਲਵੇ। ਸਮੇਂ-ਸਮੇਂ ਪਰ ਹਵਨ, ਗੁਰੂ ਗਰੰਥ ਸਾਹਿਬ ਦੇ ਆਖੰਡ ਪਾਠ ਅਰ ਜੋੜ ਮੇਲੇ ਹੋਇਆ ਕਰਨ। ਗੱਲ ਕਾਹਦੀ ਇਕ ਵਾਰ ਕਲਿਜੁਗ ਵਿਚ ਸਤਿਜੁਗ ਦੀ ਲੜੀ ਵਰਤਾ ਦਿੱਤੀ।'' -ਭਾਰਤ ਮਤ ਦਰਪਣ

**ਸੂਬੇ ਕੀਨ ਬਾਈ ਤਿਨ ਅਕਬਰ ਸ਼ਾਹ ਕੀ ਨਿਆਈ**
**ਉਨ ਕੀ ਜਬਾਨ ਮੈਂ ਤਾਸੀਰ ਥਾਈ ਵੈਸ ਹੀ।** -ਪੰਥ ਪ੍ਰਕਾਸ਼ ਸੰਨ 1889 ਈ:

## ਸੰਗਠਨ ਅਤੇ ਪ੍ਰਚਾਰ :

ਸੂਬਿਆਂ ਨੂੰ ਵੱਖ-ਵੱਖ ਇਲਾਕੇ ਦੇ ਸੰਗਠਨ ਅਤੇ ਪ੍ਰਚਾਰ ਲਈ ਜ਼ਿਮੇਵਾਰੀ ਸੌਂਪੀ ਗਈ ਅਤੇ ਹਰ ਇਕ ਦਾ ਤਾਲਮੇਲ ਆਪਸ ਵਿਚ ਪੂਰਾ ਸੀ। ਨਾਮਧਾਰੀ ਸਿੰਘ ਸੱਜਣ ਦੀ ਲਹਿਰ ਇਸ ਕਾਲ ਦੌਰਾਨ ਬੜੀ ਤੇਜ਼ੀ ਨਾਲ ਚੱਲੀ ਅਤੇ ਇਨ੍ਹੇ ਥੋੜ੍ਹੇ ਸਾਲਾਂ ਵਿਚ ਹੀ 7 ਲੱਖ ਕੂਕਾ ਸਿੱਖ ਸੱਜ ਗਿਆ। ਸਮਕਾਲੀ ਲੇਖਕ ਗੁਲਾਮ ਭੀਖ ਜਲੰਧਰੀ ਆਖਦਾ ਹੈ :-

**ਗੁਰੂ ਨਾਨਕ ਨੇ ਬੜੀ ਕ੍ਰਿਪਾ ਕੀਤੀ ਬੜੇ ਸਿਖ ਸਜਾਏ ਪਰ ਦਸ ਸਾਲਾਂ ਦੇ ਏਨੇ ਥੋੜੇ ਸਮੇਂ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਸੱਤ ਲੱਖ ਸਿੱਖ ਸਜਾਇਆ।**

ਆਪ ਜੀ ਨੇ ਸਿੱਖੀ ਨੂੰ ਨਵਾਂ ਜੀਵਨ ਬਖਸ਼ਿਆ ਜਿਵੇਂ ਰਾਤ ਤੋਂ ਬਾਅਦ ਨਵਾਂ ਸੂਰਜ ਉਦੇ ਹੁੰਦਾ ਹੈ, ਉਸੇ ਤਰ੍ਹਾਂ ਆਪ ਦੇ ਬਣਾਏ ਹੋਏ ਉੱਚ ਕਰਣੀ ਦੇ ਸਿੱਖ ਐਸੇ ਪ੍ਰਕਾਸ਼ਵਾਨ ਹੋਏ ਕਿ ਜਿਨ੍ਹਾਂ ਨੂੰ ਵੇਖ-ਵੇਖ ਕੇ ਹਜ਼ਾਰਾਂ ਨਹੀਂ ਲੱਖਾਂ ਹੀ ਲੋਕ ਪ੍ਰਭਾਵਿਤ ਹੋ ਕੇ ਸਿੱਖ ਬਣੇ।

**ਰਾਮ ਸਿੰਘ ਜਾਇ ਜਿਤ, ਸਿਖ ਹ੍ਵੈ ਹਜ਼ਾਰੋਂ ਤਿਤ,**
**ਭੇਟ ਦੈਹੈਂ ਪੀਨ ਧਨ ਦੀਨ ਬੋਲ ਬੈਨ ਹੈ। 222** - ਪੰਥ ਪ੍ਰਕਾਸ਼ 1889 ਈ:

ਆਪ ਜੀ ਨੇ ਸਿੰਘਾਂ ਨੂੰ ਸੱਚ ਬੋਲਣ ਲਈ ਦ੍ਰਿੜ ਕੀਤਾ ਅਤੇ ਉਨ੍ਹਾਂ ਨੂੰ ਸੁੱਚ ਸੋਧ ਦੇ ਐਸੇ ਧਾਰਨੀ ਬਣਾਇਆ ਕਿ ਜਿਨ੍ਹਾਂ ਦੇ ਦਰਸ਼ਨ ਕਰਦਿਆਂ ਹੀ ਮਨ ਅੰਦਰ ਖੇੜਾ ਆ ਜਾਂਦਾ ਸੀ। ਇਨ੍ਹਾਂ ਦੀ ਮਰਿਆਦਾ ਨੂੰ ਵੇਖ ਕੇ ਹੀ, ਉਸ ਵੇਲੇ ਦੇ ਪੰਡਿਤਾਂ ਨੇ ਰੌਲਾ ਪਾਇਆ ਕਿ ਇਨ੍ਹਾਂ ਨੇ ਸਾਡੀ ਮਰਿਆਦਾ ਖੋਹ ਲਈ ਹੈ। ਪਰ ਸਿੰਘਾਂ ਅਗੋਂ ਜਵਾਬ ਦਿੱਤਾ ਕਿ ਅਸੀਂ ਤਾਂ ਡਿੱਗੀ ਪਈ ਨੂੰ ਚੁੱਕਿਆ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਇਨ੍ਹਾਂ ਪ੍ਰਚਾਰ ਦੌਰਿਆਂ ਸਮੇਂ ਪਿੰਡਾਂ ਵਿੱਚ ਭੂਤ-ਪ੍ਰੇਤ ਆਦਿ ਦਾ ਬਹੁਤ ਪ੍ਰਭਾਵ ਸੀ। ਸਤਿਗੁਰੂ ਜੀ ਹੁਕਮ ਕੀਤਾ ਕਿ ਜਿਸ ਪਿੰਡ ਤੇ ਜਿਸ ਘਰ ਵਿਚ ਹਰ ਰੋਜ਼ ਢੋਲਕ ਛੈਣਿਆਂ ਨਾਲ ਗੁਰਬਾਣੀ ਕੀਰਤਨ ਹੋਇਆ ਕਰੇਗਾ ਅਤੇ ਕੀਰਤਨ ਦੀ ਆਵਾਜ਼ ਜਿਥੋਂ ਤਕ ਜਾਇਆ ਕਰੇਗੀ ਤੇ ਜਿਨ੍ਹਾਂ ਦੇ ਕੰਨੀ ਇਹ ਆਵਾਜ਼ ਪਿਆ ਕਰੇਗੀ, ਉਨ੍ਹਾਂ ਸਭ ਦੀ ਮੁਕਤੀ ਹੋ ਜਾਇਆ ਕਰੇਗੀ। 'ਨਾਮ' ਦੇ ਰੱਤੇ, ਗੁਰਬਾਣੀ ਅਨੁਸਾਰ ਜੀਵਨ ਜਿਉਣ ਵਾਲੇ ਰਾਗੀਆਂ ਦੇ ਕੀਰਤਨ ਅਤੇ ਢੋਲਕ ਛੈਣਿਆਂ ਦੇ ਕੀਰਤਨ ਵਿਚ ਐਸਾ ਰਸ ਹੋਇਆ ਕਰਦਾ ਕਿ ਦੀਵਾਨ ਵਿਚ ਹੀ ਅਣਗਿਣਤ ਸਿੰਘ ਅਤੇ ਮਾਈਆਂ ਮਸਤ ਹੋ ਜਾਇਆ ਕਰਦੇ ਸਨ। ਭਾਈ ਚੰਦਾ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਤੇ ਬਾਰ੍ਹਾਂ ਮਾਂਹ ਲਿਖਿਆ ਹੈ, ਜਿਸ ਵਿਚ ਉਸ ਸਮੇਂ ਨੂੰ ਇਸ ਤਰ੍ਹਾਂ ਵਰਨਣ ਕੀਤਾ ਹੈ :-

**ਵਜੇ ਢੋਲਕ ਛੈਣੇ ਖੜਕਣ,**
**ਹੱਲੇ ਦੇ ਸ਼ਬਦ ਕਲੇਜੇ ਰੜਕਣ,**
**ਬੀਬੀਆਂ ਵਾਂਗ ਕਬੂਤਰ ਫਟਕਣ,**
**ਕਰਦੀਆਂ ਨਿਰਤ ਪੈਰ ਨਹੀਂ ਅਟਕਣ,**
**ਖੁਲ੍ਹੇ ਕੇਸ ਗਲੇ ਵਿਚ ਲਟਕਣ ਸੋਭਾ ਪਾਂਵਦੇ।** -ਬਾਰ੍ਹਾਂ ਮਾਂਹ ਵਿੱਚੋਂ

# ਨਾਰੀਵਾਦੀ ਦ੍ਰਿਸ਼ਟੀਕੋਨ

## ਇਸਤ੍ਰੀ ਜਾਤੀ ਨੂੰ ਅੰਮ੍ਰਿਤ ਦੀ ਦਾਤ :

ਕੌਮ ਤੇ ਦੇਸ਼ ਦੀ ਤਰੱਕੀ ਲਈ ਬਦੇਸ਼ੀ ਹਕੂਮਤ ਦੀ ਗੁਲਾਮੀ ਤੋਂ ਛੁਟਕਾਰਾ ਪਾਉਣਾ ਅਤਿ ਜ਼ਰੂਰੀ ਸਮਝਿਆ ਗਿਆ। ਆਜ਼ਾਦੀ ਦੀ ਪ੍ਰਾਪਤੀ ਲਈ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਦੀ ਜਨਤਾ ਨੂੰ ਜਾਗਰੂਕ ਕਰਕੇ, ਉਨ੍ਹਾਂ ਦੇ ਜੀਵਨ ਨੂੰ ਸਮਾਜਕ ਤੇ ਧਾਰਮਿਕ ਰਹੁ-ਰੀਤਾਂ ਰਾਹੀਂ ਉਚੇਰੇ ਕਰਨ ਲਈ ਪਿੰਡ ਸਿਆੜ੍ਹ (ਲੁਧਿਆਣਾ) ਵਿਖੇ **1 ਜੂਨ ਸੰਨ 1863 ਵਿੱਚ (ਜੇਠ ਦੀ ਪੂਰਨਮਾਸੀ ਸੰਮਤ 1920 ਬਿ:) ਨੂੰ ਇਸਤ੍ਰੀ ਜਾਤੀ ਤੇ ਕ੍ਰਿਪਾ ਕੀਤੀ ਅਤੇ ਖੰਡੇ ਦਾ ਅੰਮ੍ਰਿਤ ਛਕਾਉਣ ਦੀ ਪਹਿਲ ਕੀਤੀ। ਪੰਜ ਕਕਾਰ ਦੇ ਧਾਰਨੀ ਬਣਾਇਆ। ਅੰਮ੍ਰਿਤ ਛਕਣ ਵਾਲੀਆਂ ਇਸਤ੍ਰੀਆਂ ਹੇਠ ਲਿਖੀਆਂ ਸਨ :**

**1. ਖੇਮ ਕੌਰ, 2. ਇੰਦ ਕੌਰ, 3. ਸਾਹਿਬ ਕੌਰ, 4. ਮਾਨ ਕੌਰ,**
**5. ਕਰਮ ਕੌਰ, 6. ਬਚਿੱਤਰ ਕੌਰ, 7. ਧੰਨ ਕੌਰ, 8. ਰਾਮ ਕੌਰ**
**9. ਮਾਤਾ ਜੱਸਾ ਜੀ।**

'ਸਤਿਗੁਰੂ ਬਿਲਾਸ' ਕ੍ਰਿਤ ਭਾਈ ਸੰਤੋਖ ਸਿੰਘ ਲਿਖਦੇ ਹਨ :

**"ਸ੍ਰੀ ਸਤਿਗੁਰੂ ਜੀ ਸਿਆਹੜ ਮੇਂ ਮਾਈਆਂ ਕੋ ਅੰਮ੍ਰਿਤ ਛਕਾਇਆ ਤੇ ਕਛਹਿਰੇ ਪਵਾਏ।"**

ਸਭ ਮਾਈਆਂ ਬੀਬੀਆਂ ਨੂੰ ਅੰਮ੍ਰਿਤ ਛਕਾ ਕੇ ਸਫ਼ੈਦ ਵਸਤਰ ਜਿਸ ਵਿਚ ਚੂੜੀਦਾਰ ਸੁਥਣ, ਕਲੀਆਂ ਵਾਲਾ ਕੁੜਤਾ ਤੇ ਸਿਰ ਦੀ ਗਿੱਚੀ ਵਿਚ ਜੂੜਾ ਕਰਕੇ ਭਾਰਾ ਦੁਪੱਟਾ ਲੈਣ ਲਈ ਆਦੇਸ਼ ਦਿੱਤੇ ਗਏ। ਨੀਲੇ-ਕਾਲੇ ਤੇ ਬਹੁਤ ਗੂੜ੍ਹੇ ਰੰਗਾਂ ਵਾਲੇ ਕਪੜਿਆਂ ਦੀ ਸਖ਼ਤ ਮਨਾਹੀ ਕੀਤੀ ਗਈ। ਹੱਥਾਂ, ਪੈਰਾਂ ਜਾਂ ਕੰਨਾਂ ਨੂੰ ਸੋਨੇ, ਚਾਂਦੀ ਦੇ ਭਾਰ ਨਾਲ ਲੱਦਣ ਦੀ ਮਨਾਹੀ ਕਰ ਦਿੱਤੀ। ਘਰ ਦੇ ਕਿਸੇ ਜੀਅ ਦੇ ਸਰੀਰ ਤਿਆਗਣ ਤੇ ਵੈਣ ਪਾਉਣੇ, ਪਿੱਟ ਸਿਆਪਾ ਕਰਨਾ ਆਦਿ ਦੀ ਸਖਤ ਮਨਾਹੀ ਸੀ। ਆਪ ਜੀ ਦੇ ਉਪਦੇਸ਼ਾਂ ਵਿੱਚ ਧਾਗੇ, ਤਵੀਤ, ਮੜ੍ਹੀਆਂ, ਮਸਾਣਾ ਨੂੰ ਪੂਜਣ ਦੀ ਮਨਾਹੀ ਸੀ। ਆਮ ਲੋਕੀ ਗੁੱਗੇ, ਮੜ੍ਹੀ-ਮਸਾਣੀ ਅਤੇ ਸਮਾਧਾਂ ਨੂੰ ਪੂਜਣ ਕਰਕੇ ਆਮ ਘਰਾਂ ਵਿੱਚ ਬੁੱਤ ਤੇ ਕਬਰ-ਪ੍ਰਸਤੀ ਦਾ ਜ਼ੋਰ ਸੀ। ਜਿਸ ਕਰਕੇ ਨਾਮਧਾਰੀ ਸਿੰਘਾਂ ਨੇ ਇਨ੍ਹਾਂ ਨੂੰ ਢਾਹ ਕੇ ਆਪਣਾ ਪਰਮ ਧਰਮ ਸਮਝਣ ਲਗ ਪਏ ਸੀ। ਇਸ ਲਹਿਰ ਦਾ ਜ਼ਿਆਦਾ ਜ਼ੋਰ ਸੰਨ 1866 'ਚ

ਸ਼ੁਰੂ ਹੋਇਆ ਤੇ ਸੰਨ 1867 ਤੱਕ ਇਸ ਦੇ ਹੜ੍ਹ ਦੇ ਅੱਗੇ ਬੇਸ਼ਮਾਰ ਮੜ੍ਹੀਆਂ-ਮਸਾਣਾ ਢਾਹ ਕੇ ਪਧਰੀਆਂ ਕਰ ਦਿੱਤੀਆਂ। ਧੌਂਕਲ ਦੇ ਟੱਲ ਨੂੰ ਲਾਹ ਕੇ ਉਸ ਦੇ ਲੰਗਰ ਵਾਲੇ ਦੇਗਬਰੇ ਬਣਾ ਦਿੱਤੇ ਗਏ। ਆਪਣੇ ਇਸ ਸਿਧਾਂਤ ਨੂੰ ਪ੍ਰਚਾਰਣ ਅਤੇ ਲੋਕਾਂ ਵਿੱਚ ਇਸ ਦੇ ਵਿਰੁੱਧ ਜੋਸ਼ ਫੈਲਾਉਣ ਲਈ ਉਨ੍ਹਾਂ ਦਿਨਾਂ ਵਿਚ ਆਮ ਦੀਵਾਨਾਂ ਵਿੱਚ ਜਥੇਦਾਰ ਇਹ ਸਤਰਾਂ ਜ਼ਰੂਰ ਪੜ੍ਹਿਆ ਕਰਦੇ ਸੀ :-

**ਮੜ੍ਹੀ ਮਸਾਣੀ ਢਾਇ ਕੇ ਕਰ ਦਿਉ ਮੈਦਾਨਾ।**
**ਪਹਿਲਾ ਮਾਰੋ ਪੀਰ ਬੰਨੇ ਫਿਰ ਲਉ ਸੁਲਤਾਨਾ।**
**ਉੱਮਤ ਸੱਭ ਮੁਹੰਮਦੀ ਖਪ ਜਾਇ ਮੈਦਾਨਾ।**
**ਸੁੱਨਤ ਕੋਇ ਨਾ ਕਰ ਸਕੇ ਕੰਬਣ ਤੁਰਕਾਨਾ।**
**ਭੈਣੀ ਸਤਿਗੁਰ ਜਾਗਿਆ ਹੋਰ ਝੂਠ ਜਹਾਨਾ।**

## ਨਾਰੀ ਦਾ ਉਥਾਨ ਤੇ ਸਨਮਾਨ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਮਾਜ ਸੁਧਾਰ ਕਰਨ ਵਾਲੀਆਂ ਰਹੁ-ਰੀਤਾਂ ਨੂੰ ਪਾਲਣ ਕਰਨ ਵਾਲੇ ਉਪਦੇਸ਼ ਦਿੱਤੇ ਅਤੇ ਇਸਤ੍ਰੀ ਜਾਤੀ ਲਈ ਜੋ ਪਰਉਪਕਾਰ ਕੀਤੇ, ਉਹ ਇਸਤ੍ਰੀ ਜਾਤੀ ਦੀ ਉੱਨਤੀ ਤੇ ਇਸਤ੍ਰੀ ਮਰਦ ਦੋਹਾਂ ਵਿੱਚ ਵਿੱਦਿਆ ਦੇ ਪ੍ਰਚਾਰ ਬਾਰੇ ਸਨ। ਕੁੜੀਆਂ ਮਾਰਨ ਦਾ ਰਿਵਾਜ਼, ਸਿੱਖ ਰਾਜ ਦੇ ਸਮਾਪਤ ਹੋਣ ਪਿੱਛੋਂ ਪੰਜਾਬ ਵਿੱਚ ਕਾਫੀ ਪ੍ਰਚਲਤ ਹੋ ਗਿਆ ਸੀ। ਕੁੜੀਆਂ ਮਾਰਨ, ਵੇਚਣ ਤੇ ਵੱਟਾ ਕਰਨ ਦਾ ਆਮ ਰਿਵਾਜ਼ ਉਸ ਸਮੇਂ ਪੂਰੇ ਜ਼ੋਰਾਂ ਤੇ ਹੋ ਚੁੱਕਾ ਸੀ। ਇਸ ਤਰ੍ਹਾਂ ਖ਼ੂਨੀ ਰਿਸ਼ਤਿਆਂ ਵਿਚ ਕਹੀ ਕਮਜ਼ੋਰੀਆਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਇਹਨਾਂ ਕੁਰੀਤੀਆਂ ਦੇ ਵਿਰੁੱਧ ਬੜਾ ਤਕੜਾ ਪ੍ਰਚਾਰ ਕੀਤਾ। ਜਦੋਂ ਆਪ ਜੀ ਨੂੰ ਜਲਾਵਤਨ ਕਰਕੇ ਰੰਗੂਨ ਵਿਖੇ ਨਜ਼ਰਬੰਦ ਕਰ ਦਿੱਤਾ ਗਿਆ ਤਾਂ ਉਥੋਂ ਵੀ ਹੁਕਮਨਾਮਿਆਂ ਰਾਹੀਂ ਇਸਤ੍ਰੀ ਜਾਤੀ ਦੀ ਉਨੱਤੀ ਤੇ ਸਨਮਾਨ ਅਤੇ ਕੁੜੀਆਂ ਦੇ ਮਾਰਨ, ਵੇਚਣ ਤੇ ਵੱਟਾ ਕਰਨ ਦੀ ਸਖ਼ਤ ਮਨਾਹੀ ਕਰਦੇ ਰਹੇ, ਬਲਕਿ ਇਨ੍ਹਾਂ ਦੀ ਵਿੱਦਿਆ ਬਾਰੇ ਖਾਸ ਤੌਰ ਤੇ ਹੁਕਮ ਲਿਖਦੇ ਰਹੇ। ਇਸ ਬਾਰੇ ਬਹੁਤ ਕੁਝ ਆਪ ਜੀ ਦੇ ਹੁਕਮਨਾਮਿਆਂ ਵਿਚੋਂ ਸਪਸ਼ਟਤਾਂ ਨਾਲ ਇੰਝ ਉਜਾਗਰ ਹੁੰਦਾ ਹੈ :-

- ਅਗੇ ਜੋ ਲੜਕੀ ਮਾਰੇ ਜਾਂ ਬੇਚੇ ਦੋਨੋਂ ਕਾ ਬਡਾ ਪਾਪ ਹੈ।
- ਕੁੜੀਆਂ ਦਾ ਮਾਰਨਾ ਗਊ ਤੇ ਬੀ ਬੱਡਾ ਪਾਪੁ ਹੈ।
- ਜੋ ਲੜਕੀ ਮਾਰੇ ਜਾਂ ਬੇਚੇ, ਬੱਟਾ ਕਰੇ ਉਸਦੇ ਨਾਲ ਨਹੀਂ ਸੰਗਤ ਨੇ ਬਰਤਨਾ,ਨਾ ਉਸਦੇ ਹੱਥ ਦਾ ਜਲਪਾਨ ਕਰਨਾ।

- ਸਭਨੂ ਕੁੜੀ ਮੁੰਡੇ ਨੂ ਅਖਰ ਪੜਾਇ ਦੇਣੇ, ਗੁਰਮੁਖੀ, ਹੋਸ਼ ਆਉਂਦੀ ਦੇ ਨਾਲ।
- ਗੁਰੂ ਜੀ ਦਾ ਬੀ ਏਹੁ ਹੁਕਮ ਹੈ ਜੋ ਅਠਾਰਾਂ ਬਰਸਾ ਦੀ ਲੜਕੀ ਬੀਸ ਬਰਸ ਦਾ ਲੜਕਾ ਹੋਵੇ ਤਾਂ ਬਿਆਹੁ ਕਰਨਾ, ਉਰੇ ਨਹੀਂ ਕਰਨਾ।
- ਹੋਰ ਆਗੇ ਜੋ ਲੜਕੀ ਮਾਰ ਦੇਣ ਦਾ ਲੜਕੀ ਬੇਚਨੇ ਦਾ, ਬਟਾ ਕਰਿਨੇ ਦਾ ਬਡਾ ਪਾਪੁ ਹੈ।
- ਇਕ ਹੋਰ ਬਾਤ ਸਭ ਨੂੰ ਸੁਣਾ ਦੇਣੀ ਜੋ ਨ ਕੋਈ ਕੁੜੀ ਮਾਰੇ, ਨ ਬੇਚੇ, ਨ ਬੱਟਾ ਕਰੇ।...............ਜੋ ਕੋਈ ਬੱਟਾ ਕਰੂਗਾ, ਬਿਆਜ ਲਊਗਾ, ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ ਉਸਦੇ ਨਾਲ ਨਹੀਂ ਵਰਤਣਾ।''
- ਹੋਰੁ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ, ਬਟਾ ਨਹੀਂ ਕਰਨਾ। ਸਦਾ ਗੁਰੂ ਗੁਰੂ ਜਪਦੇ ਰਹਿਣਾ। ਸਾਰੇ ਬਹੀਰ ਨੂੰ ਏਹੁ ਹੁਕਮ ਸੁਣਾਇ ਦੇਣਾ ਜੋ ਪੰਦਰਾਂ ਸੋਲਾ ਬਰਸ ਤੋਂ ਘਟ ਕੋਈ ਨਾ ਕੁੜੀ ਬਿਆਹੇ। (ਰਹਿਤਨਾਮਾ-1863 ਈ:)
- ਹੋਰ ਲੜਕੀ ਨਾ ਕਿਸੇ ਮਾਰਨੀ, ਨਾ ਕਿਸੇ ਵਟਾ ਕਰਨਾ, ਨਾ ਲੜਕੀ ਦਾ ਦਮ ਲੈਣੇ। ਜੇਹੜਾ ਲੜਕੀ ਮਾਰੇ, ਬੇਚੇ, ਵਟਾ ਰਕੇ ਉਸਦੇ ਹੱਥ ਦਾ ਘਰ ਦਾ ਅੰਨ ਪਾਣੀ ਨਹੀਂ ਵਰਤਣਾ। ਉਸਨੂੰ ਸੰਗਤ ਵਿੱਚ ਨਹੀਂ ਵੜਨ ਦੇਣਾ।

- ਹੁਕਮਨਾਮਾ - 20

- ਹੋਰੁ ਆਗੇ ਜੋ ਲੜਕੀ ਮਾਰ ਦੇਣੇ ਦਾ ਅਰੁ ਲੜਕੀ ਬੇਚਣੇ ਦਾ, ਬਟਾ ਕਰਿਨੇ ਦਾ ਬਡਾ ਪਾਪੁ ਹੈ। ਜੋ ਮਾਰਨੇ ਦਾ ਏਹੁ ਪਾਪੁ ਹੈ, ਜੋ ਲੜਕੀਆਂ ਮੈਂ ਬਹੁਤ ਈ ਗੁਣ ਹੈਨ, ਅਨੇਕ ਤਰਾਂ ਦੇ ਸੁਖ ਦਿੰਦੀਆਂ ਹੈਨ ਇਸਤ੍ਰੀਆਂ। ਗਿਣੇ ਨਹੀਂ ਜਾਂਦੇ ਮੇਰੇ ਪਾਸ ਤੇ। ਕੁੜੀ ਦਾ ਮਾਰਨਾ ਗਊ ਤੇ ਬੀ ਵਡਾ ਪਾਪੁ ਹੈ, ਅਰੁ ਬਹੁ ਬਟਾ ਕਰਨੇ ਤੇ, ਦੰਮ ਲੈਣੇ ਤੇ ਕੁੜੀ ਕੋ ਬਰੁ ਅਛਾ ਨਹੀਂ ਮਿਲਦਾ, ਕੇ ਬੁਢਾ, ਕੇ ਕਿਸੋਹਣਾ ਲਭਦਾ ਹੈ। ਦੰਮ ਲੈਣੇ ਤੇ ਨਾਲੇ ਕੁੜੀ ਦੇ ਘਰ ਰਿਜਕੁ ਨਹੀਂ ਰਹਦਾ। ਕੁੜੀ ਬਹੁਤ ਦੁਖੀ ਹੁੰਦੀ ਹੈ ਨਾਲੇ ਕੁੜੀ ਬਿਭਿਚਾਰਨੀ ਹੋਇ ਜਾਂਦੀ ਹੈ। ਬਹੁਤੇ ਥਾਈ ਖਰਾਬ ਹੁੰਦੀ ਰਹਿੰਦੀ ਹੈ। ਏਹੁ ਸਾਰੇ ਪਾਪ ਮਾਪਿਆਂ ਕੋ ਲਗਦਾ ਹੈ। ਮਾਪਿਆਂ ਦੇ ਬੀ ਬੁਰੇ ਹਾਲ ਹੋਇ ਜਾਂਦੇ ਹੈ। ਮੈਂ ਆਪਣੀ ਅਖ ਦੇਖੀਂ ਹੈ ਇਹੁ ਬਾਤ, ਸਤਿ ਪ੍ਰਤੀਤ ਜਾਨਣੀ ਖਾਲਸਾ ਜੀ ਜੋ ਲਿਖੀ ਹੈ ਖਾਲਸਾ ਜੀ ਜੋ ਲੜਕੀ ਮਾਰੇ ਯਾ ਬੇਚੇ, ਬਟਾ ਕਰੇ ਉਸਦੇ ਨਾਲ ਨਹੀਂ ਸੰਗਤ ਨੇ ਬਰਤਣਾ, ਨਾ ਉਸ ਦੇ ਘਰ ਜਾਣਾ, ਨਾ ਉਸ ਕੋ ਸੰਗਤ ਮੈਂ ਬੜਨ ਦੇਣਾ ਨਾ ਉਸ ਦੇ ਹਥ ਦਾ ਜਲ ਪਾਨ ਕਰਨਾ। ਏਦੂ ਪਿਛੇ ਜੋ ਹੋਈ ਸੋ ਹੋਈ ਹੁਣ ਅਗੇ ਸਮਝਕ ਵਰਤਣਾ। ਹੁਕਮ ਨਾਮਾ 21

# ਸ਼੍ਰੋਮਣੀ ਸੁਧਾਰਕ

ਸਿਰਦਾਰ ਕਪੂਰ ਸਿੰਘ ICS 'ਸਪਤਸ੍ਰਿੰਗ' ਵਿੱਚ ਲਿਖਦੇ ਹਨ :

**ਸਿੱਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿਛੋਂ ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਾਹਨੁਮਾ ਹੋਏ ਹਨ, ਜਿਨ੍ਹਾਂ ਨੇ ਸਮਾਜ ਵਿਚ ਮਰਦ ਤੇ ਇਸਤ੍ਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫ਼ਲ ਹੋਏ। ਜੋ ਉਹਨਾਂ ਨੇ ਦੇਸ਼ ਤੇ ਜਾਤੀ ਲਈ ਮਹਾਨ ਕੰਮ ਕੀਤੇ ਹਨ ਉਹ ਛੱਡ ਵੀ ਦੇਈਏ ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤ੍ਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ ਨੂੰ ਸੰਸਾਰ ਭਰ ਦੇ ਸ਼੍ਰੋਮਣੀ ਸੁਧਾਰਕਾਂ ਦੀ ਸਫ਼ ਵਿਚ ਖੜ੍ਹਾ ਕਰ ਦਿੰਦਾ ਹੈ।**

ਪੰਡਿਤ ਦੇਬੀ ਪ੍ਰਸਾਦ ਆਪਣੀ ਪੁਸਤਕ 'ਗੁਲਸ਼ਨ-ਏ-ਪੰਜਾਬ' ਸੰਨ 1872 ਈ: ਵਿੱਚ ਲਿਖਦਾ ਹੈ :

(ਗੁਰੂ) ਰਾਮ ਸਿੰਘ ਦੇ ਅਸੂਲ ਅਤੇ ਬਚਨ ਨਾਨਕ ਸ਼ਾਹ (ਗੁਰੂ ਨਾਨਕ ਦੇਵ ਜੀ) ਵਰਗੇ ਹਨ। ਉਹ ਇਕ ਰੱਬ ਨੂੰ ਮੰਨਦਾ ਹੈ, ਕੌਮਾਂ ਵਿੱਚ ਭਿੰਨ ਭੇਦ, ਉਸਦੇ ਬਚਨਾਂ ਅਨੁਸਾਰ ਇਕ ਫਜ਼ੂਲ ਜਿਹੀ ਚੀਜ਼ ਹੈ ਅਤੇ ਬੁੱਤ-ਪੂਜਾ ਬਿਲਕੁਲ ਬਕਵਾਸ ਹੈ। ਉਸਦੇ ਅਸੂਲਾਂ ਅਨੁਸਾਰ ਸੰਤੋਖ, ਸ਼ਰਮ ਅਤੇ ਰੱਬ ਦਾ ਸਹਾਰਾ ਮਹਾਨ ਗਲਾਂ ਹਨ। ਉਹ ਝੂਠ ਬੋਲਣ, ਚੋਰੀ ਕਰਨ ਅਤੇ ਇਸਤ੍ਰੀਆਂ ਨਾਲ ਵਿਭਚਾਰ ਕਰਨ ਨੂੰ ਬੁਰਾ ਸਮਝਦੇ ਹਨ। ਅਤੇ ਜੋ ਕੋਈ ਅਜਿਹਾ ਕੰਮ ਕਰਦਾ ਹੈ, ਉਸ ਨੂੰ ਫਿਰਕੇ ਵਿੱਚੋਂ ਕੱਢ ਦੇਣਾ ਉਚਿੱਤ ਸਮਝਦੇ ਹਨ। ਇਨ੍ਹਾਂ ਦੇ ਫਿਰਕੇ ਵਿਚ ਧੀਆਂ ਨੂੰ ਵਿਆਹ ਦੇ ਮੰਤਵ ਲਈ ਵੇਚਣਾ, ਜਿਵੇਂ ਕਿ ਆਮ ਜੱਟ ਕੌਮਾਂ ਵਿੱਚ ਹੁੰਦਾ ਹੈ ਅਤੇ ਸ਼ਰਾਬ ਤੇ ਹੁੱਕਾ ਪੀਣਾ ਵਰਜਤ ਹਨ।

**-ਛਾਪਕ ਪੰਜਾਬੀ ਯੂਨੀਵਰਸਿਟੀ, ਪਟਿਆਲਾ**

ਇਕ ਹੋਰ ਸਮਕਾਲੀ ਲੇਖਕ ਮੌਲਵੀ ਗੁਲਾਮ ਭੀਖ ਜਲੰਧਰੀ ਨੇ ਸੰਨ 1882 ਈ: ਨੂੰ ਆਪਣੀ ਕਿਤਾਬ ''ਤਾਰੀਖ਼-ਏ-ਵਾਕਰੀ' ਵਿਚ ਲਿਖਿਆ ਹੈ :

ਮੈਂ ਖ਼ੁਦ ਭੈਣੀ ਗਿਆ ਔਰ ਦੇਖਾ ਕੂਕਿਓਂ ਨੇ ਜੋ ਤਰੀਕਾ ਅਖ਼ਤਿਆਰ ਕੀਆ ਹੈ, ਵੁਹ ਔਰ ਕੁਛ ਨਹੀਂ ਹੈ, ਵੁਹ ਅਸਲ ਮਜ਼ਬ ਸਿਖੋਂ ਕਾ ਹੀ ਹੈ। ਔਰ ਉਸੇ ਉਨਹੋਂ ਨੇ ਦੋਬਾਰਾ ਰੌਨਕ ਦੀ ਹੈ। ਮੌਲਾਨ ਉਨ ਕ਼ੀ ਤਬੀਅਤ ਕਾ ਅਸਲੀ ਰੁਖ਼ ਸਿੱਖ ਮਜ਼ਬ ਕੀ ਜਾਨਬ ਹੈ, ਪਰ ਉਨ ਕੇ ਤਰੀਕੇ ਅਰ ਡੇੜ੍ਹ ਲਾਖ ਆਦਮੀਓਂ ਸੇ ਭੀ ਜ਼ਿਆਦਾ ਗਰੋਹ

ਕੇ ਇਤਫ਼ਾਕ ਸੇ ਯਿਹ ਭੀ ਇਯਾਂ ਹੈ, ਕਿ ਯਿਹ ਲੋਗ ਗੁਰੂ ਗੋਬਿੰਦ ਸਿੰਘ ਕੇ ਤਰੀਕੇ ਪ ਚਲਤੇ ਹੈਂ।

ਨਾਨਕ ਸ਼ਾਹ ਕੀ ਤਰ੍ਹਾਂ ਰਾਮ ਸਿੰਘ ਭੀ ਹਰ ਕੌਮ ਹਰ ਜ਼ਾਤ ਕੇ ਆਦਮੀ ਕੋ ਆਪਨੇ ਮਜ਼ਹਬ ਵ ਫ਼ਿਰਕੇ ਮੇਂ ਮਿਲਾ ਲੇਤਾ ਹੈ। ਮੁਸਲਮਾਨੋਂ ਕੋ ਭੀ ਕੂਕਾ ਕਰ ਲੇਤਾ ਹੈ। ਅਕਾਇਦ ਉਨ ਕੇ ਸਾਫ਼ ਔਰ ਆਸਾਨ ਹੈਂ ਯਅਨੀ ਬੁਤ-ਪ੍ਰਸਤੀ ਕਿਸੀ ਤਰ੍ਹਾਂ ਕੀ ਜਾਇਜ਼ ਨਹੀਂ। ਕਿਸੀ ਜਾਤ ਕੀ ਕੈਦ ਨਹੀਂ ਹੈ। ਗੁਰੂ ਗੋਬਿੰਦ ਸਿੰਘ ਕੋ ਆਪਨਾ ਦੇਵਤਾ ਮਾਨਤੇ ਹੈਂ। ਚੋਰੀ, ਜ਼ਨਾਕਾਰੀ, ਸ਼ਰਾਬਖ਼ੋਰੀ ਔਰ ਕੁਲ ਮੁਸਕਰਾਤੇਫ਼ਸਾਦ, ਗੋਸ਼ਤ ਔਰ ਝੂਟ ਉਨਕੋ ਕਤਈ ਮਨਅ ਹੈਂ। ਬੜਾ ਮਕੂਲਾ ਉਨਕਾ ਯਿਹ ਹੈ, ''ਮਰਨਾ ਕਬੂਲ ਕਰੋ, ਜੀਨੇ ਕੀ ਖ਼ਾਹਸ਼ ਛੋੜੋ, ਅਪਨੇ ਤਈਂ ਖ਼ਾਕ ਸਮਝੋ, ਤਬ ਕੂਕਾ ਬਨੋ।''

## ਅਨੰਦ ਮਰਿਆਦਾ :

ਨਵੀਂ ਅਨੰਦ ਕਾਰਜ ਦੀ ਰੀਤੀ ਅਨੁਸਾਰ ਆਪ ਜੀ ਨੇ ਬਿਨਾਂ ਦਾਜ-ਦਹੇਜ ਕੁੜਮਾਈ, ਸਾਕਾ-ਠਾਕਾ ਤੇ ਮਿਲਣੀ ਮੁਕਲਾਵੇ ਦੇ, ਸਾਦਾ ਤੇ ਸਸਤੇ, ਸਿਰਫ਼ ਸਵਾ ਰੁਪੈ ਵਿੱਚ ਅਨੰਦ ਵਿਆਹ ਕਰਨ ਲਈ ਜੇਠ ਦੇ ਮਹੀਨੇ ਸੰਮਤ 1920 ਬਿ: ਮੁਤਾਬਕ 2 ਜੂਨ ਸੰਨ 1863 ਈ: ਨੂੰ ਪਿੰਡ ਖੋਟੇ (ਜ਼ਿ. ਫਿਰੋਜ਼ਪੁਰ) ਹੁਣ ਫਰੀਦਕੋਟ ਵਿਖੇ ਪੁੱਜੇ। ਉਥੇ ਵਿਆਹਾਂ ਦੀ ਇਸ ਨਵੀਂ ਅਨੰਦ ਕਾਰਜ ਦੀ ਰਸਮ ਨੂੰ ਸ਼ੁਰੂ ਹੁੰਦੀ ਵੇਖਣ ਲਈ ਨਾਮਧਾਰੀ ਸਿੰਘ ਤੇ ਇਰਦ ਗਿਰਦ ਦੇ ਸੈਂਕੜੇ ਲੋਕੀਂ ਵੱਡੀ ਗਿਣਤੀ ਵਿੱਚ ਪਹੁੰਚੇ ਹੋਏ ਸਨ।

ਹਾੜ੍ਹ ਵਦੀ ਦੂਜ, 1920 ਬਿ: ਮੁਤਾਬਿਕ 3 ਜੂਨ ਸੰਨ 1863 ਈ. ਦੀ ਸਵੇਰੇ ਵੇਲੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਹਵਨ ਦੀ ਅਗਨੀ ਦੁਆਲੇ ਵੇਦੀ ਅੰਦਰ ਆਦਿ ਸ੍ਰੀ ਗ੍ਰੰਥ ਸਾਹਿਬ ਤੋਂ ਚਾਰ ਲਾਵਾਂ ਦੇ ਉਚਾਰਨ ਨਾਲ 6 ਅੰਤਰ ਜਾਤੀ ਅਨੰਦ ਕਾਰਜ ਕਰਕੇ ਇਕ ਨਵਾਂ ਕ੍ਰਾਂਤੀਕਾਰੀ ਕਦਮ ਚੁਕਿਆ। ਸਮਕਾਲੀ ਲੇਖਕ ਗਿ: ਗਿਆਨ ਸਿੰਘ ਲਿਖਦੇ ਹਨ :-

**ਸ੍ਰੀ ਰਾਮ ਸਿੰਘ ਕੂਕੇ ਪਹਿਲੇ। ਅਨੰਦ ਸੁਛੰਦ ਪੜ੍ਹਾਏ ਸਹਿਲੇ।**
**ਤਿਨਕੋ ਦੇਖ ਔਰ ਸਿਖ ਘਨੇ। ਲਗੇ ਆਨੰਦ ਪੜ੍ਹਾਵਨ ਤਨੇ।**

-ਭੁਪਿੰਦ੍ਰਾ ਨੰਦ ਪੰਨਾ 30-31

'ਸਤਿਗੁਰੂ ਬਿਲਾਸ' ਦੇ ਕਰਤਾ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

''ਛੇ ਅਨੰਦ ਪੜ੍ਹਾਏ। ਏਕ ਅਨੰਦ ਪੜ੍ਹਾਇਆ ਤਰਖਾਨ ਸਿੰਘ ਕੀ ਲੜਕੀ ਅਰੋੜਿਆਂ ਸਿੰਘਾਂ ਕਾ ਲੜਕਾ। ਦੀਨ ਦਿਆਲ ਜੀ ਬਚਨ ਕੀਤਾ ਪਹਿਲੇ ਮੈਂ ਆਪ ਘਰ ਸ ਰੀਤੀ ਤੋਰੀ ਹੈ. ਸਰਬ ਖਾਲਸੇ ਨੂੰ ਕਰਨੀ ਬਣੇਗੀ। ਕਈਆਂ ਸਿੰਘਾਂ ਨੇ ਅਰ

ਕੀਤੀਆਂ ਜੀ ਸਾਡੀਆਂ ਲੜਕੀਆਂ ਕੇ ਅਨੰਦ ਆਪ ਕੇ ਹਜ਼ੂਰ ਪੜ੍ਹੇ ਜਾਵਣ ਤਾਂ ਅਸੀਂ ਪ੍ਰਸੰਨ ਹਾਂ।

ਖੋਟੀਂ ਸਾਰੇ ਪਿੰਡ ਮੇਂ ਏਹੀ ਬਾਤਾਂ ਹੋਵਨ ਅਨੰਦ ਕੀਆਂ ਕਿ ਨਵੀਂ ਰੀਤੀ ਤੋਰੀ ਹੈ ਅਤੇ ਬ੍ਰਾਹਮਣਾਂ ਕੋ ਮੰਨਣਾਂ ਭੀ ਛੋਡ ਦੀਆ ਹੈ। ਦੇਖੋ ਕੈਸਾ ਅਚਰਜ ਪੰਥ ਪੈਦਾ ਹੋਇਆ ਹੈ। ਅੱਗੇ ਚਾਰ ਜੁਗਾਂ ਮੇਂ ਬੇਦਾਂ ਕੋ ਮੰਨਦੇ ਆਏ ਹੈਂ। ਏਸ ਗੁਰੂ ਨੇ ਨਿਆਰਾ ਹੀ ਪੰਥ ਤੋਰਿਆ ਹੈ।''

3 ਜੂਨ 1863 ਈ: ਦਾ ਦਿਨ ਵੈਦਿਕ ਰੀਤੀ ਤੋਂ ਵਖਰੇ ਢੰਗ ਨਾਲ ਹੋਏ ਪਹਿਲੇ ਅਨੰਦ ਕਾਰਜ ਬਹੁਤ ਹੀ ਮਹੱਤਵ ਪੂਰਨ ਹਨ।

ਪ੍ਰਮੁੱਖ ਸਿੱਖ ਇਤਿਹਾਸਕਾਰ ਸ੍ਰ: ਸਮਸ਼ੇਰ ਸਿੰਘ ਅਸ਼ੋਕ ਨੇ ''ਪੰਜਾਬ ਦੀਆਂ ਲਹਿਰਾਂ ਐਡੀਸ਼ਨ 1 ਪੰਨਾ 144 ਵਿਚ ਲਿਖਿਆ ਹੈ :-

**ਗੁਰਮਤਿ ਦੇ ਨਾਲ ਹੀ ਕਈ ''ਸਤਿਜੁਗੀ'' ਰੀਤਾਂ ਵੀ ਪ੍ਰਚਲਿਤ ਹਨ। ਆਨੰਦ ਵਿਆਹ ਸਮੇਂ ਵੇਦੀ ਗਡਣੀ, ਹਵਨ ਕਰਨਾ, ਵਰ ਵਧੂ ਨੂੰ ਅੱਗ ਦੇ ਦੁਆਲੇ ਘੁੰਮਾਉਣਾ ਆਦਿ। ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਨਾਮਧਾਰੀਏ ਵਿਆਹ ਸ਼ਾਦੀਆਂ ਬੜੇ ਸਾਦਾ ਢੰਗ ਨਾਲ ਕਰਦੇ ਹਨ, ਜਿਨ੍ਹਾਂ ਵਿਚ ਖ਼ਰਚ ਨਹੀਂ ਕੀਤਾ ਜਾਂਦਾ। ਸੋਧ ਦਾ ਪ੍ਰਸ਼ਾਦ ਛਕਦੇ ਹਨ ਤੇ ਦਾਰੂ ਮਾਸ ਤੋਂ ਖ਼ਾਸ ਤੌਰ ਤੇ ਪ੍ਰਹੇਜ਼ ਰੱਖਦੇ ਹਨ। ਏਸੇ ਮਰਿਆਦਾ ਦੀ ਪ੍ਰਮਾਣਿਕਤਾ ਨੂੰ ਆਧਾਰ ਬਣਾ ਕੇ 22 ਅਕਤੂਬਰ 1909 ਈ: ਨੂੰ ਆਨੰਦ ਮਰਿਆਦਾ ਐਕਟ ਪਾਸ ਹੋ ਸਕਿਆ।**

ਇਸੇ ਅਨੰਦ ਕਾਰਜ ਦੀ ਮਰਿਆਦਾ ਅਨੁਸਾਰ 3 ਜੂਨ ਸੰਨ 1963 ਨੂੰ ਪਿੰਡ ਖੋਟੇ ਜ਼ਿ: ਫ਼ਰੀਦਕੋਟ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਅਨੰਦ ਸ਼ਤਾਬਦੀ ਬੜੀ ਸ਼ਾਨ ਨਾਲ ਮਨਾਈ ਗਈ। ਜਿਸ ਵਿੱਚ 149 ਜੋੜਿਆਂ ਦੇ ਅਨੰਦ ਕਾਰਜ ਕੀਤੇ ਗਏ ਅਤੇ 106 ਆਦਿ ਸ੍ਰੀ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ।

# ਅੰਗਰੇਜ਼ੀ ਸਾਮਰਾਜ ਦੇ ਵਿਰੋਧ ਦੀ ਪਹਿਲੀ ਝਲਕ

## ਪਾਬੰਦੀ ਲਗਣੀ :

ਅਨੰਦ ਕਾਰਜ ਦੀ ਇਸ ਨਵੀਂ ਰੀਤੀ ਨੂੰ ਤੋਰਿਆਂ ਦੇਖ ਕੇ ਬਹੁਤ ਸਾਰੇ ਪੁਰਾਣੇ ਖਿਆਲਾਂ ਦੇ ਧਾਰਨੀਆਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਿਰੁੱਧ ਬਾਘਾ ਪੁਰਾਣਾ ਦੇ ਥਾਣੇ ਵਿਚ ਜੋ ਰਿਪੋਰਟ ਲਿਖਵਾਈ ਉਹ ਇਸ ਤਰ੍ਹਾਂ ਸੀ :-

**2-3 ਦਿਨ ਤੋਂ ਰਾਮ ਸਿੰਘ ਅਤੇ ਉਸਦੇ 500 ਅਨੁਯਾਈ ਖੋਟੇ ਪਿੰਡ ਕੱਠੇ ਹੋਏ ਹਨ ਅਤੇ ਉਨ੍ਹਾਂ ਦੇ ਚਾਲੇ ਵੱਖਰੇ ਜਿਹੇ ਜਾਪਦੇ ਹਨ। ਉਹ ਸਰਕਾਰ ਵਿਰੁੱਧ ਗੱਲਾਂ ਕਰਦੇ ਹਨ, ਉਹ ਕਹਿੰਦੇ ਹਨ ਕਿ ਛੇਤੀ ਹੀ ਸਾਰਾ ਮੁਲਕ ਉਨ੍ਹਾਂ ਦਾ ਹੋ ਜਾਵੇਗਾ। ਉਨ੍ਹਾਂ ਪਿਛੇ ਸਵਾ ਲੱਖ ਆਦਮੀ ਹੋਵੇਗਾ।**

ਇਸ ਰਿਪੋਰਟ ਦੇ ਆਧਾਰ ਤੇ ਡੀ.ਸੀ. Mr. THOMAS ਫਿਰੋਜ਼ਪੁਰ ਨੇ ਆਪ ਜੀ ਨੂੰ ਮਿਲਕੇ ਸਰਕਾਰ ਦੇ ਹੁਕਮ ਬਾਰੇ ਦੱਸਿਆ :- **(1) ਜ਼ਿਲਾ ਫਿਰੋਜ਼ਪੁਰ ਵਿਚ ਨਾਮਧਾਰੀ ਸਿੰਘ ਕੋਈ ਮੇਲਾ ਜਾਂ ਦੀਵਾਨ ਨਹੀਂ ਲਗਾ ਸਕਦੇ ਅਤੇ ਨਾ ਹੀ ਇਕੱਠੇ ਹੋ ਸਕਦੇ ਹਨ। (2) ਗੁਰੂ ਰਾਮ ਸਿੰਘ ਅਤੇ ਉਸਦੇ ਚੇਲਿਆਂ ਨੂੰ ਮੰਜਲੋ ਮੰਜਲੀ ਉਸ ਦੇ ਘਰ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਵਿਚ ਪਹੁੰਚਾ ਦਿੱਤਾ ਜਾਵੇ।**

ਉਕਤ ਹੁਕਮ ਦੀ ਤਾਮੀਲ ਕਰਕੇ ਆਪ ਜੀ ਨੂੰ 14 ਜੂਨ 1863 ਈਃ ਨੂੰ ਸ੍ਰੀ ਭੈਣੀ ਸਾਹਿਬ ਪਹੁੰਚਾ ਦਿੱਤਾ ਗਿਆ ਤੇ ਭੈਣੀ ਸਾਹਿਬ ਕੇਂਦਰ ਉੱਤੇ ਸਖਤ ਨਿਗਰਾਨੀ ਰੱਖਣ ਦੇ ਆਦੇਸ਼ ਦਿੱਤੇ ਗਏ। ਇਸ ਤੋਂ ਬਾਅਦ ਨਿਗਰਾਨੀ ਅਤੇ ਮੁਖਬਰੀਆਂ ਦਾ ਪੂਰਾ ਦੌਰ ਸ਼ੁਰੂ ਹੋ ਗਿਆ। ਹਰ ਜ਼ਿਲ੍ਹੇ ਦੇ ਨਾਮਧਾਰੀ ਸਿੰਘਾਂ ਬਾਬਤ ਸਰਕਾਰ ਕੋਲ ਰਿਪੋਰਟਾਂ ਪੁਜਣ ਲੱਗ ਪਈਆਂ। ਪਾਬੰਦੀਆਂ ਹੋਰ ਸਖਤ ਹੋਣ ਲੱਗੀਆਂ। ਜਿਉਂ ਜਿਉਂ ਪਾਬੰਦੀਆਂ ਤੇ ਸਖਤੀਆਂ ਦਾ ਦੌਰ ਵੱਧਦਾ ਗਿਆ ਤਿਉਂ ਤਿਉਂ ਲੋਕੀ ਅੰਮ੍ਰਿਤ ਛਕ ਕੇ ਨਾਮਧਾਰੀ ਬਣਦੇ ਗਏ, ਪੁਰਾਣੇ ਵਹਿਮਾਂ, ਭਰਮਾਂ ਨੂੰ ਛੱਡ ਕੇ ਗੁਰਬਾਣੀ ਦੇ ਪਾਠ ਅਤੇ ਗੁਰਸਿੱਖੀ ਦੀ ਰਹੁਰੀਤ ਵਲ ਝੁਕਦੇ ਗਏ। ਸਰਕਾਰ ਦਾ ਖਿਆਲ ਸੀ ਕਿ ਸਤਿਗੁਰਾਂ ਤੇ ਪਾਬੰਦੀ ਲਗਾਉਣ ਨਾਲ ਨਾਮਧਾਰੀਆਂ ਦੀਆਂ ਗਤੀਵਿਧੀਆਂ ਘਟਣਗੀਆਂ, ਪਰ ਕੋਈ ਫਰਕ ਨਾ ਪਿਆ। ਬਲਕਿ ਗੁਰੂ ਦੇ ਸਿੱਖ ਸ੍ਰੀ ਭੈਣੀ ਸਾਹਿਬ ਆਉਂਦੇ ਅਤੇ ਸਤਿਗੁਰਾਂ ਤੋਂ ਹੁਕਮ ਲੈਂਦੇ। ਸਤਿਗੁਰਾਂ ਦੇ ਹੁਕਮਾਂ ਨੂੰ ਸੰਗਤਾਂ ਵਿੱਚ ਜਾ ਪ੍ਰਚਾਰਦੇ। ਇੰਸਪੈਕਟਰ ਜਨਰਲ ਪੁਲੀਸ ਦੀ ਰਿਪੋਰਟ ਤੇ ਸਰਕਾਰ ਦੇ ਕਾਇਮ-ਮੁਕਾਮ ਸਕੱਤਰ ਮਿ. ਟੀ.ਡੀ. ਫੋਰਸਾਈਥ ਨੇ ਕਾਫ਼ੀ ਲੰਬਾ ਨੋਟ ਲਿਖ ਦਿੱਤਾ :-

ਭਾਵੇਂ ਸਰਕਾਰ ਮਜ਼ਹਬ ਸਬੰਧੀ ਮਸਲਿਆਂ ਵਿਚ ਕਿਸੇ ਪ੍ਰਕਾਰ ਦਖਲ ਦੇਣਾ ਨਹੀਂ ਚਾਹੁੰਦੀ ਅਤੇ ਨਾ ਹੀ ਐਸੀਆਂ ਇਕਤ੍ਰਤਾਵਾਂ ਅਤੇ ਦੀਵਾਨਾਂ ਵਿਚ ਦਖਲ ਦੇਣਾ ਚਾਹੁੰਦੀ ਹੈ, ਜੋ ਧਾਰਮਕ ਸੁਧਾਰ ਦੇ ਸੰਬੰਧ ਵਿਚ ਲਗਾਏ ਜਾਣ। ਪਰ ਜੇ ਇਹੋ ਜਿਹੇ ਦੀਵਾਨ ਅਮਨ ਭੰਗ ਕਰਨ ਵਾਲੇ ਹੋਣ, ਤਦ ਐਸੀਆਂ ਇਕਤ੍ਰਤਾਵਾਂ, ਕਾਨੂੰਨ ਵਿਰੁਧ ਮੰਨੀਆਂ ਜਾਣਗੀਆਂ ਅਤੇ ਕਾਨੂੰਨ ਅਨੁਸਾਰ ਆਗੂ ਦੰਡ ਦੇ ਭਾਗੀ ਹੋਣਗੇ।

ਅੱਗੇ ਹੋਰ ਲਿਖਦਾ ਹੈ :-

**ਇਸ ਤਾੜਨਾ ਪਿਛੋਂ ਜੇ ਫੇਰ ਭੀ ਦੀਵਾਨ ਲੱਗਣ ਅਤੇ ਅਮਨ ਭੰਗ ਹੋਵੇ, ਤਦ ਇਸ ਲਈ ਰਾਮ ਸਿੰਘ ਤੇ ਉਸਦੇ ਮੁਰੀਦਾਂ ਨੂੰ ਜ਼ਿਮੇਵਾਰ ਠਹਿਰਾਇਆ ਜਾਵੇ ਅਤੇ ਸਰਕਾਰ ਦੇ ਬਰਖ਼ਲਾਫ ਬਗਾਵਤ ਕਰਨ ਦੇ ਜੁਰਮਾਂ ਵਿਚ ਮੁਕੱਦਮੇ ਚਲਾਏ ਜਾਣ।**

## ਕੂਕਿਆਂ ਦਾ ਡਾਕ ਪ੍ਰਬੰਧ

ਆਪ ਜੀ ਦੇ ਖਾਸ ਚਿੱਠੀ-ਪੱਤਰ ਤੇ ਹੁਕਮਨਾਮੇ ਸੰਗਤ ਵਿਚ ਭੇਜਣ ਲਈ ਸਰਕਾਰੀ ਡਾਕਖਾਨਿਆਂ ਦਾ ਬਾਈਕਾਟ ਕੀਤਾ ਗਿਆ ਸੀ। ਜਿਸ ਕਰਕੇ ਆਪ ਜੀ ਦੇ ਸਿੰਘ ਇਹ ਚਿੱਠੀ-ਪੱਤਰ ਜਾਂ ਹੁਕਮਨਾਮੇ ਪਿੰਡੋ ਪਿੰਡ ਅੱਗੇ ਤੋਂ ਅੱਗੇ ਸਿੰਘਾਂ ਹੱਥੀਂ ਹੀ ਭੇਜੇ ਜਾਇਆ ਕਰਦੇ ਸੀ।

ਇਸ ਸਮੇਂ ਨੂੰ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸੂਬਿਆਂ ਨੇ ਜਿਸ ਲਿਆਕਤ ਨਾਲ ਡਾਕ ਪ੍ਰਬੰਧ ਨੂੰ ਸੰਭਾਲਿਆਂ ਅਤੇ ਜਿਸ ਖੁਫ਼ੀਆ ਤਰੀਕੇ ਨਾਲ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਨੂੰ ਸੰਗਤਾਂ ਤੱਕ ਪਹੁੰਚਾਇਆ, ਉਸ ਬਾਰੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮੇਜਰ ਪਰਕਿਨਜ਼ ਇਸ ਤਰ੍ਹਾਂ ਲਿਖਦੇ ਹਨ :-

**ਕੂਕਿਆਂ ਦਾ ਆਪਸ ਦੀ ਡਾਕ ਦਾ ਆਪਣਾ ਹੀ ਨਿਜੀ ਪ੍ਰਬੰਧ ਹੈ, ਜੋ ਬਹੁਤ ਹੀ ਸ਼ਲਾਘਾ ਯੋਗ ਯੁਕਤੀ ਨਾਲ ਸੰਗਠਤ ਕੀਤਾ ਹੋਇਆ ਹੈ। ਖੁਫੀਆ ਹੁਕਮ ਯਾ ਹਦਾਇਤਾਂ ਉਸੇ ਤਰ੍ਹਾਂ ਚੁਫੇਰੇ ਭੇਜੀਆਂ ਜਾਂਦੀਆਂ ਹਨ, ਜਿਸ ਤਰ੍ਹਾਂ ਪੁਰਾਣੇ ਸਮਿਆਂ ਵਿਚ ਸਕਾਟ ਲੈਂਡ ਦੇ ਲੋਕੀਂ ਕੀਤਾ ਕਰਦੇ ਸਨ। ਇਕ ਪਿੰਡ ਵਾਲਾ ਕੂਕਾ, ਦੂਸਰੇ ਕੂਕੇ ਦੇ ਸੰਦੇਸ਼ ਯਾ ਚਿੱਠੀ ਉਸ ਪਿੰਡ ਵਿਚ ਲਿਆਉਂਦੇ ਸਾਰ ਹੀ, ਇਕ ਦਮ ਸਭ ਕੰਮ ਕਾਰ ਛੱਡ ਕੇ ਦੂਸਰੇ ਨੀਯਤ ਕੀਤੇ ਹਰਕਾਰੇ ਵਲ ਯਾ ਆਪ ਹੀ ਦੂਸਰੀ ਮੰਜ਼ਿਲ ਵਲ ਨੂੰ ਦੌੜ ਪੈਂਦਾ ਹੈ। ਸਾਰੇ ਕੰਮ ਵਿਚਕਾਰ ਹੀ ਛੱਡ ਦਿੰਦਾ ਹੈ। ਜੇ ਰੋਟੀ ਖਾਂਦਾ ਹੋਵੇ, ਤਦ ਦੂਜੀ ਗਰਾਹੀ ਨਹੀਂ ਪਾਂਦਾ, ਨਾ ਹੀ ਪਹਿਲੇ ਹਰਕਾਰੇ ਤੋਂ ਕੋਈ**

ਸਵਾਲ ਹੀ ਪੁੱਛਦਾ ਹੈ। ਜ਼ਰੂਰੀ ਗੱਲਾਂ ਕਾਗਜ਼ ਤੇ ਲਿਖ ਕੇ, ਚਿੱਠੀ ਦੀ ਸ਼ਕਲ ਵਿਚ ਨਹੀਂ ਸਗੋਂ ਸੰਦੇਸ਼ਾਂ ਰਾਹੀਂ ਜੁਬਾਨੀ ਭੇਜੀਆਂ ਜਾਂਦੀਆਂ ਹਨ। ਇਨ੍ਹਾਂ ਚਿੱਠੀਆਂ ਪਤ੍ਰਾ ਨੂੰ ਲਿਆਵਣ ਅਤੇ ਲੈਜਾਵਣ ਲਈ ਕੂਕੇ ਜਰਨੈਲੀ ਸੜਕ ਯਾ ਆਮ ਰਸਤੇ ਨਹੀਂ ਵਰਤਦੇ ਸਗੋਂ ਆਪਣੇ ਹੀ ਮਿਥੇ ਹੋਏ ਰਸਤੇ ਰਾਹੀਂ ਜਾਂਦੇ ਹਨ।

ਕੈਪਟਨ ਮੈਨਜ਼ੀਜ਼, ਸੁਪਰਟੈਂਡੈਂਟ ਪੋਲੀਸ ਅੰਮ੍ਰਿਤਸਰ 31 ਮਈ ਸੰਨ 1863 ਈ: ਦੀ ਰਿਪੋਰਟ ਵਿਚ ਲਿਖਦਾ ਹੈ :

**''ਇਸ ਸਾਲ ਦੀਵਾਲੀ ਤਕ ਗੁਰੂ ਰਾਮ ਸਿੰਘ ਦੀਆਂ ਸਾਰੀਆਂ ਸਕੀਮਾਂ ਮੁਕੰਮਲ ਹੋ ਜਾਣਗੀਆਂ ਅਤੇ ਅੰਮ੍ਰਿਤਸਰ ਵਿਚ ਬਲਵਾ ਹੋ ਜਾਵੇਗਾ। ਚਾਲੀ ਹਜ਼ਾਰ ਕੂਕੇ ਸਿੰਘ ਤਿਆਰ ਬਰ ਤਿਆਰ ਹਨ ਅਤੇ ਗੁਰੂ ਰਾਮ ਸਿੰਘ ਨੇ ਕਿਹਾ ਹੈ ਕਿ ਲੋੜ ਪੈਣ ਤੇ ਤੋਪਾਂ ਬੰਦੂਕਾਂ ਭੀ ਮਿਲ ਜਾਣਗੀਆਂ। ਗੁਰੂ ਰਾਮ ਸਿੰਘ ਸਿੱਖਾਂ ਨੂੰ ਕਵਾਇਦ ਸਿਖਾਉਂਦਾ ਹੈ। ਸਾਰੇ ਪੰਜਾਬ ਵਿੱਚ ਕੂਕਿਆਂ ਦਾ ਡਾਕ ਦਾ ਪਿੰਡ ਪਿੰਡ ਪ੍ਰਬੰਧ ਹੈ ਅਤੇ ਉਹ ਸਰਕਾਰੀ ਡਾਕਖਾਨੇ ਨੂੰ ਕਦੇ ਨਹੀਂ ਵਰਤਦੇ।''**

## ਨਜ਼ਰਬੰਦੀ ਅਤੇ ਬਗ਼ਾਵਤ

'ਬਾਬਾ ਰਾਮ ਸਿੰਘ ਕੂਕਾ' ਦੇ ਸਿਰਲੇਖ ਹੇਠ 'ਸਪਤ ਸ੍ਰਿੰਗ' ਵਿਚ ਸਿਰਦਾਰ ਕਪੂਰ ਸਿੰਘ ਆਈ.ਸੀ.ਐੱਸ. ਲਿਖਦੇ ਹਨ :

''ਸੰਨ 1863 ਈ: ਤੱਕ ਬਾਬਾ ਰਾਮ ਸਿੰਘ ਦੇ ਸ਼ਰਧਾਲੂਆਂ ਦੀ ਗਿਣਤੀ ਕਾਫੀ ਵਧ ਚੁੱਕੀ ਸੀ, ਤੇ ਇਸ ਸਾਲ ਦੀ ਵਿਸਾਖੀ ਤੋਂ ਪਹਿਲਾਂ ਬਾਬਾ ਰਾਮ ਸਿੰਘ ਨੇ ਥਾਂ-ਥਾਂ ਖ਼ਬਰ ਭੇਜ ਦਿੱਤੀ ਜੁ ਉਹ ਵਿਸਾਖੀ ਉੱਤੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਜਾਣਗੇ। ਅੰਗਰੇਜ਼ਾਂ ਦਾ ਰਾਜ ਅਜੇ ਪੰਜਾਬ ਵਿੱਚ ਨਵਾਂ-ਨਵਾਂ ਹੀ ਆਇਆ ਸੀ ਤੇ ਅਜੇ ਛੇ-ਸੱਤ ਸਾਲ ਹੀ ਹੋਏ ਸਨ ਕਿ 1857 ਦਾ ਗ਼ਦਰ ਹੋ ਕੇ ਹਟਿਆ ਸੀ, ਜਿਸ ਵਿੱਚ ਅੰਗਰੇਜ਼ਾਂ ਦਾ ਰਾਜ ਖ਼ਤਮ ਹੁੰਦਾ ਹੀ ਬਚਿਆ ਸੀ। ਬਾਬਾ ਰਾਮ ਸਿੰਘ, ਜਿਹੜੇ ਕਿ ਉਹਨਾਂ ਦਿਨਾਂ ਵਿੱਚ ਭਾਈ ਰਾਮ ਸਿੰਘ, ਕਰਕੇ ਸਦੀਂਦੇ ਸਨ, ਥਾਂ-ਥਾਂ ਆਪਣੇ ਪ੍ਰਚਾਰਕ ਜੱਥੇ ਲਈ ਫਿਰਦੇ ਸਨ ਤੇ ਇਸ ਗੱਲ ਦਾ ਧੜਕੂ ਅੰਗਰੇਜ਼ਾਂ ਦੇ ਮਨਾਂ ਉੱਤੇ ਬੈਠ ਗਿਆ ਸੀ। ਸੰਨ 1863 ਦੀ ਵਿਸਾਖੀ ਨੂੰ ਬਾਬਾ ਰਾਮ ਸਿੰਘ ਜਦੋਂ ਅੰਮ੍ਰਿਤਸਰ ਪੁੱਜੇ ਤਦ ਉਹਨਾਂ ਨਾਲ ਉਹਨਾਂ ਦੇ ਹਜ਼ਾਰਾਂ ਸ਼ਰਧਾਲੂ ਸਨ। ਅੰਗਰੇਜ਼ ਹਾਕਮਾਂ ਦੇ ਦਿਲ ਵਿੱਚ ਬਾਬਾ ਰਾਮ ਸਿੰਘ ਦੀ ਦਿਨੋ ਦਿਨ ਵਧ ਰਹੀ ਸ਼ਕਤੀ ਬਿਦੇਸ਼ੀ ਰਾਜ ਲਈ ਇਕ ਭਾਰੀ ਖਤਰਾ ਹੈ, ਮਹਿਸੂਸ ਹੋ ਰਹੀ ਸੀ।''

ਇਸ ਤੋਂ ਪਿਛੋਂ ਸਤਿਗੁਰੂ ਰਾਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦ ਕਰ ਦਿੱਤੇ ਗਏ। ਪੰਜਾਬ ਵਿਚ ਨਾਮਧਾਰੀ ਦੀਵਾਨਾਂ, ਮੇਲਿਆਂ ਅਤੇ ਹੋਰ ਇਕੱਠਾਂ 'ਤੇ

ਸਰਕਾਰੀ ਹੁਕਮ ਠੋਸ ਕੇ ਲਾਗੂ ਕਰਵਾ ਦਿੱਤੇ ਗਏ। ਨਾਮਧਾਰੀ ਸਿੰਘ ਅੰਗ੍ਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਬਾਗੀ, ਵਿਰੋਧੀ ਅਤੇ ਦੁਸ਼ਮਣ ਗਿਣੇ ਜਾਣ ਲੱਗ ਪਏ।

ਜੂਨ-ਜੁਲਾਈ ਸੰਨ 1863 ਈਃ ਨੂੰ ਜਦੋਂ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਜਾਰਜ ਈਲੀਅਟ ਨੇ ਇਹ ਉਪਰੋਕਤ ਸਾਰੇ ਸਰਕਾਰੀ ਹੁਕਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦਸ ਦਿੱਤੇ ਤਾਂ ਉਸ ਸਮੇਂ ਸ਼ੁਰੂ ਹੋ ਜਾਂਦੀ ਹੈ ਅੰਗ੍ਰੇਜ਼ ਸਰਕਾਰ ਦੇ ਖਿਲਾਫ਼ ਨਾਮਧਾਰੀ ਸਿੰਘਾਂ ਦੀ ਬਗਾਵਤ। ਪਿੰਡ-ਪਿੰਡ, ਕਸਬੇ ਤੇ ਸ਼ਹਿਰਾਂ ਵਿਚ ਇਹ ਖਬਰਾਂ ਅੱਗ ਦੀ ਤਰ੍ਹਾਂ ਫੈਲ ਗਈਆਂ। ਸੂਬਾ ਸਾਹਿਬ ਸਿੰਘ ਦੀ ਕਮਾਨ ਹੇਠ ਸਭ ਸੂਬਿਆਂ ਨੇ ਪੂਰੀ ਜ਼ਿਮੇਵਾਰੀ ਨਾਲ ਸਾਰੇ ਪਾਸੇ ਹਾਲਾਤ ਦੇ ਮੁਤਾਬਿਕ ਨਾਮਧਾਰੀ ਸਿੰਘ ਸੰਗਤਾਂ ਨੂੰ ਕੰਟਰੋਲ ਕਰਨਾ ਸ਼ੁਰੂ ਕਰ ਦਿੱਤਾ। ਮੁਖ਼ਬਰ ਗੇਂਦਾ ਸਿੰਘ ਸਰਕਾਰ ਨੂੰ ਖਬਰ ਭੇਜ ਰਿਹਾ ਹੈ :

**ਅੰਗਰੇਜ਼ਾਂ ਦੀ ਨੌਕਰੀ ਵਿਚ ਸਾਰੇ ਸਿੱਖਾਂ ਦੇ ਹਥਿਆਰਾਂ ਨੂੰ ਗੁਰੂ ਰਾਮ ਸਿੰਘ ਆਪਣੇ ਹਥਿਆਰ ਸਮਝਦਾ ਹੈ। ਜੇ ਸਾਹਿਬ ਸਿੰਘ ਆਗੂ ਬਣ ਗਿਆ, ਤਦ ਜ਼ਰੂਰ ਹੀ ਬਲਵਾ ਹੋ ਜਾਏਗਾ। ਕੂਕੇ ਬੜੇ ਜੋਸ਼ ਵਿਚ ਹਨ ਅਤੇ ਗੁਰੂ ਰਾਮ ਸਿੰਘ ਜੀ ਦੇ ਹੁਕਮ ਮੰਨਣ ਲਈ ਜਾਨਾਂ ਵਾਰਨ ਤੱਕ ਤਿਆਰ ਹਨ।**

## ਨਾਮਧਾਰੀ ਸੰਤ ਖਾਲਸੇ ਵਿਚ ਰਾਜਸੀ ਮੋੜ

ਇਸ ਤਰ੍ਹਾਂ ਧਰਮ ਪ੍ਰਚਾਰ ਦੇ ਨਾਲ ਹੀ ਆਜ਼ਾਦੀ ਦੀ ਗਲ ਵੀ ਜੱਥੇਦਾਰ ਦੀਵਾਨਾਂ ਵਿਚ ਕਰਿਆ ਕਰਦੇ ਸਨ। ਉਨ੍ਹਾਂ ਦੀ ਆਵਾਜ਼ ਵਿਚ ਐਸੀ ਤਾਸੀਰ ਹੋਇਆ ਕਰਦੀ ਸੀ ਕਿ ਪਿੰਡਾਂ ਦੇ ਪਿੰਡ ਕੂਕੇ (ਨਾਮਧਾਰੀ) ਸਿੱਖ ਸਜਦੇ ਜਾ ਰਹੇ ਸਨ ਅਤੇ ਅੰਗ੍ਰੇਜ਼ ਹਕੂਮਤ ਦੇ ਖਿਲਾਫ਼ ਆਵਾਜ਼ ਹੋਰ ਬੁਲੰਦ ਹੋ ਰਹੀ ਸੀ। ਇਸ ਤਰ੍ਹਾਂ ਧਾਰਮਿਕ ਨਿਯਮਾਂ ਦੇ ਨਾਲ ਰਾਜਨੀਤਕ ਸਰਗਰਮੀਆਂ ਦਾ ਪਹੁ ਫੁਟਾਲਾ ਵੀ ਹੋ ਗਿਆ।

ਸਿਰਦਾਰ ਕਪੂਰ ਸਿੰਘ 'ਸਪਤ ਸ੍ਰਿੰਗ' ਵਿਚ ਇਸ ਤਰ੍ਹਾਂ ਲਿਖਦੇ ਹਨ :-

**ਸੱਚੀ ਗਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜੇਹੀ ਨਹੀਂ ਹੋਈ, ਜਿਸ ਨੇ ਆਪਣੇ ਜੀਵਨ-ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉੱਚਾ ਰਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜੰਤਾ ਦੇ ਆਤਮਕ ਤੌਰ ਤੇ, ਸਮਾਜਿਕ ਤੌਰ ਤੇ ਅਤੇ ਰਾਜਸੀ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ, ਉਸ ਨੂੰ ਉਨਤੀ ਦੀ ਸਿਖਰ ਉਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਤੋਂ ਪਿਛੋਂ, ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਖ ਭਾਰਤ ਵਰਸ਼ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ। ਇਸ ਲਈ ਸ਼ਰਧਾਲੂਆਂ ਦੇ ਮਨ ਉੱਤੇ ਬਾਬਾ ਰਾਮ ਸਿੰਘ ਦੇ ਰੂਪ ਦਾ ਇਉਂ ਝਲਕਾਰਾ ਪੈਣਾ, ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਦਾ ਪ੍ਰਤਿਬਿੰਬ ਜਾਂ ਅਕਸ ਹੀ ਸਮਝਣ, ਇਕ ਕੁਦਰਤੀ ਜਿਹੀ ਗੱਲ ਸੀ।**

### ਅੰਗ੍ਰੇਜ਼ੀ ਸਾਮਰਾਜ ਵਿਰੁੱਧ ਜਦੋ-ਜਹਿਦ ਹੋਰ ਤੇਜ਼ :

ਨਾਮਧਾਰੀ ਲਹਿਰ ਦੇ ਪ੍ਰਭਾਵ ਹੇਠ ਦਰਪ ਦਾ ਇਲਾਕਾ, ਸਿਆਲਕੋਟ, ਸ਼ੇਖੂਪੁਰੇ ਦਾ ਇਲਾਕਾ ਵੀ ਪੂਰੀ ਤਰ੍ਹਾਂ ਆ ਚੁੱਕਿਆ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਨ੍ਹਾਂ ਇਲਾਕਿਆਂ ਵਿੱਚ ਕੀਤੇ ਜਾ ਰਹੇ ਪ੍ਰਚਾਰ ਦੌਰੇ ਦੀ ਰਿਪੋਰਟ ਸਿਆਲਕੋਟ (ਹੁਣ ਪਾਕਿਸਤਾਨ) ਦਾ ਡਿਪਟੀ ਕਮਿਸ਼ਨਰ 5 ਅਪ੍ਰੈਲ ਸੰਨ 1863 ਈ: ਨੂੰ ਲਿਖਦਾ ਹੈ ਕਿ **ਜ਼ਿਲ੍ਹਾ ਲੁਧਿਆਣੇ ਦਾ ਇਕ ਵਡੇਰੀ ਉਮਰ ਦਾ ਸਿਖ ਆਪਣੇ 200 ਸਾਥੀਆਂ ਸਮੇਤ ਇਸ ਜ਼ਿਲ੍ਹੇ ਵਿਚ ਦੌਰਾ ਕਰ ਰਿਹਾ ਹੈ। ਰਾਤ ਨੂੰ ਇਹ ਬੰਦੂਕਾਂ ਦੀ ਥਾਂ ਲਾਠੀਆਂ ਫੜਕੇ ਕਵਾਇਦ ਭੀ ਕਰਦੇ ਹਨ। ਉਸ ਦੇ 5000 ਪੈਰੋਕਾਰ ਹਨ। ਉਹ ਕਿਸੇ ਹਾਕਮ ਦਾ ਹੁਕਮ ਨਹੀਂ ਮੰਨਦਾ।**

ਇਸੇ ਤਰ੍ਹਾਂ ਦੀਆਂ ਸਰਕਾਰੀ ਰਿਪੋਰਟਾਂ ਵਿਚੋਂ ਅੰਬਾਲੇ ਦੇ ਸੁਪਰਡੈਂਟ ਅਤੇ ਕਮਿਸ਼ਨਰ ਕਰਨਲ ਆਰ.ਜੀ. ਟੇਲਰ ਨੇ ਸਰਕਾਰ ਨੂੰ 11 ਸਤੰਬਰ 1866 ਈ: ਨੂੰ ਲਿਖਿਆ :

ਇਨ੍ਹਾਂ (ਕੂਕਿਆਂ) ਦੀ ਹੋਂਦ ਅਤੇ ਖਾਸ ਕਰ ਇਨ੍ਹਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਅਤੇ ਆਪਸੀ ਤਾਲ-ਮੇਲ ਕਦੇ ਵੀ ਹੁਣ ਜਾਂ ਬਾਅਦ ਵਿਚ ਗੜਬੜ ਪੈਦਾ ਕਰ ਸਕਦਾ ਹੈ। ਆਪਸੀ ਸਹਿਯੋਗ ਅਤੇ ਸਹਿਚਾਰ ਦੀ ਭਾਵਨਾਂ ਕਾਰਨ ਇਨ੍ਹਾਂ ਦਾ ਆਗੂ ਕਦੇ ਵੀ ਇਨ੍ਹਾਂ ਨੂੰ ਵੱਡੇ ਫਤੂਰ ਲਈ ਵਰਤ ਸਕਦਾ ਹੈ।

19ਵੀਂ ਸਦੀ ਦੇ ਅੱਧ ਵਿਚ ਚੱਲੀ ਇਹ ਕੂਕਾ ਲਹਿਰ ਸਿਰਫ਼ ਅਧਿਆਤਮਕ ਲਹਿਰ ਹੀ ਨਹੀਂ ਸੀ ਬਲਕਿ ਸਮਾਜਿਕ ਅਤੇ ਰਾਜਨੀਤਕ ਤੌਰ ਤੇ ਵੀ ਇੰਨੀ ਭਾਰੂ ਸੀ ਕਿ ਵਿਦੇਸ਼ੀ ਹਾਕਮ ਅੰਗ੍ਰੇਜ਼ ਰਾਜ ਦੀਆਂ ਜੜ੍ਹਾਂ ਹਿਲਾ ਦੇਣ ਵਾਲੀ ਲਹਿਰ ਸਾਬਤ ਹੋ ਰਹੀ ਸੀ। ਚੂੰਕਿ ਕੂਕਾ ਅੰਦੋਲਨ ਦਾ ਰਾਜਨੀਤਕ ਚੇਤਨਾ ਪ੍ਰਚਾਰ ਭਾਵੇਂ 1857 ਈ. ਤੋਂ ਹੀ ਸ਼ੁਰੂ ਹੋ ਚੁੱਕਾ ਹੋਇਆ ਸੀ, ਪਰ ਖੁਲ੍ਹ ਕੇ 1863 ਈ. ਤੋਂ ਹੀ ਨਜ਼ਰੀ ਆਉਣ ਲਗਾ। ਇੰਨੇ ਸਾਲ ਤਿਆਰੀ ਵਿੱਚ ਹੀ ਲੱਗ ਗਏ। ਇਸ ਤਰ੍ਹਾਂ ਸੰਨ 1863 ਤੋਂ 67 ਤੱਕ ਸਖਤ ਪਾਬੰਦੀ ਲਗਣ ਦੇ ਬਾਵਜੂਦ ਲੋਕ ਧੜਾ-ਧੜ ਇਸ ਕੂਕਾ ਅੰਦੋਲਨ ਵਿੱਚ ਸ਼ਾਮਲ ਹੁੰਦੇ ਗਏ। ਅੰਬਾਲੇ ਦਾ ਜ਼ਿਲਾ ਸੁਪਰਡੈਂਟ ਪੁਲੀਸ ਕਪਤਾਨ ਹੈਰਿਸ 1866 ਈ. ਦੀ ਕੂਕਿਆਂ ਬਾਰੇ ਰਿਪੋਰਟ ਵਿੱਚ ਲਿਖਦਾ ਹੈ :- Some 15 Villages composed almost entirely of believers in (Guru) Ram Singh's creed.

ਸਮਕਾਲੀ ਲੇਖਕ 'ਪੰਜਾਬ ਦਾ ਇਤਿਹਾਸ' ਵਿਚ ਸਯਦ ਮੁਹੰਮਦ ਲਤੀਫ਼ ਲਿਖਦਾ ਹੈ:

**(ਗੁਰੂ) ਰਾਮ ਸਿੰਘ ਅਤੇ ਉਸ ਦੇ ਮੁਰੀਦਾਂ ਦੇ ਮੁੱਦੇ ਮਹਿਜ਼ ਧਾਰਮਕ ਹੀ ਨਹੀਂ ਸਨ, ਸਗੋਂ ਇਕ ਧਾਰਮਕ, ਸੁਧਾਰਕ ਅਤੇ ਸਦਾਚਾਰਕ ਨਸੀਹਤਾਂ ਦੇ ਬਾਣੇ ਵਿੱਚ ਉਸ ਨੇ ਡੂੰਘੇ ਰਾਜਨੀਤਕ ਮਨਸੂਬੇ ਬਣਾਏ।**

ਸੈਕਟਰੀ ਫਾਰ ਇੰਡੀਆ ਵਾਇਸਰਾਇ ਨੂੰ ਆਪਣੀ ਡਿਸਪੈਚ ਨੰ: 97 (31 ਮਈ, 1867) ਵਿਚ ਲਿਖਦਾ ਹੈ :

*''ਰਿਪੋਰਟਾਂ ਵਿਚ ਆਈਆਂ ਕੂਕਿਆਂ ਦੀਆਂ ਕਾਰਵਾਈਆਂ ਤੋਂ ਖਤਰਨਾਕ ਰਾਜਸੀ ਭਾਵ ਪ੍ਰਤੀਤ ਹੁੰਦੇ ਹਨ ਅਤੇ ਇਸ ਵੇਲੇ ਭਾਵੇਂ ਮੈਂ ਗੁਰੂ ਰਾਮ ਸਿੰਘ ਤੇ ਉਸ ਦੇ ਅਨੁਯਾਈਆਂ ਦੀਆਂ ਕਾਰਵਾਈਆਂ ਵਿਚ ਸਿੱਧਾ ਦਖਲ ਦੇਣਾ ਜ਼ਰੂਰੀ ਨਹੀਂ ਸਮਝਦਾ, ਪਰ ਇਹ ਜ਼ਰੂਰੀ ਭਾਸਦਾ ਹੈ ਕਿ ਇਨ੍ਹਾ ਪਰ ਅੰਦਰੋਂ ਅੰਦਰ ਨਿਗਰਾਨੀ ਰੱਖੀ ਜਾਏ।''*

ਸਿਆਲਕੋਟ ਜ਼ਿਲ੍ਹੇ ਤੋਂ ਕੈਪਟਨ ਟੂਲੋਚ 27 ਅਕਤੂਬਰ 1867 ਈ. ਦੀ ਰਿਪੋਰਟ ਅਨੁਸਾਰ :- **ਇਸ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਦਾ ਇੰਨਾਂ ਅਸਰ ਹੋ ਰਿਹਾ ਸੀ ਕਿ ਇਕ ਦਿਨ ਵਿਚ 80,000 ਮਾਲਾ ਗੁਰੂ ਰਾਮ ਸਿੰਘ ਦੁਆਰਾ ਨਵੇਂ ਬਣੇ ਸੇਵਕਾਂ ਨੂੰ ਦਿਤੀਆਂ ਗਈਆਂ।** ਮੁਕਦੀ ਗੱਲ ਇਹ ਹੈ ਕਿ ਬਰਤਾਨਵੀ ਹਕੂਮਤ ਨੂੰ ਸਤਿਗੁਰੂ ਰਾਮ ਸਿੰਘ ਜੀ ਰਾਹੀਂ ਕੀਤੇ ਜਾ ਰਹੇ ਹਰ ਇਕ ਕੰਮ ਵਿਚੋਂ ਸਰਕਾਰ ਵਿਰੋਧੀ ਹੋਣ ਦੀ ਬੂ ਆਉਣ ਲੱਗ ਪਈ ਸੀ।

# ਕੌਮੀ ਸੁਤੰਤਰਤਾ ਸੰਗਰਾਮ ਲਈ ਸਦਾਚਾਰਕ ਤੇ ਆਤਮਿਕ ਬਲ ਪੈਦਾ ਕਰਨਾ

## ਨਾ-ਮਿਲਵਰਤਨ ਲਹਿਰ :

ਬਹੁਤ ਘੱਟ ਸਮੇਂ ਅੰਦਰ ਆਪ ਜੀ ਦੀ ਬਰਤਾਨਵੀ ਹਕੂਮਤ ਵਿਰੁੱਧ ਚਲਾਈ ਗਈ ਨਾ-ਮਿਲਵਰਤਨ ਲਹਿਰ(**ਪੂਰਨ ਬਾਈਕਾਟ**) ਜਿਸ ਵਿਚ ਅੰਗ੍ਰੇਜ਼ ਸਰਕਾਰ ਦੀ ਬਣਾਈ ਰੇਲ, ਕਚਹਿਰੀਆਂ, ਸਕੂਲਾਂ-ਕਾਲਜਾਂ, ਵਿਦੇਸ਼ੀ ਕੱਪੜੇ, ਹੋਰ ਵਸਤਾਂ ਦੇ ਨਾਲ-ਨਾਲ ਡਾਕਖਾਨਿਆਂ ਅਤੇ ਹੋਰ ਮੁੱਖ ਸਹੂਲਤਾਂ ਜੋ ਅੰਗ੍ਰੇਜ਼ ਵਲੋਂ ਲੋਕਾਂ ਨੂੰ ਦਿਤੀਆਂ ਜਾ ਰਹੀਆਂ ਸਨ, ਦਾ ਪੂਰਨ ਬਾਈਕਾਟ ਕੀਤਾ ਗਿਆ। ਬਰਤਾਨਵੀ ਸਰਕਾਰ ਨਾਲ ਪੂਰੀ ਤਰ੍ਹਾਂ ਦਾ ਸਤਿਆਗ੍ਰਹਿ ਵਿਢ ਦਿੱਤਾ। ਅੰਗ੍ਰੇਜ਼ ਸਰਕਾਰ ਦੀ ਨੌਕਰੀ ਨਹੀਂ ਕਰਨੀ, ਸੜਕਾਂ, ਨਹਿਰਾਂ ਦੇ ਪਾਣੀ ਤਕ ਦੀ ਮਨਾਹੀ ਕਰ ਦਿੱਤੀ ਗਈ। ਅਸਲ ਗਲ ਇਹ ਸੀ ਕਿ ਵਿਦੇਸ਼ੀ ਹਕੂਮਤ ਨਾਲ ਹਰ ਪ੍ਰਕਾਰ ਦਾ **ਅਸਹਿਯੋਗ ਅਤੇ ਨਾ-ਮਿਲਵਰਤਨ** ਸਤਿਗੁਰੂ ਰਾਮ ਸਿੰਘ ਜੀ ਦੇ ਪੈਰੋਕਾਰਾਂ-ਕੂਕਿਆਂ ਨੇ ਅਮਲੀ ਰੂਪ ਵਿੱਚ ਅਪਣਾਇਆ ਹੋਇਆ ਸੀ।

**ਪੰਚਾਇਤੀ ਰਾਜ** : ਆਪ ਜੀ ਦੇ ਵਿਸ਼ੇਸ਼ ਆਦੇਸ਼ਾਂ ਵਿੱਚੋਂ ਸਿੱਖਾਂ ਲਈ ਇਕ ਆਦੇਸ਼ ਇਹ ਵੀ ਸੀ ਕਿ ਆਪਸੀ ਝਗੜਿਆਂ ਨੂੰ ਅਦਾਲਤਾਂ ਵਿਚ ਲਿਜਾਣ ਦੀ ਬਜਾਇ ਆਪਣੀ ਬਣਾਈ ਹੋਈ ਪੰਚਾਇਤ ਜਿਸ ਦਾ ਮੁੱਖੀ ਸੂਬਾ ਹੋਇਆ ਕਰਦਾ ਸੀ ਦੇ ਵਿਚ ਬੈਠ ਕੇ ਹੱਲ ਕਰ ਲਿਆ ਜਾਵੇ। ਇਸ ਨਾਲ ਸਰਕਾਰੀ ਅਦਾਲਤਾਂ ਦੀਆਂ ਗੁੰਝਲਦਾਰ ਕਾਰਵਾਈਆਂ ਦੀ ਖੱਜਲ ਖੁਆਰੀ ਤੇ ਰੁਪਿਆ ਪੈਸਾ ਬਰਬਾਦ ਹੋਣੋ ਬਚ ਜਾਂਦਾ ਹੈ ਅਤੇ ਵੈਰ ਵਿਰੋਧ ਅਗੇ ਤੋਂ ਅੱਗੇ ਤੁਰੀਆਂ ਜਾਂਦੀਆਂ ਕੜੀਆਂ ਤੋਂ ਬਚਾਅ ਹੋ ਜਾਂਦਾ ਹੈ।

ਇਸੇ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਧਰਮ ਨੂੰ ਪਹਿਲ ਦਿੱਤੀ। ਧਰਮ ਤਦ ਹੀ ਸੁੱਰਖਿਅਤ ਹੈ ਜੇ ਦੇਸ਼ ਵਿੱਚ ਆਪਣਾ ਰਾਜ ਹੋਵੇ, ਗੁਲਾਮੀ ਤੋਂ ਛੁਟਕਾਰਾ ਹੋਵੇ। ਆਪ ਨੇ ਅੰਗਰੇਜ਼ ਨੂੰ ਇਸ ਦੇਸ਼ ਦੇ ਰਾਜੇ ਹੋਣ ਦੀ ਮਾਨਤਾ ਪ੍ਰਦਾਨ ਨਹੀਂ ਕੀਤੀ ਬਲਕਿ ਉਸ ਨੂੰ ਇਸ ਦੇਸ਼ ਵਿਚੋਂ ਬਾਹਰ ਕਢਣ ਲਈ ਆਪਣੀ ਜੁਗਤ ਨਾਲ ਨਾ-ਮਿਲਵਰਤਨ ਦਾ ਐਸਾ ਅੰਦੋਲਨ ਚਲਾਇਆ, ਜਿਸ ਤੋਂ ਅੰਗਰੇਜ਼ ਅਤਿ ਦੇ ਭੈ-ਭੀਤ ਹੋਏ। ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿੱਚ ਨਾਮਧਾਰੀ ਇਨ੍ਹਾਂ ਧਾਰਨਾਂ ਨੂੰ ਉੱਚੀ-ਉੱਚੀ ਪੜ੍ਹਿਆ ਕਰਦੇ ਸੀ।

- ਓਏ ! ਅਸਾਂ ਹਿੰਦ ਵਿੱਚ ਗਦਰ ਮਚੌਣਾ ਕਢਣਾ ਫਰੰਗੀਆਂ ਨੂੰ।

- ਏਥੋਂ ! ਚੁੱਕ ਲੈ ਫਰੰਗੀਆ ਡੇਰਾ, ਖਾਲਸੇ ਨੇ ਰਾਜ ਕਰਨਾ।

ਡਾ: ਪੀ. ਸੀ. ਰਾਏ ਨੇ 'ਰੂਸ ਦਰਬਾਰ ਵਿੱਚ ਕੂਕਾ ਨੇਤਾ ਗੁਰਚਰਨ ਸਿੰਘ' ਦੇ ਸਿਰਲੇਖ ਹੇਠ ਸੰਨ 1958 ਵਿੱਚ ਲਿਖਿਆ ਹੈ :

**ਨਿਰੋਲ ਧਰਮ-ਪ੍ਰੇਰਨਾ ਦੇ ਅਧੀਨ ਸੰਗਠਨ ਬਣਨ ਤੇ ਵੀ ਭਾਰਤ ਦੇ ਆਜ਼ਾਦੀ ਲਈ ਸੰਗਰਾਮ ਦੇ ਇਤਿਹਾਸ ਵਿੱਚ ਕੂਕਿਆਂ ਦੇ ਦਾਨ ਨੇ ਇੱਕ ਉਜਲੇ ਅਧਿਆਏ ਦੀ ਰਚਨਾ ਕੀਤੀ ਹੈ।**

''ਪੁਰਾਤਨ ਧਰਮ ਵਿੱਚ ਪ੍ਰਪੱਕ ਹੋ ਚੁੱਕੀ ਨਾਮਧਾਰੀ ਸੰਸਥਾ ਅੰਦਰ ਅਸਹਿਯੋਗ ਤੇ ਨਾ-ਮਿਲਵਰਤਨ ਦਾ ਐਸਾ ਸੰਚਾਰ ਕੀਤਾ ਕਿ ਉਸ ਵੇਲੇ ਸਿੱਖ ਸੰਪਰਦਾ ਵਿੱਚੋਂ ਇੱਕ ਬੇ-ਮਿਸਾਲ ਰਾਜਨੀਤਕ ਚੇਤਨ ਦ੍ਰਿਸ਼ਟੀ ਗੋਚਰ ਹੋਈ। ਅਨੇਕ ਤਰ੍ਹਾਂ ਦੇ ਇਤਿਹਾਸਕ ਉਤਾਰਾਂ-ਚੜ੍ਹਾਵਾਂ, ਹਮਲਿਆਂ ਤੇ ਜਵਾਬੀ ਹਮਲਿਆਂ ਦੇ ਨਤੀਜੇ ਵਜੋਂ ਪੰਜਾਬ ਦੇ ਹਾਲਾਤ ਵਿੱਚ ਤੇਜ਼ੀ ਨਾਲ ਤਬਦੀਲੀ ਆਈ। ਇਹੀ ਇਕ ਐਸਾ ਕਾਰਣ ਹੈ ਕਿ ਧਰਮ ਸੰਪਰਦਾ ਨੂੰ ਵੀ ਹਥਿਆਰਬੰਦ ਹੋਣਾ ਪਿਆ। ਬ੍ਰਿਟਿਸ਼ ਪੰਜੇ ਵਿੱਚੋਂ ਆਪਣੀ ਤੇ ਭਾਰਤ ਦੀ ਆਜ਼ਾਦੀ ਲਈ ਹੋਰ ਬਦੇਸ਼ੀ ਰਾਜਾਂ ਨਾਲ ਸੰਬੰਧ ਜੋੜ ਕੇ ਉਨਾਂਦੀ ਸਹਾਇਤਾ ਹਾਸਲ ਕਰਨ ਲਈ ਯਤਨ ਕਰਨਾ ਪਿਆ। ਸਿੱਖ ਰਾਜ ਦੇ ਖਾਤਮੇ ਕਰਕੇ ਖਾਲਸਾ ਫੌਜ ਦੇ ਬਹੁਤੇ ਸਿੱਖ ਬੇਕਾਰ ਹੋ ਗਏ ਸਨ। ਉਨ੍ਹਾਂ ਲਈ ਨਿਰਾ ਖੇਤੀਬਾੜੀ ਉੱਤੇ ਨਿਰਭਰ ਰਹਿਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਮੰਦੇ ਦਿਨਾਂ ਵਿੱਚ ਗੁਜ਼ਾਰਾ ਕਰਨ ਲਈ ਖੇਤੀਬਾੜੀ ਦਾ ਕੰਮ ਸ਼ੁਰੂ ਕਰਨ ਤੇ ਵੀ ਇਕ ਫੌਜੀ ਜਾਤੀ ਲਈ ਇਸ ਕੰਮ ਵਿੱਚ ਪੂਰੀ ਤਰ੍ਹਾਂ ਮਨ ਲਗਾਉਣਾ ਸੰਭਵ ਨਹੀਂ। ਖਾਸ ਕਰਕੇ ਬਹੁਤੇ ਲੋਕ ਬੇ-ਜ਼ਮੀਨੇ ਹਲਵਾਹਕ ਸਨ - ਸੋ ਇਸ ਕੰਮ ਰਾਹੀਂ ਪਰਿਵਾਰ ਦਾ ਗੁਜ਼ਾਰਾ ਚਲਾਉਣਾ ਅਸੰਭਵ ਹੋ ਗਿਆ ਸੀ। ਸੋ ਇਸ ਜਾਤੀ ਵਿੱਚ ਬਹੁਤ ਹੀ ਜ਼ਿਆਦਾ ਬੇਚੈਨੀ ਦੀ ਹਾਲਤ ਪੈਦਾ ਹੋ ਗਈ। ਇਸ ਅਸੰਤੋਖ ਦੀ ਅੱਗ ਵਿੱਚ ਬਾਲਣ ਪਾਇਆ ਅੰਗਰੇਜ਼ਾਂ ਦੀ ਲੁੱਟ-ਖਸੁੱਟ ਦੀ ਨੀਤੀ ਨੇ। ਬੇ ਜ਼ਮੀਨ ਕਿਸਾਨ ਸਮਾਜ ਨੇ ਨਾਮਧਾਰੀ ਸੰਪਰਦਾ ਦੇ ਇਸ ਮੁੜ ਜਾਗਰਨ ਦੀ ਯੋਜਨਾ ਵਿਚ ਪੂਰੀ ਤਰ੍ਹਾਂ ਮਨ ਲਗਾਇਆ ਤੇ ਇਸ ਅੰਦੋਲਨ ਵਿੱਚੋਂ ਆਪਣਾ ਆਜ਼ਾਦੀ ਦਾ ਰਾਹ ਲੱਭਿਆ ਅਤੇ ਖਾਸ ਕਰਕੇ ਕੂਕਾ ਸੰਪਰਦਾ ਦੇ ਜਨਕ ਗੁਰੂ ਬਾਲਕ ਸਿੰਘ ਦੇ ਉਤਰਾਧਿਕਾਰੀ ਜ਼ਿਲ੍ਹਾ ਲੁਧਿਆਣਾ ਦੇ ਗੁਰੂ ਰਾਮ ਸਿੰਘ ਜੀ ਦੀ ਅਸਾਧਾਰਨ ਸੰਗਠਨ ਪ੍ਰਤਿਭਾ, ਭਾਸ਼ਣ ਕਲਾ ਤੇ ਅਡੋਲ ਸਿਦਕ ਨੇ ਇਸ ਅੰਦੋਲਨ ਦੀ ਨੀਂਹ ਪੱਕੀ ਕਰ ਦਿੱਤੀ ਤੇ ਹੌਲੀ-ਹੌਲੀ ਕੂਕਾ ਅੰਦੋਲਨ ਕਿਸਾਨ ਸਮਾਜ ਦਾ ਆਪਣਾ ਅੰਦੋਲਨ ਬਣ ਗਿਆ।''

- ਡਾ: ਪੀ. ਸੀ. ਰਾਏ ਰਿਸਰਚ ਸਕਾਲਰ

ਇਸ ਤਰ੍ਹਾਂ ਨਾਮਧਾਰੀ ਸਮਾਜ ਅੰਦਰ ਇਸ ਕ੍ਰਾਂਤੀਕਾਰੀ ਅੰਦੋਲਨ ਨੂੰ ਚਲਾ ਕੇ ਇਹ ਵਿਸ਼ਵਾਸ਼ ਪੈਦਾ ਹੋ ਗਿਆ ਸੀ ਕਿ ਅੱਧਾ ਸਵਰਾਜ ਤਾਂ ਉਨ੍ਹਾਂ ਨੇ ਹਾਸਲ ਕਰ ਹੀ ਲਿਆ ਹੈ ਤੇ ਬਾਕੀ ਦਾ ਵੀ ਛੇਤੀ ਹੀ ਪ੍ਰਾਪਤ ਕਰ ਲਿਆ ਜਾਵੇਗਾ।

ਸੰਨ 1935 ਵਿਚ ਡਾ: ਰਾਜਿੰਦਰ ਪ੍ਰਸਾਦ ਆਪਣੇ ਇਕ ਲੇਖ ''ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੇ ਸਿਧਾਂਤ'' ਵਿੱਚ ਇੰਝ ਲਿਖਦੇ ਹਨ :-

**ਗੁਰੂ ਰਾਮ ਸਿੰਘ ਸੁਤੰਤ੍ਰਤਾ ਕੋ ਭੀ ਧਰਮ ਕਾ ਅਵਸ਼ਕ ਅੰਗ ਸਮਝਤੇ ਥੇ ਔਰ ਨਾਮਧਾਰੀਓ ਕਾ ਸੰਗਠਨ ਬਹੁਤ ਜ਼ੋਰਦਾਰ ਹੋ ਗਿਆ ਥਾ। ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਜੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਯਾ ਉਸਕੋ ਗੁਰੂ ਰਾਮ ਸਿੰਘ ਨੇ ਪ੍ਰਾਯ ਪਚਾਸ਼ ਵਰਸ਼ ਪੂਰਵ ਹੀ ਨਾਮਧਾਰੀਓ ਮੇਂ ਪ੍ਰਚਲਤ ਕੀਆ ਥਾ। ਉਨ ਕੇ ਸਿਧਾਂਤੋਂ ਮੇਂ ਪਾਂਚ ਚੀਜ਼ੇਂ ਹੈਂ :-**

1. **ਸਰਕਾਰੀ ਨੌਕਰੀ ਕਾ ਬਹਿਸ਼ਕਾਰ**
2. **ਸਰਕਾਰੀ ਸਕੂਲੋਂ ਕਾ ਬਹਿਸ਼ਕਾਰ**
3. **ਸਰਕਾਰੀ ਅਦਾਲਤੋਂ ਕਾ ਬਹਿਸ਼ਕਾਰ**
4. **ਵਿਦੇਸ਼ੀ ਵਸਤਰੋਂ ਕਾ ਬਹਿਸ਼ਕਾਰ**
5. **ਐਸੇ ਕਾਨੂੰਨ ਮਾਨਨੇ ਸੇ ਇਨਕਾਰ ਜੋ ਆਪਨੀ ਆਤਮਾ ਕੇ ਵਿਰੁੱਧ ਹੋਂ।**

# ਸ਼ਾਂਤਮਈ-ਸਤਿਆਗ੍ਰਹਿ ਦੀ ਸ਼ੁਰੂਆਤ

## ਹੋਲਾ ਮਹੱਲਾ ਅਨੰਦਪੁਰ ਸਾਹਿਬ :

ਹੁਣ ਸਤਿਗੁਰੂ ਜੀ ਨੇ ਨਜ਼ਰਬੰਦੀ ਤੋਂ ਮੁਕਤ ਹੋਣ ਲਈ ਸਰਕਾਰ ਦੀ ਹੁਕਮ-ਅਦੂਲੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਛੋਟੇ ਛੋਟੇ ਦੌਰੇ ਸ਼ੁਰੂ ਕਰ ਦਿੱਤੇ। ਮਾਰਚ 1867 ਈ: ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਾਬੰਦੀ ਹੋਣ ਦੇ ਬਾਵਜੂਦ ਵੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਮਨਾਉਣ ਦਾ ਹੁਕਮ ਸੰਗਤਾਂ ਪ੍ਰਤੀ ਜਾਰੀ ਕਰ ਦਿਤਾ। ਡੀ.ਸੀ. ਲੁਧਿਆਣਾ ਮਿ: ਏਲੀਅਟ ਅਤੇ ਪੁਲਿਸ ਦਾ ਮੁੱਖੀ ਸ੍ਰੀ ਭੈਣੀ ਸਾਹਿਬ ਜਾ ਕੇ ਸਾਰੇ ਹਾਲਾਤ ਤੇ ਗੌਰ ਕਰਨ ਉਪਰੰਤ ਭਾਰਤ ਸਰਕਾਰ ਨੂੰ ਇਸ ਗੱਲ ਤੇ ਲੈ ਆਂਦਾ ਕਿ ਜੇਕਰ ਉਨ੍ਹਾਂ ਦੀ ਹਕੂਮਤ ਹੁਣ ਹੋਲਾ ਮਹੱਲਾ 'ਤੇ ਰੋਕ ਲਗਾਉਂਦੀ ਹੈ ਤਾਂ ਇਸ ਹੋਲੇ ਮਹੱਲੇ ਦਾ ਇਕੱਠ ਸ੍ਰੀ ਅਨੰਦਪੁਰ ਸਾਹਿਬ ਵੀ ਹੋਵੇਗਾ ਤੇ ਸ੍ਰੀ ਭੈਣੀ ਸਾਹਿਬ ਵੀ ਹੋ ਜਾਵੇਗਾ। ਇਸ ਤੇ ਸਰਕਾਰ ਨੇ ਮਜਬੂਰੀ ਵਸ ਮਨਜ਼ੂਰੀ ਦੇ ਦਿੱਤੀ ਪਰ ਨਾਲ ਹੀ ਪੁਲਿਸ ਨੂੰ ਉੱਥੇ ਵੱਖ-ਵੱਖ ਥਾਵਾਂ ਤੋਂ ਪੁੱਜ ਰਹੀਆਂ ਸੰਗਤਾਂ 'ਤੇ ਕੰਟਰੋਲ ਕਰਨ ਲਈ ਆਖਿਆ ਗਿਆ ਅਤੇ ਖੁਫੀਆਂ ਮਹਿਕਮੇ ਨੂੰ ਵੀ ਇਸ ਪ੍ਰਤੀ ਸੁਚੇਤ ਕੀਤਾ ਗਿਆ। ਗੁਰਦੁਆਰੇ ਦੇ ਪੁਜਾਰੀਆਂ ਤੇ ਨਿਹੰਗ ਸਿੰਘਾਂ ਦੇ ਵਿਰੋਧ ਨੇ ਵੀ ਪੂਰਾ ਰੰਗ ਵਿਖਾਣਾ ਸ਼ੁਰੂ ਕਰ ਦਿੱਤਾ। ਏਧਰ ਨਾਮਧਾਰੀ ਸਿੰਘਾਂ ਨੂੰ ਜਗ੍ਹਾ ਜਗ੍ਹਾ ਖਬਰਾਂ ਪੁਜਦੀਆਂ ਕਰ ਦਿੱਤੀਆਂ ਗਈਆਂ। ਮਾਹੀ ਦੀ ਇਸ ਸਦ ਨੂੰ ਸੁਣਦਿਆਂ ਹੀ ਨਾਮਧਾਰੀ ਸੰਗਤਾਂ ਨੇ ਸ੍ਰੀ ਭੈਣੀ ਸਾਹਿਬ ਨੂੰ ਵਹੀਰਾਂ ਘੱਤ ਲਈਆਂ। ਇਥੇ ਗੁਰੂ ਗੋਬਿੰਦ ਸਿੰਘ ਜੀ ਦਾ ਉਹ ਸ਼ਬਦ ਪੂਰੀ ਤਰ੍ਹਾਂ ਢੁੱਕ ਰਿਹਾ ਸੀ

**ਲੱਖੀ ਜੰਗਲ ਖਾਲਸਾ ਆਇ ਦੀਦਾਰ ਲਗੋ ਨੇ।।**
**ਸੁਣ ਕੇ ਸੱਦ ਮਾਹੀ ਦੀ, ਮੇਂਹੀ ਪਾਣੀ ਘਾਹੁ ਮੁਤੋ ਨੇ।।**
**ਕਿਸੇ ਨਾਲ ਨ ਰਲੀਆ ਕਾਈ, ਕੋਈ ਸਉਕ ਪਿਯੋ ਨੇ।।**
**ਗਿਆ ਫਿਰਾਕ, ਮਿਲਿਆ ਮਿਤ ਮਾਹੀ, ਤਾਹੀ ਸ਼ੁਕਰ ਕਿਤੋ ਨੇ।। ਪ੍ਰਾ: 10**

ਸਾਰੇ ਸੂਬੇ, ਨਾਇਬ ਸੂਬੇ, ਜਥੇਦਾਰ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਪੁਜ ਗਈਆਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ 40 ਦੇ ਕਰੀਬ ਘੋੜਿਆਂ 'ਤੇ 22 ਸੂਬੇ ਅਤੇ ਹੋਰ ਮੁੱਖੀ ਸਿੰਘ ਵੀ ਸਨ ਅਤੇ ਪਿਛੇ ਸੰਗਤਾਂ ਰੂਪੀ ਠਾਠਾ ਮਾਰਦੇ ਸਮੁੰਦਰ ਦੇ ਕਾਰਣ ਸਾਰਾ ਵਾਤਾਵਰਨ ਹੀ ਚਿੱਟਾ ਚਿਟਾਣ ਹੋ ਗਿਆ। ਇਸ ਤਰ੍ਹਾਂ ਚੌਹ ਪਾਸੇ ਤੋਂ ਸੰਗਤਾਂ ਨੇ ਢੋਲਕ ਛੈਣਿਆਂ ਨਾਲ ਸ਼ਬਦ ਪੜਦੇ ਗੂੰਜਾਰਾ ਪਾਂਦੇ ਹੋਏ ਆਨੰਦਪੁਰ

ਸਾਹਿਬ ਨੂੰ ਵਹੀਰਾਂ ਘਤ ਚਾਲੇ ਪਾ ਦਿੱਤੇ। ਉਸ ਸਮੇਂ ਦੇ ਨਜ਼ਾਰੇ ਨੂੰ ਸੰਤ ਧਿਆਨ ਸਿੰਘ ਜੀ ਨੇ ''ਸਤਿਗੁਰੂ ਬਿਲਾਸ'' ਨਾਮੀ ਗ੍ਰੰਥ ਵਿੱਚ ਇਉਂ ਅੰਕਿਤ ਕੀਤਾ ਹੈ :-

*ਗ੍ਰਾਮ ਦਸਮੇਸ ਕੋ ਵਿਸੇਸ ਸੋ ਅਨੰਦਪੁਰ, ਸਾਚੋ ਹੀ ਅਨੰਦ-ਪੁਰੋ ਜਾਮੈ ਦ੍ਰਿਸਟਾਇ ਹੈ।*
*ਉਡਤ ਬਿਸਾਲ ਜੇ ਗੁਲਾਲ ਲਾਲ ਅਲਤਾ ਸੋ, ਹੋਵਤ ਨਿਹਾਲ ਸਿੰਘ ਬੇਖ ਬੇਖ ਜਾਇ ਹੈ!*
*ਉਜਲ ਪੁਸ਼ਾਕੇ ਛੈਲ ਬਾਂਕੇ ਪਹਿਰ ਆਵੈ, ਛਿਰਕਾਵੈਂ ਰੰਗ ਲਾਲ ਤਾਂਕੇ ਲਾਲ ਮਨ ਭਾਇ ਹੈ।*
*ਕੇਸਾ ਧਾਰੀ ਖੇਲੇਂ ਹੋਲਾ ਵਕਤ ਅਮੋਲਾ ਸ਼ੁਭ ਧਿਆਨ, ਸਿੰਘ ਗੋਲਾ ਤਾਕੋ ਸਦਾ ਜਸ ਗਾਇ ਹੈ।85*

*ਪੰਨਾ 122*

(ਅਜਿਹਾ ਹੀ ਨਜ਼ਾਰਾ ਜਿਨ੍ਹਾਂ ਨੇ ਸੰਨ 1999 (300 ਸਾਲਾ ਖਾਲਸਾ ਸਾਜਨਾ ਦਿਵਸ) ਦੀ ਵਿਸਾਖੀ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਹੇਠ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਆਨੰਦਪੁਰ ਸਾਹਿਬ ਜਾਣ ਲਈ ਨਾਮਧਾਰੀ ਸੰਤ ਖਾਲਸ਼ਾ ਮਾਰਚ ਜਿਸ ਵਿਚ 35,000 ਦੇ ਕਰੀਬ ਚਿੱਟੇ ਵਸਤਰਾਂ ਵਿਚ ਸੰਗਤਾਂ ਪੁਜੀਆਂ ਦਾ ਵੇਖਿਆ ਹੈ, ਉਹ ਹੀ ਉਸ ਸਮੇਂ ਦਾ ਅਨੁਭਵ ਕਰ ਸਕਦਾ ਹੈ)

19 ਮਾਰਚ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਚੀਨੀ ਘੋੜੀ ਤੇ ਸਵਾਰ ਹੋ ਕੇ ਅਗੇ ਅਗੇ ਅਤੇ ਪਿੱਛੇ ਸਿੱਖ ਸੰਗਤਾਂ ਗੁਰਦੁਆਰਾ ਕੇਸ ਗੜ੍ਹ ਦੇ ਲਈ ਆਨੰਦਪੁਰ ਸਾਹਿਬ ਪੁੱਜੀਆਂ। ਮਿ: ਮੈਕਐਂਡਰਿਓ ਨੇ ਸੂਬਾ ਸੁੱਧ ਸਿੰਘ ਨਾਲ ਗੱਲਬਾਤ ਕੀਤੀ । ਡੀ.ਸੀ. ਮਿ: ਪਰਕਿਨਜ਼ ਨੇ ਆਪਣੇ ਤੰਬੂ ਵਿਚ ਸ੍ਰੀ ਸਤਿਗੁਰੂ ਜੀ ਨਾਲ ਕਾਫ਼ੀ ਚਿਰ ਗੱਲਬਾਤ ਕੀਤੀ ਅਤੇ ਪੁਜਾਰੀਆਂ ਤੇ ਮਹੰਤਾਂ ਦੇ ਤੌਖਲੇ ਨੂੰ ਜ਼ਾਹਰ ਕੀਤਾ। ਅਗਲੇ ਦਿਨ ਸਵੇਰੇ ਹੀ ਸ੍ਰੀ ਸਤਿਗੁਰੂ ਜੀ ਰੋਸ ਵਜੋਂ ਸਿਰਫ 100 ਕੁ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਕੇਸ ਗੜ੍ਹ ਅੰਦਰ ਦਾਖਲ ਹੋਏ। ਤਾਂ ਉੱਥੇ 50 ਦੇ ਕਰੀਬ ਨਿਹੰਗ ਸਿੰਘਾਂ ਦੀ ਗੁਰਦੁਆਰੇ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਨੂੰ ਪੁਲਿਸ ਨੇ ਅਸਫ਼ਲ ਕਰ ਦਿੱਤਾ। ਗੁਰਦੁਆਰੇ ਅੰਦਰ ਸ੍ਰੀ ਸਤਿਗੁਰੂ ਜੀ ਨੇ 25 ਰੁਪਏ (ਉਸ ਸਮੇਂ ਦੇ) ਮੱਥਾ ਟੇਕਿਆ। ਪੁਜਾਰੀਆਂ ਨੇ ਮਾਇਆ ਤਾਂ ਰੱਖ ਲਈ ਪਰ ਕੜਾਹ ਪ੍ਰਸਾਦ ਦੀ ਅਰਦਾਸ ਨਾ ਕੀਤੀ। ਜਿਸਤੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੂਬਾ ਬ੍ਰਹਮਾ ਸਿੰਘ ਨੇ ਅਰਦਾਸ ਕੀਤੀ ਤੇ ਕੜਾਹ ਪ੍ਰਸਾਦ ਵਰਤਾ ਦਿੱਤਾ। - ਜੁਗ ਪਲਟਾਊ ਸਤਿਗੁਰੂ ਵਿਚੋਂ

ਇਸ ਤਰ੍ਹਾਂ ਇੱਕ ਹੋਰ ਹੋਲਾ ਮਹੱਲਾ ਸੰਨ 1871 (ਸੰਮਤ 1927) ਨੂੰ ਦੂਜੀ ਵਾਰ ਆਨੰਦਪੁਰ ਸਾਹਿਬ ਵਿਖੇ ਮਨਾਇਆ। ਜਿਸ ਵਿੱਚ ਨਾਮਧਾਰੀ ਸਿੰਘਾਂ ਦੇ ਨਾਲ ਨਿਹੰਗ ਸਿੰਘਾਂ ਨੇ ਵੀ ਪੂਰੀ ਤਰ੍ਹਾਂ ਹਿੱਸਾ ਲਿਆ ਤੇ ਇਸਦਾ ਆਨੰਦ ਮਾਣਿਆ। ਇਨ੍ਹਾਂ ਹੋਲੇ ਮਹੱਲਿਆਂ ਤੇ ਇੱਕ ਅਨੋਖਾ ਰੰਗ, ਅਨੋਖੀ ਮਸਤੀ ਅਤੇ ਇੱਕ ਅਨੋਖਾ ਸਰੂਰ ਵੇਖਣ ਨੂੰ ਮਿਲਿਆ ਕਰਦਾ ਸੀ। ਜ. ਭਗਤ ਸਿੰਘ ਦਾਤੇਵਾਲ ਵਾਲੇ ਸੰਗਤਾਂ ਨੂੰ ਹੋਲੇ ਸਮੇਂ ਇਹ

ਪੜ੍ਹ ਮਸਤੀ ਵਿੱਚ ਲੈ ਆਇਆ ਕਰਦੇ ਸੀ :

**ਹੋਲਾ ਖੇਡਣ ਕੇਸਾਧਾਰੀ, ਹੋਲਾ ਖੇਡਣ ਜੀ ............।**

ਸਤਿਗੁਰੂ ਰਾਮ ਸਿੰਘ ਜੀ ਬਰਤਾਨਵੀ ਸਾਮਰਾਜ ਦੀਆਂ ਸਖ਼ਤ ਪਾਬੰਦੀਆਂ ਦੇ ਬਾਵਜੂਦ ਵੀ 6 ਹੋਲੇ ਮਹੱਲੇ ਵੱਖੋ-ਵੱਖ ਥਾਵਾਂ 'ਤੇ ਮਨਾਏ। ਇਸ ਤਰ੍ਹਾਂ ਅਖੀਰਲੇ ਹੋਲੇ ਮਹੱਲੇ ਆਨੰਦਪੁਰ ਸਾਹਿਬ ਵਿਖੇ ਸੰਨ 1871 ਈ: ਵਿੱਚ ਮਨਾਉਣ ਸਮੇਂ ਜੋ ਆਪ ਜੀ ਨੇ ਬਚਨ ਕੀਤੇ ਉਹ ਭਾਈ ਧਿਆਨ ਸਿੰਘ ਜੀ ਇਨ੍ਹਾਂ ਸ਼ਬਦਾਂ ਰਾਹੀਂ ਵ੍ਰਨਣ ਕਰਦੇ ਹਨ:

***ਬੋਲੇ ਪ੍ਰਭੁ ਸੁਣ ਹੋ ਮਮ ਭ੍ਰਾਤਾ। ਭਾਣੇ ਕੀ ਕਿਛ ਅਚਰਜ ਬਾਤਾ।***
***ਪ੍ਰਾਲਬਧ ਸੇ ਦੇਖੇਂ ਹੋਲਾ। ਜਾਇ ਬਦੇਸ ਕੋਇ ਦਿਨ ਚੋਲਾ।***
***ਇਹੋ ਮਹਲਾ ਹੋਲਾ ਖੇਲੇਂ, ਨਦੀਆ ਵਾਹ ਸੰਜੋਗੀ ਮੇਲੇ। 33-39***

***ਸ੍ਰੀ ਸਤਿਗੁਰੂ ਬਿਲਾਸ ਪੰ: 121***

ਇਸ ਤਰ੍ਹਾਂ ਸਭ ਤੋਂ ਪਹਿਲਾਂ ਸ਼ਾਂਤਮਈ ਸਤਿਆਗ੍ਰਹਿ ਦੀ ਸ਼ੁਰੂਆਤ ਆਪ ਜੀ ਨੇ ਹੀ ਕੀਤੀ ਸੀ। ਸੰਨ 1867 ਈ: ਵਿੱਚ ਸਰਕਾਰੀ ਹੁਕਮਾਂ ਦੀ ਉਲੰਘਣਾ ਕਰਕੇ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਹੋਲਾ ਮਹੱਲਾ ਮਨਾਇਆ ਅਤੇ ਫਿਰ ਬਿਨਾ ਸਰਕਾਰ ਦੀ ਇਜ਼ਾਜ਼ਤ ਲਿਆਂ ਹੀ ਅੰਮ੍ਰਿਤਸਰ ਦੀਵਾਲੀ ਤੇ ਜਾਣ ਦਾ ਪ੍ਰੋਗਰਾਮ ਵੀ ਉਲੀਕ ਲਿਆ।

## ਅੰਮ੍ਰਿਤਸਰ ਦੀ ਦੀਵਾਲੀ :

27 ਅਕਤੂਬਰ ਸੰਨ 1867 ਈ: ਦੀ ਦੀਵਾਲੀ ਅੰਮ੍ਰਿਤਸਰ ਵਿਖੇ ਮਨਾਉਣ ਦਾ ਪ੍ਰੋਗਰਾਮ ਬਣਿਆ ਤਾਂ 20 ਹਜ਼ਾਰ ਸੰਗਤਾਂ ਪੁਜਣ ਦਾ ਪਤਾ ਲੱਗਣ ਤੇ ਪੁਲੀਸ ਅਤੇ ਪੁਜਾਰੀਆਂ ਮਹੰਤਾਂ ਨੂੰ ਫਿਕਰ ਪੈ ਗਿਆ।

ਆਪ ਜੀ ਨੇ ਇਥੇ 50 ਕੁ ਸਿੰਘਾਂ ਨਾਲ ਜਾ ਕੇ ਹਰਿਮੰਦਰ ਸਾਹਿਬ ਮਾਇਆ ਭੇਟ ਕੀਤੀ ਤਾਂ ਸ੍ਰੀ ਸਤਿਗੁਰੂ ਜੀ ਦੇ ਤੇਜ ਪ੍ਰਤਾਪ ਤੋਂ ਉਸ ਵਕਤ ਦੇ ਪੁਜਾਰੀ ਬੜੇ ਦੁਖੀ ਹੋਏ। ਉਨ੍ਹਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਤਾਲ ਪੱਕਾ ਕਰਵਾਉਣ ਵਾਸਤੇ ਆਖਿਆ ਅਤੇ ਨਾਲ ਹੀ ਕਿਹਾ ਕਿ ਕੋਈ ਕੂਕਾ ਦਸਤਾਰ ਨਾ ਉਤਾਰੇ ਅਤੇ ਨਾ ਹੀ ਕੋਈ ਮਸਤਾਨਾ ਹੋਵੇ। ਗਿ: ਗਿਆਨ ਸਿੰਘ ਜੀ ਲਿਖਦੇ ਹਨ :-

**ਅਦਬ ਹਿਫਾਜ਼ਤ ਇੰਤਜ਼ਾਮ ਰਾਖੈਂ ਵਾਹਿ,**
**ਲੋਗ ਨਿਜ ਨਿਜ ਮਨ ਭਾਏ ਬੋਲਬੋ ਕਰੈਂ।**
**ਰਾਮ ਸਿੰਘ ਚਾਹਿ ਅਰਦਾਸ ਇਤਫਾਕ ਥਾਇ,**

ਬਢ ਹੈਂ ਪ੍ਰਤਾਪ ਪੰਥ ਰੀਤਿ ਏਸ ਸੋਂ ਭਰੈਂ।
ਪਰਸ਼ਾਦ ਭੇਟ ਲੈ ਕੈ ਗਯੋ ਜਬਿ ਗੁਰਦੁਆਰੇ,
ਮਿਲ ਕੇ ਪੁਜਾਰੀਓ ਨੇ ਕਹਯੋ ਐਸ ਹੁੰ ਖਰੈਂ।
ਤਾਲ ਪੱਕਾ ਕਰਵਾਇ ਦੇਹੁ ਤਨਖਾਹਿ ਏਹੁ,
ਦਸਤਾਰ ਉਤਰੇ ਨ ਹਾਲ ਕਿਸੀ ਕੋ ਚਰੈ। 223 । - ਪੰਥ ਪ੍ਰਕਾਸ਼- 1889 ਈ:

ਇਸ ਤਰ੍ਹਾਂ ਪੁਜਾਰੀਆਂ ਨੇ ਇਥੇ ਹੀ ਬਸ ਨਹੀਂ ਕੀਤੀ, ਜਦੋਂ ਸ੍ਰੀ ਸਤਿਗੁਰੂ ਜੀ ਨੇ ਇਹ ਫੁਰਮਾਇਆ ਕਿ ਜਥਾ ਜੋਗ ਜਿਨ੍ਹਾਂ ਕੁ ਦੇ ਸਕਾਂਗੇ ਦੇਵਾਂਗੇ ਪਰ ਮਹੰਤ ਮੰਗਲ ਸਿੰਘ ਤੰਬੂ ਸਾਹਿਬ ਗੁਰਦੁਆਰੇ ਵਾਲਾ, ਇਹ ਪਤਾ ਹੁੰਦਿਆਂ ਵੀ ਕਿ ਨੀਲਾ-ਕਾਲਾ ਰੰਗ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਸਿੰਘਾਂ ਨੂੰ ਉਕਾ ਹੀ ਬੰਦ ਕੀਤਾ ਹੋਇਆ ਹੈ, ਫਿਰ ਵੀ ਨੀਲੇ ਰੰਗ ਦਾ ਸਿਰੋਪਾਓ ਸ੍ਰੀ ਸਤਿਗੁਰੂ ਜੀ ਅਗੇ ਲਿਆ ਰੱਖਿਆ। ਇਤਫ਼ਾਕ ਕਰਨ ਦੀ ਖਾਤਰ ਸ੍ਰੀ ਸਤਿਗੁਰੂ ਜੀ ਨੇ ਉਹ ਵੀ ਸੀਸ ਤੇ ਰਖ ਲਿਆ ਪਰ ਉਨ੍ਹਾਂ ਈਰਖਾਲੂ ਮਹੰਤਾਂ ਪੁਜਾਰੀਆਂ ਅੰਦਰ ਕੋਈ ਫਰਕ ਨਾ ਪਿਆ। ਗਿ: ਗਿਆਨ ਸਿੰਘ ਜੀ ਅਨੁਸਾਰ :-

ਕਹਯੋ ਰਾਮ ਸਿੰਘ ਉਭੈ ਬਾਤ ਨਾਂਹਿ ਥਾਤ ਮੋ ਤੈ,
ਦੈਹੁ ਤਨਖਾਹਿ ਕਿਛ ਜਥਾ ਜੋਗ ਜੇ ਰਰਯੋ।
ਹੁਤੋ ਗੁਰਦੁਵਾਰੇ ਤੰਬੂ ਸਾਹਿਬ ਕਾ ਜੋ ਮਹੰਤ, ਮੰਗਲ-ਮ੍ਰਿਗੇਸ,
ਤਾਂਹਿ ਪ੍ਰਖਬੇ ਕੌ ਤਿਨ ਯੌ ਫਰਯੋ।
ਧਾਰ ਹੈ ਨ ਕੂਕਾ ਕੋਊ ਕਬੀ ਨੀਲ ਰੰਗ ਅੰਗ,
ਨੀਲਾ ਸਿਰੇਪਾਉ ਰਾਮ ਸਿੰਘ ਆਗੇ ਲਯਾ ਧਰਯੋ।
ਯਦੀ ਤਾਂਹਿ ਸੋਊ ਨਿਜ ਸੀਸ ਪਰ ਧਾਰ ਲੀਓ,
ਤੌ ਭੀ ਨਾਂ ਪੁਜਾਰੀਓ ਨੇ ਇਤਫਾਕ ਹੈ ਕਰਯੋ। 224 - ਪੰਥ ਪ੍ਰਕਾਸ਼ 1889 ਈ:

ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਆਇਆਂ ਵੇਖ, ਕੋਈ ਤਾਂ ਹਜ਼ਾਰਾਂ ਰੁ[illegible] ਰਿਸ਼ਵਤ ਦੇ ਮੰਗਣ ਅਤੇ ਕੋਈ ਤਨਖਾਹ ਲਵਾਈ ਚਾਰ-ਪੰਜ ਲੱਖ ਮੰਗ ਰਹੇ ਹਨ ਇਹ ਵੀ ਸ਼ਰਤ ਰਖ ਰਹੇ ਹਨ ਕਿ ਕੋਈ ਵੀ ਕੂਕਾ ਸਿਰ ਤੋਂ ਪੱਗ ਨਾ ਉਤਾਰੇ ਅਤੇ ਨੀ[illegible] ਰੰਗ ਦੇ ਬਸਤਰ ਪਾਉਣ ਲਈ ਕਹਿੰਦੇ ਹਨ। ਪਰ ਸਤਿਗੁਰੂ ਰਾਮ ਸਿੰਘ ਜੀ ਕਿਹਾ ਕਿ ਇਹ ਸਭ ਕੁਛ ਗੁਰੂ ਵਸ ਹੈ ? ਮੇਰੇ 'ਚ ਏਨੀ ਸ਼ਕਤਿ ਨਹੀਂ ਜੁ ਮੈਂ ਇਨ੍ਹਾਂ ਦੇ ਮਨਾਂ [illegible] ਫੇਰ ਸਕਾਂ। ਤਨਖਾਹ ਜੋ ਯੋਗ ਹੈ ਉਹ ਜੇਕਰ ਸਹੀ ਹੈ ਤਾਂ ਮੇਰੇ ਤੋਂ ਨਿਸੰਗ ਹੋ ਕੇ [illegible] ਲਓ। ਇਸ ਤਰ੍ਹਾਂ ਦੀ ਬੇਥਵੀ ਤਕਰਾਰ ਵਧਦੀ ਵੇਖ ਕੇ ਸਤਿਗੁਰੂ ਰਾਮ ਸਿੰਘ ਜੀ [illegible]

ਹਰਿਮੰਦਰ ਸਾਹਿਬ ਗੁਰਦੁਆਰੇ ਅਗੇ ਖਲੋ ਕੇ ਆਪ ਹੀ ਅਰਦਸ ਕਰਕੇ ਪ੍ਰਸ਼ਾਦ ਉਥੇ ਹਾਜ਼ਰ ਸੰਗਤਾਂ ਨੂੰ ਵਰਤਾ ਦਿੱਤਾ ਅਤੇ ਸ਼ਬਦ ਪੜ੍ਹਦੇ ਹੋਏ ਪ੍ਰਦਖਨਾ ਲੈ ਕੇ ਡੇਰੇ ਵਾਪਸ ਚਲੇ ਗਏ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਉਸ ਸਮੇਂ ਦੇ ਹਾਲਾਤ ਨੂੰ ਪੂਰੀ ਤਰ੍ਹਾਂ ਲਿਖਦੇ ਹਨ ਕਿ ਇਨ੍ਹਾ ਪੁਜ਼ਾਰੀਆਂ ਨੇ ਪੰਥ ਦੁੱਧ ਵਿਚ ਕਾਂਜੀ ਪਾ ਦਿੱਤੀ ਹੈ ਜੋ ਇਨ੍ਹਾਂ ਸ਼ਰਈਆਂ ਨੇ ਮੇਲ ਨਹੀਂ ਹੋਣ ਦਿੱਤਾ।

''ਕੇਈ ਤੋਂ ਹਜਾਰੋਂ ਹੀ ਰੁਪੱਯਾ ਰਿਸ਼ਵਤ ਮਾਂਗੈ,
ਕੋਊ ਤਨਖਾਹਿ ਚਾਰ ਪਾਂਚ ਲਾਖ ਮੰਗ ਹੈਂ।
ਹੋਇ ਕੈ ਮਸਤ ਕੋਊ ਕੂਕਾ ਨ ਉਤਾਰੈ ਪਾਗ,
ਸਿੱਖ ਨ ਕਹਾਵੈਂ ਤੇਰੇ, ਧਾਰੈਂ ਨੀਲ ਰੰਗ ਹੈਂ।
ਕਹਯੋ ਰਾਮ ਸਿੰਘ ਏਹੁ ਬਾਤ ਸਭਿ ਗੁਰੂ ਵਸ,
ਸ਼ਕਤਿ ਨ ਮੋ ਮੈਂ ਏਤੀ ਫੇਰੋਂ ਮਨ ਢੰਗ ਹੈਂ।
ਤਨਖਾਹਿ ਆਹਿ ਮੋ ਮੈਂ ਚਤਰ ਬਿਧਾ ਜੇ ਕੋਊ,
ਲੇਹੁ ਦੰਡ ਵਾਹਿ ਕਰਿ ਸਹੀ ਸੋ ਨਿਸੰਗ ਹੈਂ। 226 ।
ਥੀਓ ਤਕਰਾਰ ਇਨਬ੍ਤਨ ਪੈ ਭਾਰਿ ਜਬਿ,
ਬਢਤੀ ਨਿਹਾਰਿ ਗੁਰੂ ਰਾਮ ਸਿੰਘ ਜੁ ਤਬੈ।
ਗੁਰਦ੍ਵਾਰ ਆਗੇ ਥਿਰਿ ਆਪ ਹੀ ਅਰਦਾਸ ਕਰਿ,
ਦੀਓ ਬ੍ਰਤਵਾਇ ਪਰਸ਼ਾਦ ਸਭਿ ਕੋ ਸਭੈ।
ਗਾਵਤੇ ਸ਼ਬਦ ਪ੍ਰਦੱਖਨਾ ਲੈ ਗਏ ਡੇਰੇ,
ਐਸ ਹੀ ਨ੍ਰਿਮਲਯੋਂ ਕੇ ਸਾਥ ਕੀਨ ਇਨਿ ਹੈ ਅਬੈ।
ਪੰਥ ਦੂਧ ਮਾਂਹਿ ਕਾਂਜੀ ਡਾਰੀ ਹੈ ਪੁਜਾਰੀਓਂ ਨੈ,
ਮੇਲ ਹੋਨ ਦੇਤ ਨ ਸ਼ਰ੍ਹਈ ਮੰਦ ਯੇ ਕਬੈ। 229 -ਪੰਥ ਪ੍ਰਕਾਸ਼ ਸੰਨ 1889 ਈ:

ਇਹੋ ਜਿਹੇ ਹਾਲਾਤਾਂ ਵਿਚੋਂ ਦੀ ਹੋ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਦਾ ਪ੍ਰਭਾਵ ਲੋਕਾਈ ਤੇ ਹੋਰ ਵੀ ਵੱਧ ਹੋਣ ਲੱਗ ਪਿਆ। ਵੱਖ-ਵੱਖ ਧਰਮਾਂ ਅਤੇ ਮਤਾਂ ਦੇ ਮੁੱਖੀ ਆਗੂ ਆਪ ਜੀ ਕੋਲ ਆਉਣ ਲਗ ਪਏ। ਸ੍ਰੀ ਸਤਿਗੁਰੂ ਜੀ ਦੇ ਉੱਚ ਆਚਰਣ ਅਤੇ ਅਮਲੀ ਜੀਵਨ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ। ਨਾਮਧਾਰੀ ਲਹਿਰ ਦਾ ਬੋਲ-ਬਾਲਾ ਸਾਰੇ ਪੰਜਾਬ ਵਿੱਚ ਪੂਰੇ ਜ਼ੋਰਾਂ ਤੇ ਹੋਣ ਲਗ ਪਿਆ।

# ਆਜ਼ਾਦੀ ਅੰਦੋਲਨ ਨੂੰ ਪ੍ਰਚੰਡ ਕਰਨਾ

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਧਰਮ ਪ੍ਰਚਾਰ ਦੇ ਦੌਰਿਆਂ ਨੂੰ ਹੋਰ ਪ੍ਰਚੰਡ ਰੂਪ ਦੇ ਦਿੱਤਾ। ਉਹਨਾਂ ਨੇ ਅਤੇ ਉਹਨਾਂ ਦੇ ਸੂਬਿਆਂ ਨੇ ਇਸ ਧਰਮ ਪ੍ਰਚਾਰ ਸਮੇਂ ਅੰਗ੍ਰੇਜ਼ ਹਕੂਮਤ ਵਿਰੁੱਧ ਪ੍ਰਚਾਰ ਕਰਨ ਦੇ ਨਾਲ ਹੀਂ ਲੋਕਾਂ ਅੰਦਰ ਦੇਸ਼ ਆਜ਼ਾਦੀ ਲਈ ਜਜ਼ਬਾ ਉਭਾਰਨਾ ਸ਼ੁਰੂ ਕੀਤਾ ਹੋਇਆ ਸੀ : **ਤੁਸੀਂ ਅੰਗ੍ਰੇਜ਼ ਸਰਕਾਰ ਦੇ ਗੁਲਾਮ ਬਣ ਚੁਕੇ ਹੋ ਅਤੇ ਇਸ ਅੰਗ੍ਰੇਜ਼ ਸਲਤਨਤ ਨੇ ਭਾਰਤ ਦੇ ਬਾਕੀ ਹਿੱਸੇ ਦੇ ਨਾਲ ਨਾਲ ਸਾਡੇ ਇਸ ਪੰਜਾਬ ਨੂੰ ਵੀ ਬੜੀ ਚਤੁਰਾਈ ਅਤੇ ਮਕਾਰੀ ਭਰੇ ਤਰੀਕੇ ਨਾਲ ਗੁਲਾਮ ਕਰ ਲਿਆ ਹੈ। ਇਥੇ ਹੁਣ ਥਾਂ ਪੁਰ ਥਾਂ ਚਰਚ ਖੋਲ੍ਹ ਕੇ ਈਸਾਈ ਮੱਤ ਫ਼ੈਲਾਉਣ ਦਾ ਬੜੇ ਜ਼ੋਰਦਾਰ ਢੰਗ ਨਾਲ ਪ੍ਰਚਾਰ ਹੋਣ ਲਗ ਪਿਆ ਹੈ। ਸਾਡੇ ਧਰਮ ਨੂੰ ਢਾਹ ਲਗ ਰਹੀ ਹੈ। ਇਸ ਨੂੰ ਅਸੀਂ ਠੱਲ ਪਾਉਣੀ ਹੈ।** - ਸ੍ਰ. ਨਾਹਰ ਸਿੰਘ ਐਮ. ਏ.

ਸਤਿਗੁਰੂ ਰਾਮ ਸਿੰਘ ਜੀ ਦੇ ਇਸ ਪ੍ਰਚਾਰ ਸਦਕਾ ਨਾਮਧਾਰੀ ਸਿੱਖਾਂ ਅੰਦਰ ਅੰਗਰੇਜ਼ ਸਰਕਾਰ ਵਿਰੁੱਧ ਬੜਾ ਤਿਖਾ ਰੋਹ ਉਤਪੰਨ ਹੋ ਰਿਹਾ ਸੀ। ਉਹ ਹਰ ਸਮੇਂ ਸਤਿਗੁਰੂ ਜੀ ਦੇ ਆਦੇਸ਼ਾਂ ਦੀ ਇੰਤਜ਼ਾਰ ਵਿੱਚ ਰਹਿੰਦੇ ਸਨ ਕਿ ਕਦੋਂ ਉਨ੍ਹਾਂ ਨੂੰ ਇਸ ਬਦੇਸ਼ੀ ਹਕੂਮਤ ਵਿਰੁੱਧ ਬਗਾਵਤ ਕਰਨ ਦਾ ਹੁਕਮ ਮਿਲੇ। ਉਨ੍ਹਾਂ ਨੇ ਆਪਣੇ ਕਾਰੋਬਾਰ ਤੇ ਹੋਰ ਨਵੇਂ ਕੰਮਾਂ ਨੂੰ ਸਮੇਟ ਲਿਆ ਹੋਇਆ ਸੀ ਤੇ ਇਸ ਉੱਤੇ ਆਉਣ ਵਾਲੇ ਖਰਚ ਨੂੰ ਭਵਿੱਖ ਲਈ ਰਾਖਵਾਂ ਰਖ ਲਿਆ ਹੋਇਆ ਸੀ। ''ਸੌ ਸਾਖੀ'' ਤੇ ਹੋਰ ਮਹਾਂ ਪੁਰਖਾਂ ਦੇ ਪ੍ਰਚਾਰ ਨੇ ਇਸ ਗੱਲ ਨੂੰ ਪੂਰੀ ਹਵਾ ਦੇ ਰੱਖੀ ਸੀ ਕਿ ਅੰਗਰੇਜ਼ਾਂ ਦਾ ਰਾਜ ਛੇਤੀ ਹੀ ਜਾਣ ਵਾਲਾ ਹੈ।

ਇਸ ਤਰ੍ਹਾਂ ਆਜ਼ਾਦੀ ਅੰਦੋਲਨ ਨੂੰ ਪ੍ਰਚੰਡ ਕਰਨ ਲਈ ਸਤਿਗੁਰਾਂ ਨੇ ਕਸ਼ਮੀਰ, ਨੇਪਾਲ, ਅਫਗਾਨਿਸਤਾਨ ਤੇ ਕਾਬਲ ਨਾਲ ਸੰਬੰਧ ਸਥਾਪਤ ਕਰ ਲਏ ਸਨ ਅਤੇ ਇਸ ਦੇ ਨਾਲ ਹੀ ਰੂਸ ਦੇ ਨਾਲ ਵੀ ਸੰਬੰਧ ਕਾਇਮ ਕਰਨਾ ਦੇਸ਼ ਦੀ ਆਜ਼ਾਦੀ ਨੂੰ ਹੋਰ ਪ੍ਰਚੰਡ ਕਰਨਾ ਸੀ। ਇਨ੍ਹਾਂ ਪ੍ਰਚਾਰ ਦੌਰਿਆਂ ਦੀ ਰਿਪੋਰਟ ਨੂੰ ਸਰਕਾਰੀ ਤੌਰ ਤੇ ਇੰਝ ਬਿਆਨਿਆਂ ਜਾਂਦਾ ਰਿਹਾ :-

It has next to be shown that Ram Singh is not mere puppet in the hands of designing men. I have shown the state he keeps. No one who has seen and talked with Ram Singh will have failed to observe an intelligence, firmness and decision of character, which coupled also with

great self restraint, do not belong to a more religious enthusiast still loss to a puppet.

"I see in the earliest papers that Ram Singh was looked upon as a successor or actual re-embodiment of Guru Nanak, the saint, he is now the representative of Govind the Warrior".

(Guru) Ram Singh has no pretention to be the saintly fakir. He visited you attended by half a dozen horsemen, he is followed by scores of men on foot; he comes into your room surrounded by a court-like a Prince. He and his people are dressed in exquisitely fine white clothes.

(4-11-1871 ਦੀ ਰਿਪੋਰਟ)

**ਭਾਵ : ਮੁਢਲੀਆਂ ਰਿਪੋਰਟਾਂ ਮੁਤਾਬਕ ਰਾਮ ਸਿੰਘ ਨੂੰ ਸੰਤ ਸਰੂਪ ਗੁਰੂ ਨਾਨਕ ਦਾ ਪ੍ਰਤੱਖ-ਸਰੂਪ ਸਮਝਿਆ ਜਾਂਦਾ ਸੀ ਪਰ ਹੁਣ ਉਸਨੂੰ ਯੋਧੇ ਗੁਰੂ ਗੋਬਿੰਦ ਸਿੰਘ ਦਾ ਉਤਰਾ-ਅਧਿਕਾਰੀ ਆਖਿਆ ਜਾਂਦਾ ਹੈ।**

**ਗੁਰੂ ਰਾਮ ਸਿੰਘ ਨੂੰ ਸੰਤ ਸੁਭਾ ਫਕੀਰ ਅਖਵਾਉਣ ਦਾ ਕੋਈ ਬਹਾਨਾ ਨਹੀਂ। ਉਹ ਅੱਧੀ ਦਰਜ਼ਨ ਘੋੜ ਸਵਾਰਾਂ ਨਾਲ ਤੁਹਾਡੇ ਕੋਲ ਆਉਂਦਾ ਹੈ ਅਤੇ ਕਈ ਵੀਹਾਂ ਮਨੁੱਖ ਪੈਦਲ ਉਸਦੇ ਪਿਛੇ ਹੁੰਦੇ ਹਨ। ਉਹ ਤੁਹਾਡੇ ਕਮਰੇ ਵਿਚ ਇਕ ਬਾਦਸ਼ਾਹ ਵਾਂਗ ਦਰਬਾਰੀਆਂ ਨਾਲ ਘਿਰਿਆ ਆਉਂਦਾ ਹੈ। ਉਹ ਤੇ ਉਹਦੇ ਲੋਕਾਂ ਨੇ ਮਨੋਹਰ ਢੰਗ ਨਾਲ ਸੁੰਦਰ ਅਤੇ ਚਿੱਟੇ ਕੱਪੜੇ ਪਾਏ ਹੁੰਦੇ ਹਨ।**

ਇਸ ਤਰ੍ਹਾਂ ਪੇਂਡੂ ਹਲਕਿਆਂ ਵਿੱਚ ਆਪ ਜੀ ਦੇ ਪ੍ਰਚਾਰ ਦਾ ਖਾਸਾ ਅਸਰ ਹੋ ਰਿਹਾ ਸੀ। ਹਰ ਬੱਚੇ-ਬੱਚੀ, ਬੁਢੇ-ਬਾਲੇ ਨੂੰ ਗੁਰਮੁਖੀ ਅੱਖਰ ਪੜ੍ਹਨੇ ਤੇ ਗੁਰਬਾਣੀ ਦਾ ਪਾਠ ਕਰਨਾ ਲਾਜ਼ਮੀ ਕਰ ਦਿੱਤਾ ਗਿਆ ਸੀ। ਇਨ੍ਹਾਂ ਪਿੰਡਾਂ ਦੇ ਲੋਕੀਂ ਆਪ ਜੀ ਦੀ ਚਲਾਈ ਅਜ਼ਾਦੀ ਦੀ ਇਸ ਲਹਿਰ ਨੂੰ ਬਹੁਤ ਛੇਤੀ ਅਪਣਾ ਰਹੇ ਸਨ। ਇਸ ਤਰ੍ਹਾਂ ਪਿੰਡਾਂ ਦੇ ਪਿੰਡ ਆਪ ਜੀ ਦੀ ਸ਼ਰਨ ਗ੍ਰਹਿ ਪ੍ਰਾਪਤ ਕਰਦੇ ਜਾ ਰਹੇ ਸਨ। ਇਸ ਪ੍ਰਚਾਰ ਤੇ ਪ੍ਰਸਾਰ ਨੂੰ ਦੇਖਦੇ ਹੋਇਆਂ ਸਮਕਾਲੀ ਲੇਖਕ ਮੌਲਵੀ ਗੁਲਾਮ ਭੀਖ ਜਲੰਧਰੀ ਸੰਨ 1882 ਈ: ਨੂੰ ਆਪਣੀ ਕਿਤਾਬ 'ਤਾਰੀਖ-ਏ-ਵਾਕਰੀ' ਵਿੱਚ ਲਿਖਦੇ ਹਨ :

**ਇਨ ਲੋਗੋਂ ਕੇ ਬੜੇ ਗਰੋਹ ਕੋ ਦੇਖ ਕਰ ਮਅਲੂਮ ਹੋਤਾ ਹੈ ਕਿ ਇਸ ਜਦੀਦ ਫਿਰਕੇ ਕੀ ਬੜੀ ਜਲਦ ਤਰੱਕੀ ਹੁਈ ਹੈ। *ਗਾਓਂ ਕੇ ਗਾਓਂ ਔਰ ਮੌਜ਼ਿਆ ਕੇ ਮੌਜ਼ਿਆ ਕੂਕੇ ਹੋ ਗਏ।***

ਅਗੇ ਜਾ ਕੇ ਹੋਰ ਲਿਖਦਾ ਹੈ ਕਿ

*''ਇਸ ਮੂਜਦ ਕੀ ਜ਼ਿੰਦਗੀ ਮੇਂ ਲਾਖੋਂ ਕੂਕਾ ਹੋ ਗਿਆ।''*

# ਵਿਦੇਸ਼ਾਂ ਨਾਲ ਸੰਬੰਧਾਂ ਦੁਆਰਾ ਰਾਜਨੀਤਕ ਸਰਗਰਮੀਆਂ ਨੂੰ ਉਤਸ਼ਾਹ

ਵਿਦੇਸ਼ੀ ਰਾਜਾਂ ਨਾਲ ਜਿਵੇਂ ਕਿ ਕਸ਼ਮੀਰ, ਕਾਬਲ, ਰੂਸ, ਨੇਪਾਲ ਆਦਿ ਨਾਲ ਉਸ ਸਮੇਂ ਰਾਜਨੀਤਕ ਸੰਬੰਧ ਕਾਇਮ ਕਰ ਲਏ ਗਏ ਸਨ। ਨੇਪਾਲ ਕਸ਼ਮੀਰ ਦੇ ਰਾਜਿਆਂ ਦੇ ਰਾਹੀਂ ਕੂਕਾ ਰਜਮੈਂਟ ਬਨਾਉਣ ਦੇ ਪ੍ਰੋਗਰਾਮ ਉਲੀਕੇ ਗਏ, ਜਿਸ ਵਿੱਚੋਂ ਕਸ਼ਮੀਰ ਵਿਚ ਸੰਨ 1869 ਨੂੰ 150 ਕੂਕੇ ਸਿੱਖਾਂ ਦੀ ਸਵੌਰੇ ਵਾਲੇ ਸ੍ਰ: ਹੀਰਾ ਸਿੰਘ ਕਮਾਂਡਰ ਦੀ ਕਮਾਨ ਹੇਠ ਕੂਕਾ ਰਜਮੈਂਟ ਬਣਾ ਦਿਤੀ ਗਈ। ਨਵੰਬਰ 1870 ਵਿਚ ਇਸ ਰਜਮੈਂਟ ਦੇ ਕੂਕੇ ਸਿੱਖਾਂ ਦੀ ਗਿਣਤੀ 250 ਹੋ ਗਈ। ਨਾਮਧਾਰੀ ਸਿਪਾਹੀਆਂ ਦੀ ਤਨਖਾਹ ਇਕ ਆਮ ਸਿਪਾਹੀ ਨਾਲੋਂ ਇਕ ਰੁਪਿਆ ਵੱਧ ਹੁੰਦੀ ਸੀ। ਭਾਵ ਦਸ ਰੁਪਏ (ਚਿਲਕੀ) ਸੀ।

ਸਰਕਾਰ ਇਸ ਤਰ੍ਹਾਂ ਦੇਸੀ ਰਿਆਸਤਾਂ ਦੀਆਂ ਫੌਜਾਂ ਵਿਚ ਭਰਤੀ ਹੋ ਕੇ, ਕਵਾਇਦ ਪਰੇਡ ਸਿਖ ਕੇ ਫੌਜੀ ਸ਼ਾਸਨ ਮੁਤਾਬਿਕ ਕੂਕਿਆਂ ਨੂੰ ਕਿਵੇਂ ਵੇਖ ਸੁਖਾਉਂਦੀ ? ਫਿਰ ਕਸ਼ਮੀਰ ਦੀ ਸਰਹੱਦੀ ਰਿਆਸਤ ਵਿਚ ਨਾਮਧਾਰੀ ਸਿੰਘਾਂ ਦੀ ਪਲਟਣ ਖੜੀ ਕਰਨਾ, ਇਹ ਕਿਵੇਂ ਬਰਦਾਸ਼ਤ ਹੋ ਸਕਦਾ ਸੀ ? ਮਹਾਰਾਜੇ ਤੇ ਪੂਰਾ ਦਬਾਅ ਪਾਉਣ ਨਾਲ ਤਿੰਨ ਕੁ ਸਾਲ ਬਾਅਦ ਸੰਨ 1871 ਦੇ ਅਖੀਰ ਵਿਚ ਰਜਮੈਂਟ ਤੋੜ ਦਿੱਤੀ ਗਈ।

30 ਜਨਵਰੀ 1871 ਨੂੰ ਇੰਸਪੈਕਟਰ ਜਨਰਲ ਪੁਲੀਸ ਪੰਜਾਬ ਆਪਣੀ ਇਕ ਰਿਪੋਰਟ ਵਿਚ ਨਾਮਧਾਰੀਆਂ ਬਾਰੇ ਲਿਖਦਾ ਹੈ :-

**ਕੂਕਿਆਂ ਦੇ ਪਿਛਲੇ ਸਾਲ ਦੇ ਰਾਜਸੀ ਪਰੋਗਰਾਮ ਵਿਚ ਇਹ ਚੀਜ਼ ਪ੍ਰਤੱਖ ਤੌਰ ਤੇ ਦਿਸਦੀ ਹੈ ਕਿ ਉਨ੍ਹਾਂ ਨੇ ਹਿੰਦੁਸਤਾਨੀ ਰਿਆਸਤਾਂ ਦੀਆਂ ਫੌਜਾਂ ਵਿਚ ਭਰਤੀ ਹੋਣਾ ਸ਼ੁਰੂ ਕਰ ਦਿਤਾ ਹੈ। ਇਸ ਭਰਤੀ ਬਾਰੇ ਸਾਨੂੰ ਕਾਫ਼ੀ ਚੌਕੰਨੇ ਹੋ ਕੇ ਰਹਿਣਾ ਚਾਹੀਦਾ ਹੈ। ਅਮਨ ਹੋਵੇ ਜਾਂ ਲੜਾਈ, ਇਕ ਧਾਰਮਿਕ ਨੇਤਾ ਨੂੰ ਦਿਤਾ ਗਿਆ ਉਹ ਮੌਕਾ ਕਿਸੇ ਸਮੇਂ ਵੀ ਕਿਸੇ ਸਰਕਾਰ ਨੂੰ ਲਾਭਦਾਇਕ ਨਹੀਂ ਹੋ ਸਕਦਾ। ਭਰਤੀ ਹੋਏ ਚੇਲਿਆਂ ਨੂੰ ਉਨ੍ਹਾਂ ਦਾ ਧਾਰਮਿਕ ਨੇਤਾ ਜਦ ਚਾਹੇ ਰਾਜਸੀ ਪ੍ਰੋਗਰਾਮ ਲਈ ਵਰਤ ਸਕਦਾ ਹੈ।**

ਸਤਿਗੁਰੂ ਰਾਮ ਸਿੰਘ ਜੀ ਦਾ ਕਾਬਲ, ਰੂਸ ਤੇ ਨੇਪਾਲ ਸਰਕਾਰ ਨਾਲ ਆਪਣੇ ਦੂਤਾਂ ਰਾਹੀਂ ਸੰਬੰਧ ਸਥਾਪਤ ਕਰ ਲੈਣਾ ਸਿੱਧ ਕਰਦਾ ਹੈ ਕਿ ਉਹ ਇਸ ਲਹਿਰ ਨੂੰ

ਭਰਪੂਰ ਰਾਜਸੀ ਲਹਿਰ ਦੇ ਰੂਪ ਵਿਚ ਵਿਕਸਿਤ ਹੋਇਆ ਵੇਖਣਾ ਚਾਹੁੰਦੇ ਸਨ। ਉਨ੍ਹਾਂ ਨੇ ਧਾਰਮਿਕ, ਸਮਾਜਿਕ ਅਤੇ ਆਰਥਿਕ ਪ੍ਰੋਗਰਾਮਾਂ ਦੀ ਸਫਲਤਾ ਦੇ ਆਧਾਰ ਤੇ ਰਾਜਸੀ ਸੰਗਰਾਮ ਦਾ ਢੁਕਵਾਂ ਰੂਪ ਧਾਰਨ ਕਰ ਲਿਆ ਹੋਇਆ ਸੀ। ਮਿ: ਫੋਰਸਾਈਥ-ਚੀਫ਼ ਕਮਿਸ਼ਨਰ ਅੰਬਾਲਾ ਸੰਨ 1872 ਈ: ਦੀ ਰਿਪੋਰਟ ਵਿਚ ਲਿਖਦਾ ਹੈ :-

**ਕੇਵਲ ਪੰਜਾਬ ਨੂੰ 70 ਸੂਬਿਆਂ ਵਿਚ ਹੀ ਨਹੀਂ ਵੰਡਿਆ ਸੀ, ਸਗੋਂ ਉਹਨਾਂ ਵਿਚ ਗੁਰੂ (ਰਾਮ ਸਿੰਘ ਜੀ) ਦੇ ਸੂਬੇ ਦੌਰੇ ਕਰਕੇ ਖਾਲਸਾ ਰਾਜ ਦੇ ਮੁੜ ਬਹੁਤ ਛੇਤੀ ਸਥਾਪਿਤ ਹੋਣ ਦਾ ਪ੍ਰਚਾਰ ਕਰਿਆ ਕਰਦੇ ਸਨ ਅਤੇ ਸਿੱਖਾਂ ਦੇ ਸਾਰੇ ਵਰਗਾਂ ਦੀਆਂ ਬਲ-ਸ਼ਕਤੀਆਂ ਨੂੰ ਇਕੱਠਾ ਕਰ ਰਹੇ ਸਨ। ਕਸ਼ਮੀਰ, ਕਾਬਲ ਅਤੇ ਨੇਪਾਲ ਵਿਚ ਆਪਣੇ ਰਾਜਦੂਤ ਭੇਜੇ ਸਨ। ਇਹਨਾਂ ਦਾ ਖੁਫ਼ੀਆ ਡਾਕ ਪ੍ਰਬੰਧ ਤਾਂ ਇਤਨਾ ਪਰੀਪੂਰਨ ਸੀ ਕਿ ਗੁਰੂ ਜੀ ਦੇ ਆਦੇਸ਼ ਹੈਰਾਨੀ-ਜਨਕ ਤੇਜ਼ੀ ਨਾਲ ਦੂਰ-ਦੁਰਾਡੇ ਇਲਾਕਿਆਂ ਵਿਚ ਹੀ ਪਹੁੰਚ ਜਾਂਦੇ ਸਨ।**

There is an important passage in Gyani Singh's statement there on, his trial for the Raikot murders. He said, "The Mustanahs among The Kukas all believe that they are soon to rule over the country." He then adds - " Bishen Singh, Soobah, is making converts in Cabal; Narain Singh, at Gwalior; Kan Singh, in Banaras; Nahung Singh and Saheb Singh are told off for Nepal. Heema Singh is Soobah in Kashmir. There are numbers of Kukas in the native armies. There are thousands in the English army. Johawir Singh, Soobah, has given orders that the number of Kukas in the army is not to be made known. Letters and messages frequently come to Ram Singh from the rulers of Nepal and Jummoo.

J.W. Macnabb to L. H. Griffin

Secretory Govt. of Punajb

# ਗਊ-ਬੱਧ ਦੀ ਕਾਨੂੰਨਨ ਖੁੱਲ੍ਹ ਤੇ ਕੂਕਿਆਂ ਦਾ ਸੰਘਰਸ਼

ਅੰਗ੍ਰੇਜ਼ੀ ਸਰਕਾਰ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਅਧੀਨ ਹੀ ਧਰਮ ਦੇ ਨਾਮ ਉਤੇ ਲੋਕਾਂ ਨੂੰ ਲੜਾਉਣ ਅਤੇ ਰਾਜਸੀ ਪਕੜ ਮਜ਼ਬੂਤ ਰੱਖਣ ਲਈ ਪੰਜਾਬ ਵਿਚ ਥਾਉਂ-ਥਾਈਂ ਗਊ-ਕੁਸ਼ੀ ਲਈ ਬੁੱਚੜਖਾਨੇ ਖੋਲ੍ਹ ਦਿੱਤੇ ਜਦੋਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਦੌਰਾਨ ਗਊ ਬੱਧ ਦੀ ਸਖਤ ਮਨਾਹੀ ਸੀ। ਜਦੋਂ ਅੰਗਰੇਜ਼ ਪੰਜਾਬ ਤੇ ਕਾਬਜ਼ ਹੋਏ ਤਾਂ ਤਾਂਬੇ ਦੀ ਪਲੇਟ 'ਤੇ ਇਹ ਅੱਖਰ ਉਕਰਵਾ ਕੇ ਲਗਾ ਦਿੱਤੇ ਸੀ। "Kine Are not to be killed At Amritsar" ਭਾਵ ਅੰਮ੍ਰਿਤਸਰ 'ਚ ਗਊ-ਬੱਧ ਕਰਨ ਦੀ ਸਖਤ ਮਨਾਹੀ ਹੈ ਅਤੇ "ਗਊ ਬੱਧ ਕਰਨ ਵਾਲੇ ਵਾਸਤੇ ਮੌਤ ਦੀ ਸਜ਼ਾ ਹੈ। The Penalty for killing kine was death. ਪਰ ਬਾਅਦ ਵਿੱਚ ਅੰਗਰੇਜ਼ ਨੇ ਬੁੱਚੜਖਾਨੇ ਖੁਲਵਾ ਦਿੱਤੇ ਕਿਉਂਕਿ ਉਹ ਆਪ ਵੀ ਗਊ ਮਾਸ ਖਾਂਦੇ ਸਨ। ਇਹ ਬੁੱਚੜਖਾਨੇ ਸਿੱਖੀ ਅਣਖ ਲਈ ਇਕ ਵੰਗਾਰ ਸਨ। ਅੰਗਰੇਜ਼ ਹਕੂਮਤ ਨੇ 5 ਮਈ 1849 ਈ: ਨੂੰ ਪੰਜਾਬ ਵਿੱਚ ਮਾਸ ਖਾਣ ਲਈ ਗਊਆਂ ਮਾਰਨ ਦੀ ਖੁਲ੍ਹ ਦੇ ਦਿੱਤੀ ਸੀ। 20 ਮਈ 1849 ਨੂੰ ਗਵਰਨਰ ਜਨਰਲ ਨੇ ਜੋ ਹੁਕਮ ਜਾਰੀ ਕੀਤਾ ਉਹ ਇਸ ਤਰ੍ਹਾਂ ਹੈ :-

No one should be allowed to interfere with the practice by his neighbour of customs which that neighbour's religion either enjoying or permits

ਭਾਵ ਕਿਸੇ ਆਦਮੀ ਨੂੰ ਦੂਸਰੇ ਪੜੋਸੀ ਆਦਮੀ ਦੇ ਆਪਣੀ ਮਰਿਆਦਾ ਜਾਂ ਰਹੁਰੀਤ ਕਰਨ ਵਿਚ ਅਟਕਾ ਪਾਉਣ ਦੀ ਇਜਾਜ਼ਤ ਅਤੇ ਖੁਲ੍ਹ ਨਾ ਦਿਤੀ ਜਾਵੇ।

ਸਾਮਰਾਜੀ ਸਰਕਾਰ ਨੇ ਆਪਣੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਅਨੁਸਾਰ ਧਾਰਮਿਕ ਤੇ ਸੰਪ੍ਰਦਾਇਕ ਵਖਰੇਵੇਂ ਪੈਦਾ ਕਰਨੇ ਸ਼ੁਰੂ ਕਰ ਦਿਤੇ ਸਨ। ਇਨ੍ਹਾਂ ਵਿਚੋਂ ਮੁੱ ਕਾਰਨ ਪੰਜਾਬ ਦੇ ਸ਼ਹਿਰਾਂ ਵਿਚ ਗਊ ਬੱਧ ਕਰ ਦੇਣ ਦੀ ਖੁਲ੍ਹ ਦੇ ਦੇਣਾ ਸੀ।

ਭਾਵੇਂ ਅੰਮ੍ਰਿਤਸਰ ਦੇ ਹਿੰਦੂ, ਸਿੱਖ ਤੇ ਮੁਸਲਿਮ ਮੁੱਖੀ ਮੈਂਬਰਾਂ ਨੇ ਰਲਕੇ ਫਿਰਕੂ ਸੁਲਾਹ ਸਫਾਈ ਦੇ ਹੱਕ ਵਿਚ ਇਕ ਬੜਾ ਅਸਰਦਾਇਕ ਮੱਤਾ ਪਾਸ ਕੀਤਾ ਸੀ, ਪਰ ਇਸ ਦੇ ਉਲਟ ਅੰਗ੍ਰੇਜ਼ ਡਿਪਟੀ ਕਮਿਸ਼ਨਰ ਨੇ ਅੰਮ੍ਰਿਤਸਰ ਦੇ ਸ਼ਹਿਰੀਆਂ ਦੀ ਇਕ ਵਖਰੀ ਮੀਟਿੰਗ ਬੁਲਾ ਕੇ ਉਸ ਵਿਚ ਸਪਸ਼ਟ ਸ਼ਬਦਾਂ ਵਿਚ ਆਖ ਦਿਤਾ ਕਿ ਗਊ

ਹੱਤਿਆ ਜਾਰੀ ਰਹੇਗੀ। ਇਸ ਸਮੇਂ ਮੁਸਲਿਮ ਮੈਂਬਰ ਆਪਣਾ ਪੈਂਤਰਾ ਬਦਲ ਗਏ ਅਤੇ ਇਹ ਮੱਤਾ ਬੁੱਚੜਖਾਨੇ ਚਾਲੂ ਰਖਣ ਲਈ ਖੁਲ੍ਹ ਦੇ ਗਿਆ ਅਤੇ ਇਸ ਤਰ੍ਹਾਂ ਅਮਨ ਕਾਨੂੰਨ ਨੂੰ ਵਿਗਾੜਨ ਦਾ ਇਕ ਹੋਰ ਰਸਤਾ ਖੁਲ੍ਹ ਗਿਆ। ਇਸ ਖ਼ਬਰ ਨੂੰ ਸ਼ਹਿਰ ਦੇ ਆਸ ਪਾਸ ਦੇ ਨਾਮਧਾਰੀ ਸਿੰਘਾਂ ਨੇ "ਮਾਰਨ ਗਊ ਗਰੀਬ ਨੂੰ ਧਰਤੀ ਉਪਰ ਪਾਪ ਬਿਥਾਰਾ" ਦੇ ਅਨੁਸਾਰ ਸਮਾਜਿਕ ਬੁਰਾਈ ਨੂੰ ਜੜ੍ਹੋਂ ਖਤਮ ਕਰਨ ਲਈ ਅੰਦਰੋਂ ਅੰਦਰ ਹੀ ਇਕ ਠੋਸ ਪ੍ਰਣ ਕਰ ਲਿਆ ਹੋਇਆ ਸੀ।

ਕੂਕੇ ਸਿੰਘਾਂ ਅੰਦਰ ਪੈਦਾ ਹੋਏ ਜੋਸ਼ ਦੀ ਝਲਕ ਉਸ ਵਕਤ ਦੇ ਪ੍ਰਚਲਤ ਮੁਹਾਵਰਿਆਂ ਰਾਹੀਂ ਦਿਖਾਈ ਦਿੰਦੀ ਹੈ। ਗਲੀਆਂ ਮਹੱਲਿਆਂ ਵਿੱਚ ਆਮ ਲੋਕੀਂ ਇਹ ਪੜ੍ਹਿਆਂ ਕਰਦੇ ਸਨ :

**ਏਹ ਮਲੇਛ ਨੰਦਨੋਂ ਆਏ। ਏਨਾਂ ਬੁਚੱੜਖਾਨੇ ਲਾਏ।**
**ਸਾਨੂੰ ਦੁੱਖ ਗਊਆਂ ਦਾ ਖਾਏ।**
**ਸਿੰਘੋ ਸੀਸ ਦੇਣ ਹੁਣ ਆਏ, ਨਾਇ ਕਰਤਾਰ ਦੇ।**

## ਗੁਰਧਾਮਾਂ ਦੀ ਬੇਅਦਬੀ :

ਇਸ ਤਰ੍ਹਾਂ ਸਭ ਤੋਂ ਪਹਿਲਾ ਬੁੱਚੜਖਾਨਾ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਦੇ ਨਜ਼ਦੀਕ ਹੀ ਖੋਲ੍ਹ ਦਿੱਤਾ ਗਿਆ। ਗਊ-ਮਾਸ ਸ਼ਹਿਰ ਵਿਚ ਖੁਲ੍ਹੇ ਆਮ ਵਿਕਣ ਲੱਗ ਪਿਆ। ਬੁੱਚੜਖਾਨੇ ਤੋਂ ਮਾਸ ਦੀਆਂ ਬੋਟੀਆਂ ਤੇ ਹੱਡੀਆਂ ਦੇ ਟੁਕੜੇ ਇੱਲਾਂ ਅਤੇ ਕਾਂ ਚੁੱਕ ਕੇ ਪਵਿਤਰ ਸਰੋਵਰ ਦੀ ਪਵਿਤ੍ਰਤਾ ਨੂੰ ਹੀ ਖਤਮ ਕਰਨ ਲਗ ਪਏ। ਪੁਜਾਰੀ, ਮਹੰਤ ਅਤੇ ਹੋਰ ਸਿੱਖ ਸਰਦਾਰ ਜੋ ਅੰਗ੍ਰੇਜ਼ੀ ਸਰਕਾਰ ਦੇ ਪਿੱਠੂ ਅਤੇ "ਖੈਰ ਖਾਹ-ਏ-ਕੌਮ, ਫਰਮਾਂ ਬਰਦਾਰੀ-ਏ-ਸਰਕਾਰੀ" ਹੋ ਚੁੱਕੇ ਸਨ, ਇਸ ਪਾਸੇ ਕੋਈ ਧਿਆਨ ਨਹੀਂ ਸਨ ਦੇ ਰਹੇ। ਇਸ ਤਰ੍ਹਾਂ ਇਹ ਭਾਵ ਲਿਆ ਗਿਆ ਜੁ ਸਿੱਖ ਹੁਣ ਸਮਝ ਲੈਣ ਜੁ ਉਹ ਅੰਗ੍ਰੇਜ਼ ਹਕੂਮਤ ਦੇ ਅਧੀਨ ਹਨ। ਉਨ੍ਹਾਂ ਦੇ ਧਾਰਮਿਕ ਸ੍ਵੈਮਾਨ ਨੂੰ ਇਹ ਇੱਕ ਬੜੀ ਭਾਰੀ ਸੱਟ ਮਾਰੀ ਗਈ ਸੀ ਇਸੇ ਹੀ ਗਲ ਨੇ ਅਣਖ ਵਾਲੇ ਨਾਮਧਾਰੀ ਸਿੰਘਾਂ ਅੰਦਰ ਇਕ ਬੜਾ ਜੋਸ਼ੀਲਾ ਤੇ ਅਣਖੀਲਾ ਰੋਹ ਉਤਪੰਨ ਕਰ ਦਿੱਤਾ ਸੀ। ਚੇਤਾਵਨੀ ਵਜੋਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਇਹ ਪੱਤਰ ਡੀ.ਆਈ.ਜੀ. ਪੰਜਾਬ ਪੁਲੀਸ ਨੂੰ ਕੱਢਿਆ :-

On 28th July 1871 the Lieutenant Governor Punjab. wrote to colonel J.C.P. Bailie, D.I.G. of Police Lahore Circle that :-

Ram Singh and his Subas to be put under secret surveillance.

"The Lieutenant Governor desires you to arrange that Guru Ram Singh kooka and his vizirs (Subas) be kept under surveillance and their movements watched and reported. This is to be done by men in plain clothes and no restriction of any kind put on those under this surveillance. In fact, those should not be aware that they are watched."

ਭਾਵ : ਲੈਫਟੀਨੈਂਟ ਗਵਰਨਰ ਦਾ ਅਦੇਸ਼ ਹੈ ਕਿ ਗੁਰੂ ਰਾਮ ਸਿੰਘ ਕੂਕਾ ਅਤੇ ਉਸਦੇ ਸੂਬਿਆਂ ਤੇ ਪੂਰੀ ਨਿਗਰਾਨੀ ਅਤੇ ਚੌਕਸੀ ਰੱਖੀ ਜਾਵੇ। ਉਨ੍ਹਾਂ ਦੀਆਂ ਗਤੀਵਿਧੀਆਂ ਤੇ ਨਜ਼ਰ ਰੱਖੀ ਜਾਵੇ ਅਤੇ ਸਰਕਾਰ ਨੂੰ ਸੂਚਿਤ ਕੀਤਾ ਜਾਵੇ। ਇਹ ਸਾਰਾ ਕੰਮ ਚਿਟ-ਕੱਪੜੀਏ ਪੁਲਸੀਆਂ ਦੁਆਰਾ ਹੋਵੇ ਅਤੇ ਇਹ ਨਿਗਰਾਨੀ ਕੂਕਿਆਂ ਲਈ ਕਿਸੇ ਕਿਸਮ ਦੀ ਰੁਕਾਵਟ ਨਹੀਂ ਬਣਨੀ ਚਾਹੀਦੀ। ਸਹੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਨੂੰ ਇਸ ਪੈਰਵਾਈ ਅਤੇ ਨਿਗਰਾਨੀ ਦਾ ਪਤਾ ਹੀ ਨਹੀਂ ਲੱਗਣਾ ਚਾਹੀਦਾ।

# ਅੰਮ੍ਰਿਤਸਰ, ਰਾਏਕੋਟ, ਮਲੇਰਕੋਟਲਾ ਵਿਖੇ ਵਿਦਰੋਹ ਤੇ ਟਕਰਾ ਦੇ ਸਾਕੇ

## ਅੰਮ੍ਰਿਤਸਰ ਦੇ ਸ਼ਹੀਦ :

ਅੰਗ੍ਰੇਜ਼ਾਂ ਵਲੋਂ ਗੁਰਧਾਮਾਂ ਅਤੇ ਸਿੱਖ ਧਰਮ ਦਾ ਅਪਮਾਨ ਨਾ ਸਹਾਰਦਿਆਂ ਹੋਇਆਂ ਨਾਮਧਾਰੀ ਸਿੰਘਾਂ ਨੇ ਅਪਮਾਨ ਕਰਨ ਵਾਲਿਆਂ ਨੂੰ ਦੰਡ ਦੇਣ ਦਾ ਪ੍ਰਣ ਕਰ ਲਿਆ ਸੀ। ਚੂੰਕਿ ਨਾਮਧਾਰੀਆਂ ਨੇ ਸਰਕਾਰ ਨਾਲ ਪੂਰਨ ਬਾਈਕਾਟ ਕੀਤਾ ਹੋਇਆ ਸੀ, ਇਸ ਲਈ ਇਸ ਨਾ-ਮਿਲਵਰਤਨ ਲਹਿਰ ਦੇ ਕਾਰਨ ਸਿੱਖਾਂ ਵਿੱਚ ਇਕ ਜ਼ਖਮੀ ਰੋਸ ਅਤੇ ਬਰਤਾਨਵੀ ਸਾਮਰਾਜ ਨੂੰ ਲੀਰੋ ਲੀਰ ਕਰ ਸੁੱਟਣ ਵਾਲਾ ਅਗਨ-ਰੋਹ ਪੈਦਾ ਹੋ ਗਿਆ ਸੀ।

ਉਸ ਸਮੇਂ ਦੇਸ਼ ਵਿਚੋਂ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜ ਸੁੱਟਣ ਲਈ ਅਤੇ ਖੁੱਸ ਚੁਕੇ ਸਿੱਖ ਰਾਜ ਨੂੰ ਮੁੜ ਸਥਾਪਤ ਕਰਨ ਲਈ ਨਾਮਧਾਰੀ ਸੰਤ ਖਾਲਸਾ ਅੰਦਰ ਅਜਿਹਾ ਵਿਚਾਰ ਘਰ ਕਰ ਗਿਆ ਸੀ ਕਿ ਇਕ ਗੁਰਸਿੱਖ ਲਈ ਆਪਣੇ ਸਤਿਗੁਰੂ ਪ੍ਰਤੀ ਸਭ ਤੋਂ ਖੂਬਸੂਰਤ ਸਿਜਦਾ ਸਿਰਫ਼ ਸ਼ਹਾਦਤ ਦੇ ਕੇ ਹੀ ਕੀਤਾ ਜਾ ਸਕਦਾ ਸੀ। ਤਨ, ਮਨ ਅਤੇ ਧਨ ਕੁਰਬਾਨ ਕਰਨ ਦੀ ਤਾਂਘ ਉਸ ਨੂੰ ਐਸੇ ਮੰਡਲਾਂ ਵਿੱਚ ਖਿੱਚਕੇ ਲੈ ਜਾਂਦੀ ਹੈ ਕਿ ਜਿਥੇ ਆਪੇ ਤੋਂ ਬਾਹਰ ਹੋ ਕੇ ਉਹ ਧਰਮ ਦੀ ਹਾਨੀ ਕਰਨ ਵਾਲੇ ਨੂੰ ਸੋਧ ਕੇ ਆਪ ਕੁਰਬਾਨ ਹੋ ਜਾਣਾ ਹੀ ਪਰਮ ਧਰਮ ਸਮਝਦਾ ਹੈ।

ਇਸ ਗੱਲ ਨੂੰ ਮੁੱਖ ਰਖਦਿਆਂ ਹੋਇਆਂ ਕੁਝ ਸਿੱਖਾਂ ਨੇ ਗੁਰੂਆਂ ਦੇ ਪਵਿਤਰ ਹੱਥਾਂ ਨਾਲ ਬਣੇ ਹੋਏ ਇਸ ਪਵਿਤਰ ਸਰੋਵਰ ਦੀ ਬੇਅਦਬੀ ਨਾ ਸਹਾਰਦਿਆਂ ਹੋਇਆਂ ਸੰਨ 1871 ਵਿਚ 14-15 ਜੂਨ ਦੀ ਰਾਤ ਨੂੰ ਬੁੱਚੜਖਾਨੇ ਤੇ ਹਮਲਾ ਕਰ ਦਿੱਤਾ। ਬੁੱਚੜ ਮਾਰ ਕੇ ਗਊਆਂ ਖੁੱਲੀਆਂ ਛੱਡ ਕੇ ਆਪ ਹਥਿਆਰ ਤੇ ਲਹੂ ਰੰਗੇ ਬਸਤਰ ਦੱਬ ਕੇ ਅੱਡ-ਅੱਡ ਰਾਹਾਂ ਵੱਲ ਪੈ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਦਿਆਂ ਆਪਣੀ ਕਾਰਗੁਜਾਰੀ ਸੁਣਾਈ। ਜਦੋਂ ਉਨ੍ਹਾਂ ਨੇ ਸਤਿਗੁਰੂ ਜੀ ਨੂੰ ਦੱਸਿਆ ਕਿ ਸਾਡੀ ਥਾਵੇਂ ਹੋਰ ਹਿੰਦੂ-ਸਿੱਖ ਅਤੇ ਨਿਹੰਗ ਸਿੰਘ ਨਿਰਦੋਸ਼ ਹੀ ਫੜ ਲਏ ਗਏ ਹਨ ਅਤੇ ਉਹਨਾਂ ਨੂੰ ਫਾਂਸੀ ਦੀ ਸਜ਼ਾ ਮਿਲਣ ਵਾਲੀ ਹੈ ਤਾਂ ਸਤਿਗੁਰੂ ਜੀ ਨੇ ਫੁਰਮਾਇਆ, ''ਭਾਈ ਕਰੇ ਕੋਈ ਤੇ ਭਰੇ ਕੋਈ, ਇਹ ਕਿਧਰ ਦੀ ਬਹਾਦਰੀ ਹੈ ਭਾਈ ਹੁਣ ਜਲਦੀ ਜਾ ਕੇ ਕਚਹਿਰੀ ਵਿੱਚ ਪੇਸ਼ ਹੋ ਕੇ ਜਿਵੇਂ ਗਊਆਂ ਨੂੰ ਛੁਡਾਇਆ ਹੈ ਤਿਵੇਂ ਬੇਦੋਸ਼ੇ ਹਿੰਦੂਆਂ ਸਿੱਖਾਂ ਨੂੰ ਵੀ ਜ਼ਾਲਮ ਸਰਕਾਰ ਦੇ ਫੰਦੇ ਵਿੱਚੋਂ ਛੁਡਵਾ ਕੇ ਆਪ ਸ਼ਹੀਦੀਆਂ ਪ੍ਰਾਪਤ ਕਰੋ।'' ਇੰਝ ਹੀ ਹੋਇਆ। ਇਨ੍ਹਾਂ ਸਿੰਘਾਂ ਨੇ ਸੈਸ਼ਨ ਕੋਰਟ.ਵਿੱਚ ਪੇਸ਼ ਹੋ ਕੇ ਆਪਣੇ ਆਪ ਨੂੰ ਅਸਲੀ ਕਾਤਲ ਦੱਸਿਆ ਅਤੇ ਸਬੂਤ ਵੀ ਪੇਸ਼ ਕੀਤੇ।

ਮਿਸਟਰ ਕ੍ਰਿਸਟੀ ਨੇ ਆਪਣੇ ਢੰਗ ਨਾਲ ਅੰਮ੍ਰਿਤਸਰ ਦੇ ਇਨ੍ਹਾਂ ਬੁੱਚੜਾਂ ਦੇ ਕ… ਦਾ ਮੁਕੱਦਮਾ ਘੜ ਕੇ, ਤਫ਼ਤੀਸ਼ ਤੇ ਸਰਕਾਰੀ ਗਵਾਹੀਆਂ ਭੁਗਤਾ ਦਿੱਤੀਆਂ ਸਨ. ਬੇਦੋਸ਼ਿਆਂ ਨੂੰ ਫਾਂਸੀਆਂ ਦੀ ਸਜ਼ਾਵਾਂ ਸੁਣਾਈਆਂ ਜਾ ਚੁੱਕੀਆਂ ਸਨ। ਬਰਤਾਨਵੀ ਹਕੂਮਤ ਦੇ ਨਿਆਂ ਦਾ ਅਜਿਹਾ ਸ਼ਰਮਨਾਕ ਪਹਿਲੂ ਸ਼ਾਇਦ ਇਤਿਹਾਸ ਵਿਚ ਢੂੰਡਿਆਂ ਵੀ ਨਾ ਮਿਲੇ। ਪਰ ਜਿਸ ਸੂਰਬੀਰਤਾ ਨਾਲ ਸਤਿਗੁਰੂ ਜੀ ਦੇ ਹੁਕਮ ਨੂੰ ਮੰਨਦਿਆਂ ਹੋਇਆਂ ਇਨ੍ਹਾਂ ਨਾਮਧਾਰੀ ਸਿੰਘਾਂ ਨੇ ਆਪਣੇ ਆਪ ਪੇਸ਼ ਹੋ ਕੇ ਆਪਣੇ ਆਪ ਨੂੰ ਕਾਤਲ ਸਿੱਧ ਕਰਕੇ ਬੇਦੋਸ਼ਿਆਂ ਨੂੰ ਰਿਹਾ ਕਰਵਾਇਆ ਸੀ, ਇਸ ਦੀ ਮਿਸਾਲ ਵੀ ਸੰਸਾਰ ਦੇ ਇਤਿਹਾਸ ਵਿਚ ਸਦਾ ਚਮਕਦੀ ਰਹੇਗੀ।

**ਸੰਮਤ ਉਨੀਸੌ ਬੀਸ ਤੀਸ ਕੇ ਵਖਤ ਮਧ**
**ਠੌਰ ਠੌਰ ਧੇਨੁ ਬਧ ਹੋਨ ਲਾਗੇ ਥੇ ਘਨੇ।**
**ਦੇਖਿ ਦੇਖਿ ਹਿੰਦੂ ਸਭ ਹੋਹਿ ਦੁਖਯਾਰੇ ਭਾਰੇ,**
**ਚਾਰਾ ਜੋਰ ਸਰਕਾਰ ਸੰਗ ਕੋਊ ਨ ਬਨੇ। 228**
**ਹਿੰਮਤਿ ਕਮਰ ਬਾਂਧਿ ਨਾਮਧਾਰੀ ਸਿੰਘੋ ਤਬਿ**
**ਬੁੱਚੜ ਬਿਦਾਰੇ ਹਤਿਆਰੇ ਬਹੁ ਠੌਰ ਪੈ।**
**ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ,**
**ਅੰਗ੍ਰੇਜ਼ੋਂ ਗਹਿ ਕੈ ਦੁਖਯਾਰੇ ਕੀਨੇ ਗੌਰ ਪੈ।**
**ਦੈਨ ਲਾਗੇ ਫਾਂਸੀ ਜਬਿ ਆਇ ਖੁਦ ਕੂਕੇ ਤਬਿ**
**ਕਾਤਲ ਸਬੂਤ ਆਪ ਥੀਏ ਸਭਿ ਤੌਰ ਪੈ।**
**ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਂਹਿ**
**ਕੋਟਲੇ ਮਲੇਰ ਫੇਰ ਭਯੋ ਸਾਕਾ ਔਰ ਪੈ। 229** - ਪੰਥ ਪ੍ਰਕਾਸ਼ - 1889 ਈ:

ਇਸ ਤਰ੍ਹਾਂ ਨਿਰਦੋਸ਼ਾਂ ਨੂੰ ਛੁਡਾ ਕੇ ਇਨ੍ਹਾਂ ਅਣਖੀ ਯੋਧਿਆਂ ਨੇ 15 ਸਤੰਬਰ ਸੰਨ 1871 ਈ: ਨੂੰ ਫਾਂਸੀ ਦਾ ਹੁਕਮ ਸੁਣ ਕੇ ਆਪਣੀ ਅੰਤਮ ਇੱਛਾ ਸਰਕਾਰ ਅੱਗੇ ਇੰਝ ਰੱਖੀ:

1. ਉਸ ਦਿਨ ਸ੍ਰੀ ਹਰਿਮੰਦਰ ਸਾਹਿਬ ਤੋਂ ਇਸ਼ਨਾਨ ਕਰਕੇ ਸ਼ਬਦ ਪੜ੍ਹਦੇ ਹੋਏ ਫ਼ਾਸੀ ਦੇਣ ਦੇ ਅਸਥਾਨ ਤੇ ਆਵਾਂਗੇ।

2. ਸਾਡੇ ਵਾਸਤੇ ਚਮੜੇ ਦੀ ਤੰਦੀ ਦੀ ਥਾਂ ਰੇਸ਼ਮ ਦਾ ਰੱਸਾ ਬਣਾਇਆ ਜਾਵੇ।

3. ਅਸੀਂ ਆਪਣੇ ਗਲ ਵਿੱਚ ਫਾਂਸੀ ਦੇ ਰੱਸੇ ਆਪ ਪਾਵਾਂਗੇ।

ਇਸੇ ਤਰ੍ਹਾਂ ਹੀ ਹੋਇਆ, 15 ਸਤੰਬਰ, 1871 ਈ: ਨੂੰ ਮਿਸਤਰੀ ਬਾਬਾ ਲਹਿਣਾ ਸਿੰਘ, ਬਾਬਾ ਫਤਿਹ ਸਿੰਘ ਭਾਟੜਾ, ਬਾਬਾ ਹਾਕਮ ਸਿੰਘ ਪਟਵਾਰੀ ਅਤੇ ਬਾਬਾ ਬੀਹਲਾ ਸਿੰਘ ਪਿੰਡ ਨਾਰਲੀ ਨੇ ਹਰਿਮੰਦਰ ਸਾਹਿਬ ਦੇ ਸਰੋਵਰ ਤੋਂ ਇਸ਼ਨਾਨ ਕਰਕੇ

ਇਹ ਸ਼ਬਦ ਪੜ੍ਹਦੇ ਹੋਏ "ਤੇਰੀ ਸਰਣਿ ਮੇਰੇ ਦੀਨ ਦਇਆਲਾ।। ਸੁਖ ਸਾਗਰ ਮੇਰੇ ਗੁਰ ਗੋਪਾਲਾ ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ ਸਰਮ ਅਸਾੜੀ ਜੀਉ।।" ਪੰ: 104 ਉਸ ਅਸਥਾਨ ਤੇ ਆਏ ਜਿਥੇ ਬੋਹੜ ਦੇ ਇਕ ਟਾਹਣੇ ਨਾਲ ਫਾਂਸੀ ਦੇ ਰੱਸੇ ਲਮਕਦੇ ਪਏ ਸੀ। ਸਿੰਘਾਂ ਦੇ ਚਿਹਰਿਆਂ ਤੇ ਲਾਲੀਆਂ ਦਗਦੀਆਂ ਪਈਆਂ ਸਨ। ਬੇ ਗ਼ਮ ਅਤੇ ਨਿਰਭੈ ਹੋ ਕੇ ਸ਼ਬਦ ਪੜ੍ਹਨ ਤੋਂ ਬਾਅਦ ਆਰਦਾਸ ਕਰਕੇ ਤੇ ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦਾ ਆਕਾਸ਼ ਗੂੰਜਾਊ ਜੈਕਾਰਾ ਛੱਡਦੇ ਹੋਏ ਫਾਂਸੀਆਂ ਦੇ ਰੱਸੇ ਆਪਣੇ ਗਲਾਂ ਵਿਚ ਆਪ ਪਾ ਕੇ ਦੇਸ਼ ਵਾਸੀਆਂ ਨੂੰ ਇਹ ਆਵਾਜ਼ ਦਿੰਦੇ ਹੋਏ ਅਕਾਸ਼ ਮੰਡਲ ਵਿੱਚ ਉਡਾਰੀਆਂ ਮਾਰ ਗਏ।

**ਦੇਸ਼ ਵਾਸਿਓ ਧਰਮਿਓ ਸੁਖੀ ਵਸੋ, ਅਸੀਂ ਅਣਖ ਦੇ ਪੂਰਨੇ ਪਾ ਚੱਲੇ।**
**ਪਹਿਲਾਂ ਸੋਧਿਆ ਗਊਆਂ ਦੇ ਕਾਤਲਾਂ ਨੂੰ, ਫਿਰ ਬੇਦੋਸ਼ਿਆ ਤਾਈਂ ਛੁਡਵਾ ਚੱਲੇ।**
**ਚੀਨੀ ਵਾਲੇ ਸਤਿਗੁਰ ਦਾ ਹੁਕਮ ਮੰਨ ਕੇ, ਨਾਦ ਸੱਚ ਦਾ ਅਸੀਂ ਵਜਾ ਚੱਲੇ।**
**ਰੱਖਿਓ ਸਦਾ ਇਹ ਜੋਤ ਜਗਦੀ, ਧਰਮ ਅਣਖ ਲਈ ਜੋ ਜਗਾ ਚੱਲੇ।**

ਭਾਈ ਹਾਕਮ ਸਿੰਘ ਪਟਵਾਰੀ ਦੀ ਮਾਂ ਆਪਣੇ ਮਕਾਨ ਦੀ ਛੱਤ ਉਧੇੜ ਕੇ ਲੱਕੜਾਂ, ਬਾਲੇ ਇੱਕ ਗੱਡੇ ਉੱਤੇ ਲੱਦ ਕੇ ਅੰਮ੍ਰਿਤਸਰ ਲੈ ਆਈ। ਸਿੰਘਾਂ ਦਾ ਇਸ਼ਨਾਨ ਕਰਾ ਕੇ ਇਨ੍ਹਾਂ ਲੱਕੜਾਂ ਨਾਲ ਹੀ ਸੰਸਕਾਰ ਕਰ ਦਿੱਤਾ ਗਿਆ। 12 ਅਗਸਤ 1873 ਈ: ਨੂੰ ਭਾਈ ਝੰਡਾ ਸਿੰਘ ਨੂੰ ਵੀ ਫਾਂਸੀ ਦੇ ਦਿੱਤੀ ਗਈ। ਭਾਈ ਲਾਲ ਸਿੰਘ ਤੇ ਭਾਈ ਲਹਿਣਾ ਸਿੰਘ ਦੂਸਰੇ ਨੂੰ ਕਾਲੇ ਪਾਣੀ ਦੀ ਉਮਰ ਕੈਦ ਦਿੱਤੀ ਗਈ।

## ਰਾਏਕੋਟ ਸਾਕਾ ਦੇ ਸ਼ਹੀਦ

ਕੁਦਰਤ ਦਾ ਇਕ ਕਾਨੂੰਨ ਹੈ ਕਿ ਸੂਰਬੀਰ ਸਾਹਮਣੇ ਜੇ ਮੌਤ ਵੀ ਖੜੀ ਹੁੰਦੀ ਹੈ ਤਾਂ ਵੀ ਉਸਦਾ ਮਨ ਆਨੰਦ, ਅਡੋਲ, ਸ਼ਾਂਤ ਚਿੱਤ ਹਾਲਤ ਵਿੱਚ ਰਹਿੰਦਾ ਹੈ। ਸ਼ਹੀਦਾਂ ਦੀਆਂ ਹੱਡੀਆਂ, ਇੱਟਾਂ ਅਤੇ ਚੂਨੇ ਦੀ ਥਾਂ ਖ਼ੂਨ ਦੇ ਗਾਰੇ ਨਾਲ ਲਗਕੇ ਹੀ ਕੌਮ ਦੇ ਮਹੱਲ ਦੀਆਂ ਨੀਹਾਂ ਵਿੱਚ ਭਰੀਆਂ ਜਾਂਦੀਆਂ ਹਨ ਅਤੇ ਕੌਮੀ ਮਹੱਲ ਉਸਰਦੇ ਹਨ। ਇਕ ਕਵੀ ਦਾ ਕਥਨ ਹੈ :

**ਸੱਚ ਹੈ ਕਿ ਚੂਨੇ ਇੱਟ ਦਾ ਪੱਕਾ ਮਕਾਂ ਬਣ ਜਾਏਗਾ।**
**ਦਿਨ ਰਾਤ ਕਰ ਇਕ ਰਾਜ, ਲਾਸੀ ਤਾਣ ਤਾ ਬਣ ਜਾਏਗਾ**
**ਮੀਨਾਕਾਰੀ ਜਾਲੀਆਂ, ਰੋਜਾ ਤੇ ਉਚੀਆਂ ਮਾੜੀਆਂ,**
**ਫਰਸ਼ ਮਰਮਰ ਕਲਸ ਸੋਹਣੇ, ਆਲੀਸ਼ਾਂ ਬਣ ਜਾਏਗਾ।**

ਪਰ ਇੱਟ ਚੂਨੇ ਪੱਥਰੀਂ ਕੌਮੀ ਮਹੱਲ ਬਣਨਾ ਨਹੀਂ।
ਹੱਡੀ ਸ਼ਹੀਦਾਂ ਪਿਸਕੇ ਜਾ ਖ਼ੂਨ ਦੇ ਵਿਚ ਰਲਣਾ ਨਹੀਂ।

ਸਰਕਾਰ ਨੇ ਰਾਏ ਕੋਟ (ਜ਼ਿਲ੍ਹਾ ਲੁਧਿਆਣਾ) ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਵਰੋਸਾਇਆ ਹੋਇਆ ਕਸਬਾ ਸੀ, ਏਥੇ ਦੇ ਰਾਏ-ਕਲਾ ਨੇ ਸਰਹਿੰਦ ਤੋਂ ਗੁਰੂ ਸਾਹਿਬ ਦੇ ਛੋਟੇ ਸ਼ਹੀਦ ਸਾਹਿਬਜ਼ਾਦਿਆਂ ਦੀ ਖ਼ਬਰ ਮੰਗਵਾ ਕੇ ਦਿੱਤੀ ਸੀ, ਵਿਖੇ ਸੁਥਰਿਆਂ ਦੀ ਧਰਮਸ਼ਾਲਾ ਦੇ ਨਜ਼ਦੀਕ ਹੀ ਇੱਕ ਬੁੱਚੜਖਾਨਾ ਖੋਲ ਦਿੱਤਾ। ਇਸ ਬੁੱਚੜਖਾਨੇ ਦੇ ਖੁੱਲ ਜਾਣ ਨਾਲ ਜਿਥੇ ਪਿੰਡ ਦੇ ਵਸਨੀਕ ਬਹੁਤ ਔਖ ਮਹਿਸੂਸ ਕਰ ਰਹੇ ਸਨ, ਉਥੇ ਹਰ ਆਉਂਦਾ ਜਾਂਦਾ ਰਾਹਗੀਰ ਤੇ ਸੰਤ ਸਾਧ ਜੋ ਵੀ ਇਸ ਧਰਮਸ਼ਾਲਾ ਵਿੱਚ ਠਹਿਰਦਾ ਵੇਖ ਕੇ ਤੜਫ ਉਠਦਾ ਸੀ। ਇਸ ਤਰ੍ਹਾਂ ਗੁਰੂ ਕੇ ਵਰੋਸਾਏ ਨਗਰ ਵਿੱਚ ਬੁੱਚੜਖਾਨਾ ਦੇਖ ਕੇ ਇਨ੍ਹਾਂ ਕੂਕੇ ਸਿੰਘ ਨੇ ਦਿਲੋਂ ਮਹਿਸੂਸ ਕੀਤਾ। ਪਹਿਲੇ ਏਥੇ ਬੁੱਚੜਖਾਨਾ ਨਹੀਂ ਸੀ ਹੁੰਦਾ। ਅੰਗਰੇਜ਼ੀ ਸਰਕਾਰ ਨੇ ਸੰਨ 1856 'ਚ ਜ਼ਿਲ੍ਹੇ ਦੇ ਅਫਸਰ ਮਿ. ਰਿਕੈਟਸ ਦੇ ਹੁਕਮ ਨਾਲ ਖੋਲ੍ਹਿਆ ਸੀ। ਸ਼ਹਿਰ ਦੇ ਕੁਝ ਕੁ ਸਰਕਰਦਾ ਲੋਕਾਂ ਨੇ ਸਰਕਾਰ ਪਾਸ ਸ਼ਿਕਾਇਤ ਵੀ ਕੀਤੀ ਸੀ ਕਿ ਬੁੱਚੜਾਂ ਨੇ ਬੁੱਚੜਖਾਨੇ ਦੇ ਲਾਗੇ ਦੇ ਛੱਪੜ ਵਿੱਚ ਇਕ ਪਿੰਜਰ ਸੁੱਟ ਦਿੱਤਾ ਹੈ। ਇਤਿਹਾਸ ਦੱਸਦਾ ਹੈ ਕਿ ਤਹਿਸੀਲਦਾਰ ਨੇ ਬੂਟੇ ਬੁੱਚੜ ਨੂੰ ਸਿਰਫ 10 ਰੁਪਏ ਜੁਰਮਾਨਾ ਕਰਕੇ ਛੱਡ ਦਿੱਤਾ ਸੀ।

ਇਹ ਪਿੱਛੋ ਪਿੰਡ ਦੇ ਨਾਮਧਾਰੀ ਸਿੰਘ ਭੈਣੀ ਸਾਹਿਬ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਜਾਂਦੇ ਹੋਏ ਰਾਏਕੋਟ ਠਹਿਰੇ ਤਾਂ ਇੱਥੇ ਉਹਨਾਂ ਨੇ ਜਦੋਂ ਇਹ ਹਾਲਤ ਦੇਖੀ ਅਤੇ ਇਸ ਬਾਰੇ ਹੋਰ ਵੀ ਬਹੁਤ ਕੁਝ ਪਿੰਡ ਵਾਲਿਆਂ ਤੋਂ ਸੁਣਿਆ, ਤਾਂ ਉਨ੍ਹਾਂ ਕੋਲੋਂ ਰਿਹਾ ਨਾ ਗਿਆ। ਸਿੰਘਾਂ ਨੇ ਉਸੇ ਵੇਲੇ ਬੁੱਚੜਖਾਨੇ ਤੇ ਹਮਲਾ ਕਰਨ ਦਾ ਪ੍ਰੋਗਰਾਮ ਬਣਾਇਆ। 15 ਜੁਲਾਈ 1871 ਈ. ਦੀ ਰਾਤ ਨੂੰ ਬੁੱਚੜਖਾਨੇ ਤੇ ਹਮਲਾ ਕੀਤਾ ਗਿਆ। ਦੋ ਬੁੱਚੜ ਮਾਰੇ ਗਏ ਅਤੇ 7 ਸਿੰਘ ਜ਼ਖ਼ਮੀ ਹੋ ਗਏ। ਗਊਆਂ ਦੇ ਰੱਸੇ ਵੱਢ ਦਿੱਤੇ ਗਏ ਅਤੇ ਗਊਆਂ ਨੂੰ ਬਾਹਰ ਹਿੱਕ ਦਿੱਤਾ ਗਿਆ। ਰਾਤੋ-ਰਾਤ ਸਿੰਘ ਉ ਗਾਇਬ ਹੋ ਗਏ। ਪਿੰਡ ਛੀਨੀਵਾਲ ਦੇ ਸਰਕਾਰੀ ਮੁਖਬਰ ਦੱਲ ਸਿੰਘ ਨੇ ਪੁਲਿਸ ਖਬਰ ਕਰ ਦਿੱਤੀ, ਇਸੇ ਦੌਰਾਨ ਤੇਜਾ ਸਿੰਘ ਢਿਲਵਾਂ ਵਾਲੇ ਨੇ ਸਿੰਘਾਂ ਨੂੰ ਸਾ ਵਾਰਤਾ ਜਾ ਸੁਣਾਈ ਅਤੇ ਆਖਿਆ, "ਜੇਠੂ ਪੁਰੇ ਦਾ ਰਸਾਲਾ ਤੁਹਾਨੂੰ ਫੜ੍ਹਨ ਲਈ ਆ ਰਿਹਾ ਹੈ। ਤੁਸੀਂ ਆਪਣਾ ਪ੍ਰਬੰਧ ਕਰ ਲਵੋ।" ਸਾਰੇ ਸਿੰਘ ਜੰਗਲ ਵਿੱਚ ਜਾ ਬੈਠੇ। ਫਿਰ ਉਨ੍ਹਾਂ ਨੇ ਸੋਚਿਆ ਕਿ ਹੁਣ ਜੇਕਰ ਅਸੀਂ ਭੱਜ ਗਏ ਤਾਂ ਸਿਪਾਹੀ ਦੂਸਰਿਆਂ ਨੂੰ ਦੁੱਖ ਦੇਣਗੇ। ਅਸੀਂ ਹੀ ਇਹ ਕੰਮ ਕੀਤਾ ਹੈ ਤੇ ਅਸੀਂ ਹੀ ਸਹਿਣ

ਕਰਾਂਗੇ। ਕੰਮ ਕਰਕੇ ਭੱਜਣਾ ਨਹੀਂ ਚਾਹੀਦਾ। ਸਨਮੁੱਖ ਹੋ ਕੇ ਸਿਰ ਦੇਵਾਂਗੇ। ਜੋ ਗੁਰੂ ਜੀ ਨੇ ਕਰਨਾ ਹੈ, ਉਹੀ ਹੋਣਾ ਹੈ, ਦੇਖੀ ਜਾਏਗੀ, ਅਸੀਂ ਭੱਜਾਂਗੇ ਨਹੀਂ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿੱਚ ਇੰਞ ਵਰਨਣ ਕਰਦੇ ਹਨ :

**ਯੱਦਪਿ ਪੁਜਾਰੀ ਥੇ ਬਿਰੋਧੀ ਇਨੈ ਕੇਰ ਥਏ,**
**ਤੌ ਭੀ ਉਭੇ ਪੰਥ ਯੇ ਬਢਾਏ ਗੁਰੁ ਨੈ ਘਨੇ।**
**ਸੁਨੋ ਅਬਿ ਧਰਮ ਕੇ ਹੇਤ ਸਿਰ ਦੈ ਕੈ ਕੂਕੇ,**
**ਧਰਮੀ ਸ਼ਹੀਦਨ ਮੈ ਗਏ ਜਿਮ ਹੈ ਗਨੇ। 228** - ਪੰਥ ਪ੍ਰਕਾਸ਼- 1889 ਈ:

ਇਸ ਤਰ੍ਹਾਂ ਇਨ੍ਹਾਂ ਬਹਾਦਰ ਸੂਰਮਿਆਂ ਨੇ ਆਪਣੇ ਆਪ ਨੂੰ ਪੁਲਿਸ ਹਵਾਲੇ ਕਰਨਾ ਹੀ ਠੀਕ ਸਮਝਿਆ ਜਿਨ੍ਹਾਂ ਦੇ ਨਾਮ ਇਹ ਸਨ :-

1. ਸੰਤ ਮਸਤਾਨ ਸਿੰਘ,
2. ਸੰਤ ਮੰਗਲ ਸਿੰਘ,
3. ਸੰਤ ਗੁਰਮੁਖ ਸਿੰਘ।
4. ਦਲ ਸਿੰਘ (ਦੱਲੂ) ਤੇ ਕਾਨ੍ਹਾਂ ਜੋ ਸਰਕਾਰੀ ਮੁਖਬਰ ਸਨ। ਉਨ੍ਹਾਂ ਨੂੰ ਬਾਅਦ ਵਿੱਚ ਸਰਕਾਰੀ ਗਵਾਹ ਖਣਾ ਕੇ ਛੱਡ ਦਿੱਤਾ ਗਿਆ ਸੀ। ਸ੍ਰੀ ਮਾਨ ਬਾਬਾ ਕਾਹਲਾ ਸਿੰਘ ਜੀ ਕਰਤਾ 'ਨਾਮਧਾਰੀ ਸ਼ਹੀਦ ਬਿਲਾਸ' ਵਿੱਚ ਲਿਖਦੇ ਹਨ :

ਕਾਨ੍ਹਾ ਕੌੜੀ ਕਮਾਲਪੁਰ ਪਿੰਡ ਦਾ ਸੀ,
ਦਲ ਖਾਸ ਕੌੜੀ ਛੀਨੀਵਾਲ ਦਾ ਸੀ।
ਕੀਤਾ ਮੁਕਬਰੀ ਜਾਇ ਸਰਕਾਰ ਅੱਗੇ,
ਥਾਨੇਦਾਰ ਫਿਰਦਾ ਸਿੰਘ ਭਾਲਦਾ ਸੀ।
ਦੋਹਾਂ ਪੁਲਿਸ ਚੜ੍ਹਾ ਕੇ ਮੁਕਬਰਾਂ ਤੇ,
ਜਾ ਕੇ ਸਿੰਘਾਂ ਦੇ ਪਿੰਡ ਦਿਖਾਲਦਾ ਸੀ।
ਮੰਡੀ ਪਿੱਥੋ ਦੇ ਸਿੰਘ ਫੜਾ ਦਿੱਤੇ,
ਰਤਨ ਸਿੰਘ ਇਕੋ ਨਾਈਵਾਲ ਦਾ ਸੀ।
ਥਾਉਂ ਥਾਂ ਦੀ ਨਿਸ਼ਾਨੀ ਸਰਬ ਦਸਣ,
ਮੁਕਬਰ ਕਾਤਲਾਂ ਦੇ ਕਤਲ ਨਾਲ ਦਾ ਸੀ।
ਹਥਕੜੀਆਂ ਲਗਾਇਕੇ ਸਿੰਘ ਆਂਦੇ,
ਰਾਏਕੋਟ ਡੇਰਾ ਕੋਤਵਾਲ ਦਾ ਸੀ।

ਸ਼ਿਸ਼ਨ ਆਣ ਕੇ ਤੇ ਕੋਠੀ ਬੱਸੀਆਂ ਦੀ,
ਬਿਆਨ ਮੁਕਬਰਾਂ ਪੁਛ ਸੰਭਾਲਦਾ ਸੀ।

ਇਸ ਤਰ੍ਹਾਂ ਨਕਲ ਮੁਕੱਦਮਾ ਸਰਕਾਰ ਬਨਾਮ ਮਸਤਾਨ ਸਿੰਘ, ਗੁਰਮੁਖ ਸਿੰਘ, ਮੰਗਲ ਸਿੰਘ ਅਦਾਲਤ ਜੇ.ਡਬਲਯੂ. ਮੈਕਨੈਬ ਸ਼ੈਸ਼ਨ ਜੱਜ ਅੰਬਾਲਾ ਡਿਵੀਜ਼ਨ, 27 ਜੁਲਾਈ, 1871 ਤੇ ਫਿਰ ਫੈਸਲਾ ਚੀਫ਼ ਕੋਰਟ ਪੰਜਾਬ, ਲਾਹੌਰ 1 ਅਗਸਤ 1871 ਨੂੰ ਕਰ ਦਿੱਤਾ। ਇਸ ਤਰ੍ਹਾਂ ਪਿੰਡ ਪਿੱਥੋ ਦੇ ਇਨ੍ਹਾਂ ਤਿੰਨ ਉਪਰੋਕਤ ਸਿੰਘਾਂ ਨੂੰ 5 ਅਗਸਤ 1871 ਈਃ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਲੁਧਿਆਣੇ ਦਾ ਡੀ. ਸੀ. ਕਾਵਨ ਆਪਣੀ ਰਿਪੋਰਟ ਨੰ. 180 ਮਿਤੀ 20 ਜੁਲਾਈ 1871 ਈ. ਵਿੱਚ ਲਿਖਦਾ ਹੈ।:- **ਹੱਤਿਆ ਬੇਸ਼ਕ ਕੂਕਿਆਂ ਨੇ ਹੀ ਕੀਤੀ ਹੈ ਪਰ ਮੈਨੂੰ ਸ਼ੱਕ ਹੈ ਕਿ ਗੁਰੂ ਰਾਮ ਸਿੰਘ ਨੇ ਕੂਕਿਆਂ ਨੂੰ ਬੁੱਚੜ ਕਤਲ ਕਰਨ ਲਈ ਹੁਕਮ ਦਿੱਤਾ ਹੋਵੇ।**

28 ਜੁਲਾਈ, 1871 ਈ. ਨੂੰ ਗੁਰੂ ਰਾਮ ਸਿੰਘ ਜੀ ਅਤੇ ਹੋਰ ਸੂਬਿਆਂ ਨੂੰ ਵੀ ਬਸੀਆਂ ਦੀ ਕੋਠੀ, ਇਸ ਮੁਕੱਦਮੇ ਦੇ ਸੰਬੰਧ ਵਿੱਚ ਗਵਾਹੀਆਂ ਦੇਣ ਲਈ ਸਦਿਆ ਗਿਆ। ਆਪ ਜੀ 36 ਨਾਮਧਾਰੀ ਸਿੰਘਾਂ ਸਮੇਤ ਪਿੰਡ ਬਸੀਆਂ ਪੁੱਜੇ ਤਾਂ ਸੈਸ਼ਨ ਜੱਜ ਨੇ ਪੁੱਛਿਆ ਕਿ 'ਮੁਕਬਲ ਕਹਿੰਦੇ ਹੈਂ ਕਿ ਤੁਸਾਂ ਆਪ ਬੁਚੜ ਬਦਣ ਦਾ ਹੁਕਮ ਦਿੱਤਾ ਹੈ।' ਇਸ ਤੇ ਸ੍ਰੀ ਸਤਿਗੁਰੂ ਜੀ ਫੁਰਮਾਇਆ ਕਿ **ਮੈਂ ਕਾਸ ਨੂੰ ਹੁਕਮ ਦਿੱਤਾ ਹੈ। ਆਪੋ ਆਪ ਜਾਇ ਕੇ ਬਦਦੇ ਫਿਰਦੇ ਹੈਂ, ਸਾਨੂੰ ਕੁਝ ਖ਼ਬਰ ਨਹੀਂ।** ਉਸੇ ਸਮੇਂ ਕਾਨ੍ਹਾਂ ਤੇ ਦੱਲੂ ਨੇ ਕਿਹਾ ਇਸ ਆਪ ਪੈਸੇ ਦੇਕੇ ਤੋਰਿਆ ਹੈ। ਸਤਿਗੁਰਾਂ ਕਿਹਾ **ਜੇ ਪੈਸੇ ਦਿੱਤੇ ਹੋਣਗੇ ਤਾਂ ਬਹੀ ਵਿੱਚ ਲਿਖੇ ਹੋਣਗੇ।** ਬਹੀਆਂ ਵੀ ਮੰਗਵਾਈਆਂ ਗਈਆਂ। ਪਰ ਵੇਖਣ ਤੇ ਕਿਤੇ ਵੀ ਕੋਈ ਖਰਚ ਦਿੱਤਾ ਹੋਇਆ ਲਿਖਿਆ ਨਾ ਮਿਲਿਆ। ਆਪ ਜੀ ਨੇ ਬਚਨ ਕੀਤਾ ਕਿ **'ਜਿਸ ਨੂੰ ਮੈਂ ਦੇਂਦਾ ਹਾਂ ਨਾਵਾਂ ਲਿਖ ਛਡਦਾ ਹਾਂ। ਜੇਕਰ ਦਿੱਤਾ ਹੁੰਦਾ ਤਾਂ ਲਿਖਿਆ ਭੀ ਹੁੰਦਾ। ਜੇਕਰ ਮੈਂ ਹੁਕਮ ਦੇਣਾ ਹੁੰਦਾ, ਤਾਂ ਏਨਾ ਨੂੰ ਦੇਣਾ ਸੀ? ਚੰਗੇ ਸਿੰਘ ਮੇਰੇ ਕੋਲ ਸੇ, ਉਨ੍ਹਾਂ ਨੂੰ ਮੈਂ ਹੁਕਮ ਕਰ ਦੇਂਦਾ, ਇਨ੍ਹਾਂ ਨੂੰ ਮੈਂ ਕਿਉਂ ਹੁਕਮ ਦੇਣਾ ਸੀ?'** ਆਪ ਜੀ ਨੇ ਬੜੀ ਨਿਰਭੈਤਾ ਨਾਲ ਝੂਠੇ ਗਵਾਹਾਂ ਦੇ ਪਾਜ਼ ਖੋਲ੍ਹੇ ਅਤੇ ਵਾਪਸ ਚਲੇ ਗਏ।

ਏਨਾਂ ਬੁੱਚੜਾਂ ਦਾ ਕਤਲ ਕੂਕਿਆਂ ਦੀ ਕਿਸੇ ਦਿਮਾਗੀ ਬੀਮਾਰੀ ਦਾ ਕਾਰਨ ਨਹੀਂ ਸੀ ਸਗੋਂ ਸਵੈ-ਅਭਿਮਾਨ ਦੀ ਹੌਂਸਲੇ ਭਰੀ ਦਲੇਰੀ ਸੀ। ਇਹ ਠੀਕ ਹੈ ਕਿ ਦੇਸ਼ ਪੂਰੀ

ਰ੍ਹਾਂ ਗੁਲਾਮ ਹੋ ਚੁੱਕਾ ਸੀ, ਅੰਗ੍ਰੇਜ਼ ਦੀ ਸ਼ਕਤੀ ਬਹੁਤ ਜ਼ਬਰਦਸਤ ਸੀ, ਪਰ ਅਜੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਸੰਤ ਸਿਪਾਹੀਆਂ ਦੇ ਦਿਲਾਂ ਵਿੱਚੋਂ ਅਨਖ ਤੇ ਗੈਰਤ ਨਹੀ ਸੀ, ਨਿਕਲੀ। ਉਹ ਆਪ ਮਰ ਸਕਦੇ ਸਨ, ਪਰ ਕੌਮੀ ਧਰਮ ਸਥਾਨਾਂ ਦੀ ਬੇਅਦਬੀ ਨਹੀਂ ਸਨ ਸਹਾਰ ਸਕਦੇ। ਸੋ ਅੰਗ੍ਰੇਜ਼ਾਂ ਵਲੋਂ ਗੁਰਧਾਮਾਂ ਅਤੇ ਸਿੱਖ ਧਰਮ ਦਾ ਅਪਮਾਨ ਨਾਂ ਸਹਾਰਦਿਆਂ ਹੋਇਆਂ ਨਾਮਧਾਰੀ ਸਿੰਘਾਂ ਨੇ ਅਪਮਾਨ ਕਰਨ ਵਾਲਿਆਂ ਨੂੰ ਦੰਡ ਦਿੱਤੇ। ਇਸਦੇ ਬਦਲੇ ਵਿੱਚ ਉਨ੍ਹਾਂ ਨੇ ਆਪ ਸਭ ਤਰ੍ਹਾਂ ਦੇ ਕਸ਼ਟ ਖਿੜੇ ਮੱਥੇ ਸਹਾਰੇ ਜਦੋਂ ਕਿ ਉਨ੍ਹਾਂ ਨੇ ਆਪਣੇ ਵਿੱਚ ਨਿੱਜੀ-ਸਵਾਰਥ, ਕਿਸੇ ਤਰ੍ਹਾਂ ਦੇ ਅਧਿਕਾਰ ਪ੍ਰਾਪਤ ਕਰਨ ਅਤੇ ਸ਼ੋਭਾ ਦੀ ਪ੍ਰਾਪਤੀ ਵਾਸਤੇ ਵਿਚਾਰ ਨਹੀਂ ਆਉਣ ਦਿੱਤਾ।

## ਲੁਧਿਆਣੇ ਦੇ ਦੋ ਨਾਮਧਾਰੀ ਸ਼ਹੀਦ ਸਿੰਘ

ਦੀਨ, ਦੁਖੀ, ਗਊ-ਗਰੀਬ ਅਤੇ ਸਤਿ ਧਰਮ ਦੇ ਪ੍ਰਕਾਸ਼ ਹਿਤ ਸਿਰ ਤੇ ਆ ਬਣੀ ਮੁਸੀਬਤ ਦਾ ਡੱਟ ਕੇ ਮੁਕਾਬਲਾ ਕਰਨਾ ਤੇ ਪੈਰ ਪਿਛਾਂਹ ਵਲ ਨਾ ਧਰਨਾ, ਸਰੀਰ ਤਾਂ ਛੱਡ ਦੇਣਾ ਪਰ ਸਿਰੜ ਨਾ ਛਡਣਾ, ਪੁਰਜ਼ਾ-ਪੁਰਜ਼ਾ ਸਰੀਰ ਦਾ ਕੱਟ ਜਾਣਾ ਪਰ ਮੈਦਾਨੇ ਜੰਗ ਤੋਂ ਡਰ ਕੇ ਪਿਛੇ ਵੱਲ ਨਾ ਝਾਕਣਾ, ਇਹ ਹੁੰਦੇ ਹਨ ਸੂਰਮੇ ਸ਼ਹੀਦ ਸਿੰਘਾਂ ਦੇ ਕਰਤਵ।

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।।**
**ਪੁਰਜਾ-ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ।।** **ਸਲੋਕ ਕਬੀਰਜੀ, ਪੰ: 1105**

ਇਸੇ ਕਰਕੇ ਜਿਹੜੇ ਪੁਰਸ਼ ਦੇਸ਼ ਕੌਮ ਜਾਂ ਮਨੁੱਖ ਜਾਤੀ ਦੇ ਹਰ ਤਰ੍ਹਾਂ ਦੇ ਧਾਰਮਿਕ ਸੱਭਿਆਚਾਰਕ ਜਾਂ ਰਾਜਨੀਤਕ ਅਤਿਆਚਾਰ, ਬੇਇਨਸਾਫ਼ੀ, ਧੱਕੇ ਅਤੇ ਜ਼ਬਰ ਵਿਰੁੱਧ ਆਵਾਜ਼ ਬੁਲੰਦ ਕਰਕੇ ਆਪਣੇ ਦੇਸ਼-ਧਰਮ ਲਈ ਆਪਾ ਵਾਰ ਜਾਂਦੇ ਹਨ, ਉਹ ਸਭ ਵੀਰ, ਯੋਧੇ ਅਤੇ ਧਰਮੀ ਸ਼ਹੀਦ ਅਖਵਾਉਂਦੇ ਹਨ।

**ਸੀਸ ਦੀਏ ਅਰ ਸੀ ਨਾ ਕਰੀ ਜਿਨ**
**ਸਿਖਨ ਤਾਹਿ ਕੇ ਮੈਂ ਬਲਿਹਾਰੀ।** - ਸੰਤ ਧਿਆਨ ਸਿੰਘ ਜੀ

ਸਿੱਖ ਇਤਿਹਾਸ ਵਿੱਚ ਨਾਮਧਾਰੀ ਸਿੰਘਾਂ ਦੀ ਲਾਸਾਨੀ ਕੁਰਬਾਨੀ ਨੂੰ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਣਾ ਯੋਗ ਬਣਦਾ ਹੈ ਕਿਉਂ ਜੁ ਇਹਨਾਂ ਨੇ ਹੀ ਸਭ ਤੋਂ ਪਹਿਲਾਂ ਬਦੇਸ਼ੀ ਰਾਜ ਦੇ ਵਿਰੁੱਧ ਆਵਾਜ਼ ਉਠਾਈ। ਗਊ-ਗਰੀਬ ਦੀ ਰਖਿਆ, ਦੇਸ਼ ਨੂੰ ਆਜ਼ਾਦ ਕਰਾਉਣ ਦੀ ਲਾਲਸਾ ਅਤੇ ਖੁੱਸ ਚੁੱਕੇ ਖਾਲਸਾ ਰਾਜ ਦੀ ਮੁੜ ਸਥਾਪਨਾ ਦੀ ਖਾਹਿਸ ਇਨ੍ਹਾਂ ਅੰਦਰ ਸਤਿਗੁਰੂ ਰਾਮ ਸਿੰਘ ਜੀ ਨੇ ਕੁੱਟ-ਕੁੱਟ ਕੇ ਭਰੀ ਹੋਈ ਸੀ।

ਨਾਮਧਾਰੀ ਸਿੰਘ ਬਹੁਤ ਹੀ ਸ਼ਾਂਤ, ਸਹਿਜ, ਸਰਲ ਤੇ ਸੰਤ ਮਤ ਪ੍ਰਵਿਰਤੀ ਦੇ ਸਿ
ਹਨ, ਪਰ ਦੇਸ਼ ਅਤੇ ਧਰਮ ਦੀ ਖਾਤਰ ਆਜ਼ਾਦੀ ਦੇ ਸੰਘਰਸ਼ ਲਈ ਜਿੰਨਾਂ ਖੂਨ ਇ
ਕੂਕਿਆਂ ਨੇ ਡੋਲ੍ਹਿਆ ਹੈ, ਸ਼ਾਇਦ ਹੀ ਇਤਿਹਾਸ ਦੇ ਕਿਸੇ ਪੰਨੇ ਤੋਂ ਐਸੀ ਮਿਸਾਲ ਮਿਲ
ਸਕੇ। ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ
ਦੀਆਂ ਕੁਰਬਾਨੀਆਂ ਹੀ ਇਨ੍ਹਾਂ ਨੂੰ ਸਦਾ ਵੰਗਾਰਦੀਆਂ ਰਹੀਆਂ।

ਉਸ ਵੇਲੇ ਪੰਜਾਬ ਦੇ ਡਿਪਟੀ ਇੰਸਪੈਕਟਰ ਜਨਰਲ ਪੁਲੀਸ ਦੀ ਇਹ ਰਾਇ ਸੀ **ਕਿ ਜੇ ਕੂਕਿਆਂ ਨੂੰ ਸਖਤ ਸਜਾਵਾਂ ਦੇ ਕੇ ਹੁਣੇ ਹੀ ਨਾ ਦਬਾਇਆ ਗਿਆ ਤਾਂ ਉਹ ਕਿਸੇ ਨੇ ਕਿਸੇ ਦਿਨ ਅੰਗਰੇਜ਼ੀ ਸਰਕਾਰ ਨਾਲ ਜ਼ਰੂਰ ਟੱਕਰ ਲੈਣਗੇ।** ਸੂਬਾ ਗਿਆਨੀ ਰਤਨ ਸਿੰਘ ਮੰਡੀ ਵਾਲਾ, ਨਾਮਧਾਰੀ ਪੰਥ ਵਿੱਚ ਇੱਕ ਮੰਨਿਆ ਪ੍ਰਮੰਨਿਆ ਵਿਦਵਾਨ ਅਤੇ ਬੁਲਾਰਾ ਸੀ। ਚੂੰਕਿ ਨਾਮਧਾਰੀ ਸਿੰਘਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਹੀ ਸਰਕਾਰੀ ਕਚਹਿਰੀਆਂ ਦਾ ਪੂਰਨ ਬਾਈਕਾਟ ਕੀਤਾ ਹੋਇਆ ਸੀ। ਇਸ ਲਈ ਆਪਸੀ ਝਗੜਿਆਂ ਦੇ ਫੈਸਲੇ ਵੀ ਸੂਬਾ ਗਿਆਨੀ ਰਤਨ ਸਿੰਘ ਹੀ ਕਰਾਇਆ ਕਰਦਾ ਸੀ। ਇਸੇ ਕਰਕੇ ਰਾਏਕੋਟ ਦੇ ਮੁਕੱਦਮੇ ਵਿੱਚ ਵੀ ਗਿਆਨੀ ਸਿੰਘ ਉਰਫ ਰਤਨ ਸਿੰਘ ਮੰਡੀਵਾਲਾ ਅਤੇ ਨਾਈਵਾਲ ਦੇ ਰਤਨ ਸਿੰਘ ਨੂੰ ਹਿੰਦ ਦੰਡਾਵਲੀ ਦੀਆਂ ਧਾਰਾਵਾਂ 109 ਅਤੇ 302 ਹੇਠ ਮੁਖਬਰਾਂ ਦੇ ਬਿਆਨਾਂ ਦੇ ਆਧਾਰ ਤੇ ਕਤਲ ਕਰਵਾਉਣ ਲਈ ਚੁਕਣਾਂ ਦੇਣ ਹੇਠ ਜੱਜ ਲਿੰਡਸੇ ਨੇ 23 ਨਵੰਬਰ 1871 ਈ. ਨੂੰ ਸੈਸ਼ਨ ਜੱਜ ਵਲੋਂ ਦਿੱਤੀਆਂ ਗਈਆਂ ਮੌਤ ਦੀਆਂ ਸਜ਼ਾਵਾਂ ਬਹਾਲ ਰਖੀਆਂ।

ਇਸ ਤਰ੍ਹਾਂ ਅੰਗਰੇਜ਼ਾਂ ਵਲੋਂ ਗੁਰਧਾਮਾਂ ਅਤੇ ਸਿੱਖ ਧਰਮ ਦਾ ਅਪਮਾਨ ਨਾ ਸਹਾਰਦਿਆਂ ਹੋਇਆਂ ਨਾਮਧਾਰੀ ਸਿੰਘਾਂ ਨੇ ਅਪਮਾਨ ਕਰਨ ਵਾਲਿਆਂ ਨੂੰ ਦੰਡ ਦੇਣ ਦਾ ਪ੍ਰਣ ਕਰ ਲਿਆ ਹੋਇਆ ਸੀ। ਸੂਬਾ ਗਿਆਨੀ ਰਤਨ ਸਿੰਘ ਜੀ ਜਿਨ੍ਹਾਂ ਦੇ ਜੋਸ਼ੀਲੇ ਪ੍ਰਚਾਰ ਸਦਕਾ ਹੀ ਐਸਾ ਕੁੱਝ ਹੋਇਆ। ਭਾਵੇਂ ਇਸ ਦੇ ਬਦਲੇ ਉਨ੍ਹਾਂ ਨੂੰ ਆਪ ਆਪਣੇ ਸਾਥੀ ਸੰਤ ਰਤਨ ਸਿੰਘ ਜੀ ਨਾਲ 26 ਨਵੰਬਰ ਸੰਨ 1871 ਈ. ਨੂੰ ਲੁਧਿਆਣਾ ਜੇਲ ਦੇ ਬਾਹਰ ਬੋਹੜ ਦੇ ਨਾਲ ਲੋਕਾਂ ਦੇ ਇਕੱਠ ਦੇ ਸਾਹਮਣੇ ਫਾਂਸੀ ਦੇ ਰੱਸੇ ਆਪਣੇ ਗਲਾ ਵਿੱਚ ਪਾ ਕੇ ਇਹ ਕਹਿੰਦੇ ਹੋਏ ਸ਼ਹੀਦ ਹੋਣਾ ਪਿਆ :

**ਬਿੱਲਿਆ ਮੂੰਹ ਤਾਂ ਸਾਹਮਣੇ ਰੱਖ ਜਵਾਈ ਵਾਂਗੂੰ, ਪਿੱਠ ਕਿਉਂ ਕੀਤੀ ਹੈ। ਦਸ ਮਹੀਨੇ ਕਿਸੇ ਮਾਂ ਦੀ ਕੁੱਖ ਵਿੱਚ ਕੱਟ ਕੇ ਫਿਰ ਆਇਆ ਜਾਣ ਜਮਾਈ ਨੂੰ। ਜਵਾਨ ਹੋ ਕੇ ਬਦਲੇ ਲਵਾਂਗੇ। ਸੁਣ ਓਇ ਬਿੱਲਿਆ, ਤੇਰੀ ਮੱਤ ਮਾੜੀ ਦੇਖੀ ਹੈ, ਤੁਹਾਡੀ ਅਦਾਲਤ ਨਹੀਂ ਹੈ। ਬੇਅਦਾਲਤੀ ਹੋਣੇ ਲੱਗੀ ਹੈ।** - ਸੰਤ ਸੰਤੋਖ ਸਿੰਘ ਬਾਹੂਵਾਲ

# ਮਲੇਰਕੋਟਲੇ ਦਾ ਮਹਾਨ ਬਲੀਦਾਨ

ਅੰਗ੍ਰੇਜ਼ਾਂ ਵਲੋਂ ਗੁਰਧਾਮਾਂ ਅਤੇ ਸਿੱਖ ਧਰਮ ਦਾ ਅਪਮਾਨ ਨਾਂ ਸਹਾਰਦਿਆਂ ਹੋਇਆਂ ਨਾਮਧਾਰੀ ਸਿੰਘਾਂ ਨੇ ਅਪਮਾਨ ਕਰਨ ਵਾਲਿਆਂ ਨੂੰ ਦੰਡ ਦਿੱਤੇ। ਇਸ ਦੇ ਬਦਲੇ ਵਿੱਚ ਉਨ੍ਹਾਂ ਨੇ ਆਪ ਸਭ ਤਰ੍ਹਾਂ ਦੇ ਕਸ਼ਟ ਖਿੜੇ ਮੱਥੇ ਸਹਾਰੇ ਜਦੋਂ ਕਿ ਉਨ੍ਹਾਂ ਨੇ ਆਪਣੇ ਵਿੱਚ ਨਿੱਜੀ ਸਵਾਰਥ, ਕਿਸੇ ਤਰ੍ਹਾਂ ਦੇ ਅਧਿਕਾਰ ਪ੍ਰਾਪਤ ਕਰਨ ਅਤੇ ਸੋਭਾ ਦੀ ਪ੍ਰਾਪਤੀ ਵਾਸਤੇ ਵਿਚਾਰ ਨਹੀਂ ਆਉਣ ਦਿੱਤਾ।

## ਸਾਕੇ ਦਾ ਪਿਛੋਕੜ :

**1** ਮਾਘ ਸੰਮਤ **1928** ਬਿ: (**12** ਜਨਵਰੀ, **1872** ਈ:) ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾਂ ਜੀ ਨਮਿਤ ਪੈ ਰਹੇ ਭੋਗ ਸਮੇਂ ਸ੍ਰ: ਹੀਰਾ ਸਿੰਘ ਸਕਰੌਦੀ ਵਾਲਿਆਂ ਦੇ ਜੱਥੇ ਨੇ ਅਕਾਲ-ਬੁੰਗੇ ਸਥਾਨ ਤੇ ਡੇਰਾ ਲਗਾਇਆ ਹੋਇਆ ਸੀ। ਇਥੇ ਹੀ ਫਰਵਾਹੀ (ਮਲੇਰਕੋਟਲਾ) ਦੇ ਨੰਬਰਦਾਰ ਗੁਰਮੁਖ ਸਿੰਘ ਨੇ ਆ ਕੇ ਦਸਿਆ ਕਿ "ਮਲੇਰਕੋਟਲੇ ਤੋਂ ਸ੍ਰੀ ਭੈਣੀ ਸਾਹਿਬ ਆਉਂਦਿਆਂ ਰਸਤੇ ਵਿੱਚ ਇਕ ਅਰਾਈਂ ਨੇ ਇਕ ਮਾੜੇ ਜਿਹੇ ਬੱਲਦ ਉੱਪਰ ਮੂਲੀਆਂ ਦਾ ਖਾਸਾ ਸਾਰਾ ਭਾਰ ਲੱਦਿਆ ਹੋਣ ਦੇ ਇਲਾਵਾ ਆਪ ਵੀ ਉੱਪਰ ਬੈਠਾ ਹੋਇਆ ਸੀ। ਉਸ ਨੂੰ ਮਾਰ ਕੁੱਟ ਕਰਨ ਤੋਂ ਰੋਕਣ ਤੇ ਉਸ ਥਾਣੇ ਜਾ ਕੇ (ਗੁਰਮੁਖ ਸਿੰਘ) ਮੇਰੇ ਖਿਲਾਫ਼ ਹੀ ਸ਼ਿਕਾਇਤ ਕਰ ਦਿੱਤੀ। ਉਨ੍ਹਾਂ ਨੇ ਮੇਰੇ ਸਾਮ੍ਹਣੇ ਹੀ ਉਸ ਬਲਦ ਦੀ ਹੱਤਿਆ ਕਰ ਦਿੱਤੀ ਅਤੇ ਮੈਨੂੰ ਵੀ ਬੁਰਾ ਭਲਾ ਕਿਹਾ ਹੈ।" ਨੰਬਰਦਾਰ ਦੀ ਇਹ ਦੁਖ ਭਰੀ ਵਾਰਤਾ ਨੇ ਕੱਖ-ਕਾਨਿਆਂ ਦੇ ਪਏ ਢੇਰ ਤੇ ਇੱਕ ਚੰਗਿਆੜੀ ਦਾ ਕੰਮ ਕੀਤਾ। ਇਸ ਜੱਥੇ ਨੇ ਮਲੇਰਕੋਟਲਾ ਤੇ ਹੱਲਾ ਬੋਲਣ ਦੀ ਸਕੀਮ ਬਣਾ ਲਈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਦੋਂ ਤੱਕ ਇਨ੍ਹਾ ਪਾਸ ਪੁੱਜੇ ਤਾਂ ਉਦੋਂ ਤੱਕ ਇਨ੍ਹਾ ਮਸਤਾਨਿਆਂ ਦਾ ਜੋਸ਼ ਸਿਖਰ ਤੇ ਪੁੱਜ ਚੁੱਕਾ ਸੀ।

ਸ੍ਰੀ ਸਤਿਗੁਰੂ ਜੀ ਸ੍ਰ: ਹੀਰਾ ਸਿੰਘ, ਲਹਿਣਾ ਸਿੰਘ ਨੂੰ ਬੜੇ ਪਿਆਰ ਨਾਲ ਕਿਹਾ ਕਿ "ਭਾਈ ! ਕਾਹਲੀ ਨਾ ਕਰੋ, ਥੋੜਾ ਧੀਰਜ ਰਖੋ, ਅਜੇ ਪਨੀਰੀ ਛੋਟੀ ਹੈ। ਜਿਹੜਾ ਕੰਮ ਤੁਸੀਂ ਸ਼ਸਤ੍ਰਾਂ ਨਾਲ ਕਰਨਾ ਚਾਹੁੰਦੇ ਹੋ ਉਹੋ ਕੰਮ ਮਾਲਾ ਨਾਲ ਹੀ ਹੋ ਜਾਵੇਗਾ।" ਅਸਲ ਵਿਚ ਉਨ੍ਹਾਂ ਅੰਦਰ ਰਾਇਕੋਟ, ਲੁਧਿਆਣਾ ਅਤੇ ਅੰਮ੍ਰਿਤਸਰ ਵਾਲੇ ਸ਼ਹੀਦਾਂ ਦੀ ਪੁਕਾਰ ਹੀ ਵੰਗਾਰ ਰਹੀ ਸੀ। ਇਸ ਦੇ ਨਾਲ ਹੀ ਸ੍ਰ: ਹੀਰਾ ਸਿੰਘ ਨੇ ਅਰਜ਼ ਕੀਤੀ ਕਿ

ਸੱਚੇ ਪਾਤਸ਼ਾਹ ਜੀ ! ਆਪ ਜੀ ਸਾਨੂੰ ਧਰਮ ਹਤ ਸਾਕਾ ਕਰਨ ਤੋਂ ਰੋਕ ਰਹੇ ਹੋ ਅ
ਓਧਰ ਸਤਿਗੁਰੂ ਤੇਗ ਬਹਾਦਰ ਜੀ ਧਰਮ ਹੇਠ ਸੀਸ ਦੇਣ ਲਈ ਹੁਕਮ ਕਰ ਰਹੇ ਹਾ
ਅਸੀਂ ਕੀ ਕਰੀਏ ?'' ਸ੍ਰੀ ਸਤਿਗੁਰੂ ਜੀ ਫੁਰਮਾਇਆ ਕਿ ''ਚੰਗਾ ਫਿਰ, ਜਿਵੇਂ ਤੁਹਾਡ
ਮਰਜ਼ੀ। ਗੁਰੂ ਤੇਗ ਬਹਾਦਰ ਜੀ ਦਾ ਹੁਕਮ ਤਾਂ ਮੈਂ ਵੀ ਨਹੀਂ ਮੋੜ ਸਕਦਾ।'' ਸ੍ਰਦਾਰ ਨੇ ਫਿਰ ਅਰਜ਼ ਕੀਤੀ ਕਿ ਸਾਨੂੰ ਆਪ ਜੀ ਆਪਣੇ ਹੱਥਾਂ ਨਾਲ ਪ੍ਰਸ਼ਾਦ ਛਕਾ ਦਿਓ, ਫਿਰ ਤਾਂ ਸ਼ਾਇਦ ਹੀ ਮੇਲਾ ਹੋਵੇ।

ਇਸ ਤਰ੍ਹਾਂ 2 ਮਾਘ ਸੰਮਤ 1928 ਵਾਲੇ ਦਿਨ ਇਹ ਜੱਥਾ ਮਲੌਦ ਪੁੱਜ ਗਿਆ ਅਤੇ ਉਥੋਂ ਦੇ ਸਰਦਾਰ ਸ੍ਰ: ਬਦਨ ਸਿੰਘ, ਜਿਸਨੇ ਕਿਸੇ ਸਮੇਂ ਸ੍ਰੀ ਸਤਿਗੁਰੂ ਜੀ ਅੱਗੇ ਬੇਨਤੀ ਕੀਤੀ ਹੋਈ ਸੀ ਕਿ ਲੋੜ ਪੈਣ ਤੇ ਉਹ ਕੁਝ ਹਥਿਆਰਾਂ ਦੀ ਮਦਦ ਕਰ ਦੇਵੇਗਾ। ਇਸ ਸਮੇਂ ਜਦੋਂ ਉਸਨੂੰ ਜੱਥੇ ਦੇ ਮਨਸੂਬੇ ਬਾਰੇ ਪਤਾ ਲਗਾ ਤਾਂ ਉਸ ਟਾਲ ਮਟੋਲ ਕੀਤੀ। ਉਸਦੇ ਨਾਂਹ ਕਰਨ ਤੇ ਸਿੰਘਾਂ ਦੀ ਉਸ ਨਾਲ ਝੜਪ ਹੋ ਗਈ। ਕਿਲ੍ਹੇ ਵਿੱਚ ਰੌਲਾ ਪੈ ਗਿਆ। ਮਾਈ ਇੰਦ ਕੌਰ ਦਾ ਪਤੀ ਭਾਈ ਨੰਦ ਸਿੰਘ ਅਤੇ ਭਾਈ ਅਤਰ ਸਿੰਘ ਇਸੇ ਝੜਪ ਵਿੱਚ ਸ਼ਹੀਦ ਹੋ ਗਏ। ਸਿੰਘਾਂ ਹੱਥ ਕੁਝ ਹਥਿਆਰ ਅਤੇ ਇੱਕ ਘੋੜਾ ਹੱਥ ਲਗਾ ਤੇ ਮਾਰਦੇ ਮਰਾਉਂਦੇ ਕਿਲ੍ਹੇ ਵਿੱਚੋਂ ਬਾਹਰ ਨਿਕਲ ਗਏ। ਰਾਤ ਰਬੋਂ ਡੇਰਾ ਕੀਤਾ ਅਤੇ 4 ਮਾਘ ਦੀ ਸਵੇਰ ਨੂੰ ਹੀ ਥਾਣੇ ਤੇ ਹੱਲਾ ਬੋਲ ਥਾਣੇ ਦੇ ਕੁਝ ਸਿਪਾਹੀਆਂ ਤੇ ਥਾਣੇਦਾਰ ਨੂੰ ਸੋਧ ਕੇ ਚਿੜੀ ਮਾਰਾਂ ਦੇ ਮਹੱਲੇ ਜਿਥੇ ਕਿ ਬੁੱਚੜਾਂ (ਕਸਾਈਆਂ) ਦੇ ਘਰ ਸਨ 'ਤੇ ਟੁੱਟ ਕੇ ਪੈ ਗਏ। ਸਿੰਘ ਜੈਕਾਰੇ ਛੱਡਦੇ ਹੋਏ ਕਿਲ੍ਹੇ ਦੇ ਚੌਂਕ ਵਿਚਲੀ ਕੋਤਵਾਲੀ ਸਾਹਮਣੇ ਆ ਗਏ। ਖੂਬ ਡਟਵੀਂ ਲੜਾਈ ਵਿੱਚ ਕੋਤਵਾਲ ਤੇ ਸੱਤ ਸਿਪਾਹੀ ਮਾਰੇ ਗਏ। ਕਰੀਬ 15 ਫੱਟੜ ਹੋਏ। ਜੱਥੇ ਵਿੱਚੋਂ ਵੀ ਸੱਤ ਸਿੰਘ ਸ਼ਹੀਦ ਹੋਏ ਤੇ ਕੁਝ ਫਟੜ ਹੋ ਗਏ। ਫੇਰ ਕੋਟਲੇ ਵਾਲਿਆਂ ਦੇ ਹੌਂਸਲੇ ਪਸਤ ਹੋਏ ਵੇਖ ਉਥੋਂ ਸਿੰਘਾਂ ਦਾ ਇਹ ਜੱਥਾ ਰੜ੍ਹ ਪਿੰਡ ਵਲ ਨੂੰ ਚਲਾ ਗਿਆ। ਜਦੋਂ ਪਿੰਡ ਭੂਦਨ ਦੇ ਥੇਹ ਤੇ ਜੱਥਾ ਪਹੁੰਚਿਆ ਤਾਂ ਦਫ਼ੇਦਾਰ ਸਮੁੰਦ ਖਾਂ ਨੇ ਹੀਰਾ ਸਿੰਘ ਨੂੰ ਲਲਕਾਰਿਆ। ਹੀਰਾ ਸਿੰਘ ਝੱਟ ਸਮੁੰਦ ਖ ਦੇ ਸਾਮ੍ਹਣੇ ਆ ਖਲੋਤਾ। ਪਹਿਲਾ ਵਾਰ ਸਮੁੰਦ ਖਾਂ ਨੇ ਕੀਤਾ, ਸਰਦਾਰ ਕੋਲ ਢਾਲ ਨਾ ਹੋਣ ਕਾਰਨ ਖੱਬੀ ਬਾਂਹ ਹੀ ਅੱਗੇ ਕਰ ਦਿੱਤੀ। ਖੱਬਾ ਗੁਟ ਕਟਿਆ ਗਿਆ। ਅੱਗੋਂ ਸਰਦਾਰ ਨੇ ਅੱਗੇ ਵੱਧ ਕੇ ਐਸਾ ਵਾਰ ਕੀਤਾ ਕਿ ਸਮੁੰਦ ਖਾਂ ਦਾ ਸਿਰ ਲਾਹ ਕੇ ਪ੍ਰੇ ਦਿੱਤਾ। ਫਿਰ ਉਸ ਥੇਹ ਤੇ ਬ਼ਰਛੀ ਗਡ ਕੇ ਸੰਗਤ ਨੂੰ ਹੁਕਮ ਕੀਤਾ ਕਿ ''ਸਾਨੂੰ ਤਾਂ ਬਾ ਜੀ ਦਾ ਇਤਨਾ ਹੀ ਹੁਕਮ ਸੀ। ਅਸੀਂ ਤਾਂ ਅਗੇ ਕੱਖ ਨਹੀਂ ਤੋੜਨਾ। ਜਿਨ੍ਹਾਂ ਜਾਣਾ ਹੈ ਚਲੇ ਜਾਵੋ, ਅਸੀਂ ਤਾਂ ਹੁਣ ਸਿਰ ਦੇਣੇ ਹਨ।''

"I have completed the work for which I had been ordered by Guru Teg Bahadur. I do not want to do anything more. I am now waiting for the consequences. I do not want that anybody who is innocent should suffer with me. Therefore, those who want to go should depart at once. But those who want to offer themselves for martyrdom should remain here.

**- S. Hira Singh**

## ''ਛਾਤੀ ਤਾਣ ਕੇ ਸੂਰਮੇ ਖੜ੍ਹ ਗਏ, ਗੋਰੇ ਦੀ ਤੋਪ ਬੁੜਕੀ''

15 ਜਨਵਰੀ 1872 ਈ: ਨੂੰ ਮਲੇਰ ਕੋਟਲੇ ਤੇ ਹਮਲਾ ਕਰਨ ਤੋਂ ਬਾਅਦ ਰੜ੍ਹ ਪਿੰਡ ਡੇਰੇ ਲਾਏ ਅਤੇ ਇੱਥੋਂ ਹੀ ਆਪਣੇ-ਆਪ ਨੂੰ 16 ਜਨਵਰੀ ਨੂੰ ਸ਼ੇਰਪੁਰ ਦੀ ਪੁਲਿਸ ਦੇ ਸਪੁਰਦ ਕੀਤਾ। ਗਿ: ਗਿਆਨ ਸਿੰਘ ਜੀ ਇਸ ਸਾਕੇ ਨੂੰ ਇੰਝ ਕਲਮਬੰਦ ਕਰਦੇ ਹਨ :

**ਕੂਕੇ ਸਿੰਘ ਸਾਠਕੋਂ ਨੈ ਠਾਟ ਕੈ ਮਰਨ ਨਿਜ,**
**ਮਾਰ ਕੈ ਕਸਾਈਆਂ ਕੋ ਗਾਈਆਂ ਬਚਾਈਆਂ।**
**ਕੋਟਲੇ ਕੀ ਤੁਰਕਾਨੀ ਤੈ ਪਠਾਨੀ ਫੌਜ ਸਭਿ,**
**ਸਿੰਘਨ ਸੈਂ ਲਗੀ ਇਨੈ ਮਾਰ ਕੈ ਹਟਾਈਆਂ।**
**ਫੌਜ ਪਟਯਾਲੇ ਨੈ ਬਿਸਾਲੇ ਜਾਇ ਦਗੇ ਸੰਗ,**
**ਕਸਮੈਂ ਉਠਾਇ ਲਯਾਇ ਦੀਏ ਪਕਰਾਈਆਂ।**
**ਉੱਡੇ ਸੋਊ ਤੋਪੋਂ ਆਗੇ ਅਨੁਰਾਗੇ ਸਬਦੋਂ ਮੈਂ,**
**ਖੁਸ਼ੀ ਹੋਏ ਬਡਭਾਗੇ ਧਰਮ ਹਿਤਾਈਆਂ। 230** - ਪੰਥ ਪ੍ਰਕਾਸ਼ - ਸੰਨ 1889 ਈ:

17 ਜਨਵਰੀ ਨੂੰ ਸਿੰਘਾਂ ਨੂੰ ਮਲੇਰ ਕੋਟਲੇ ਦੇ ਬਾਹਰ ਰੱਕੜ ਵਿੱਚ ਲਿਆਂਦਾ ਗਿਆ। ਜਿੱਥੇ ਨਾਭਾ, ਜੀਂਦ ਅਤੇ ਪਟਿਆਲਾ ਰਿਆਸਤਾਂ ਦੀਆਂ 9 ਤੋਪਾਂ ਬੀੜ ਕੇ ਰੱਖੀਆਂ ਹੋਈਆਂ ਸਨ।

ਡਿਪਟੀ ਕਮਿਸ਼ਨਰ ਮਿ: ਕਾਵਨ ਨੇ ਜਥੇਦਾਰ ਹੀਰਾ ਸਿੰਘ ਅਤੇ ਜਥੇਦਾਰ ਲਹਿਣਾ ਸਿੰਘ ਨੂੰ ਬੁਲਾ ਗਲਬਾਤ ਕੀਤੀ, ਜਿਸਦਾ ਜ਼ਿਕਰ ਉਸਨੇ 17 ਜਨਵਰੀ ਸ਼ਾਮ ਨੂੰ ਕਮਿਸ਼ਨਰ ਫੋਰਸਾਈਥ ਨੂੰ ਲਿਖੇ ਪੱਤਰ ਵਿੱਚ ਇਵੇਂ ਕੀਤਾ ਹੈ :-

**ਇਨ੍ਹਾਂ ਦਾ ਵਤੀਰਾ ਬੜਾ ਹੀ ਨਿਡਰਤਾ ਭਰਿਆ ਅਤੇ ਹਾਕਮਾਂ ਤੋਂ ਨਾ ਡਰਨ ਵਾਲਾ ਹੈ। ਉਹ ਅੰਗਰੇਜ਼ੀ ਸਰਕਾਰ ਅਤੇ ਦੇਸੀ ਰਾਜਿਆਂ ਨੂੰ ਗਾਲ੍ਹਾਂ ਕਢਦੇ ਹਨ। ਉਨ੍ਹਾਂ ਦਾ ਮਨੋਰਥ ਅੰਗਰੇਜ਼ੀ ਹਕੂਮਤ ਨੂੰ ਖਤਮ ਕਰਨਾ ਹੈ। ਉਹ ਮਲੌਦ ਅਤੇ ਮਲੇਰਕੋਟਲੇ ਦੀਆਂ ਘਟਨਾਵਾਂ ਦਾ ਜ਼ਿਕਰ ਬੜੇ ਫ਼ਖਰ ਅਤੇ ਮਾਣ ਨਾਲ ਕਰਦੇ ਹਨ।**

ਫੋਰਸਾਈਥ ਕਮਿਸ਼ਨਰ 17 ਜਨਵਰੀ ਦੀ ਲਿਖੀ ਚਿੱਠੀ ਵਿੱਚ ਕਾਵਨ ਨੂੰ ਇੰਝ ਲਿਖਦਾ ਹੈ :

''ਮਲ੍ਹੇਰ ਕੋਟਲੇ ਵਿਚ ਕੀਤੇ ਗਏ ਜੁਰਮਾਂ ਸੰਬੰਧੀ ਉਥੇ ਦੇ ਕਰਮਚਾਰੀਆਂ ਨੂੰ ਦੋਸ਼ੀਆਂ ਉੱਤੇ ਮੁਕੱਦਮੇ ਚਲਾਉਣ ਅਤੇ ਸਜ਼ਾ ਦੇਣ ਦੇ ਪੂਰੇ ਅਖਤਿਆਰ ਹਨ ਅਤੇ ਜੇ ਮੌਤ ਦੀ ਸਜ਼ਾ ਦੇਣੀ ਹੋਵੇ ਤਾਂ ਕਮਿਸ਼ਨਰ ਪਾਸ ਆਗਿਆ ਲਈ ਮਾਮਲਾ ਭੇਜ ਸਕਦੇ ਹਨ।''

17 ਜਨਵਰੀ 1872 ਈ: ਦੀ ਇਸ ਸ਼ਾਮ ਨੂੰ ਕਾਵਨ ਨੇ ਚਿੱਠੀ ਨੂੰ ਅਣਦੇਖਿਆ ਕਰਦਿਆਂ ਹੋਇਆਂ ਅਤੇ ਉਸਨੂੰ ਉਡੀਕੇ ਬਗੈਰ ਬਿਨਾਂ ਕੋਈ ਪੜਤਾਲ ਕੀਤੇ ਅਤੇ ਮੁਕੱਦਮਾ ਚਲਾਏ ਸਾਰੇ ਸਰਕਾਰੀ ਦਸਤੂਰ ਨੂੰ ਦਰਕਿਨਾਰ ਕਰਦਿਆਂ ਹੋਇਆਂ ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾਣ ਦਾ ਹੁਕਮ ਦੇ ਦਿੱਤਾ।

**ਉਨ ਹਿਤ ਹੁਕਮ ਅੰਗ੍ਰੇਜ਼ੀ ਆਯੋ। ਇਨ ਕੋ ਤੋਪਨ ਸੰਗ ਉਡਾਯੋ।**
**ਜਬ ਇਹੁ ਹੁਕਮ ਉਨੇ ਸੁਨ ਪਾਯੋ। ਖੁਸ਼ੀ ਭਏ ਅਤਿ ਹੀਯ ਹੁਲਸਾਯੋ।** - ਪੰਥ ਪ੍ਰਕਾਸ਼

ਇਸ ਤਰ੍ਹਾਂ ਸੱਤਾਂ ਤੋਪਾਂ ਅੱਗੇ ਸੱਤ ਸੱਤ ਸਿੰਘ ਦੌੜ ਕੇ ਖੁਸ਼ੀ ਭਰੇ ਚਿਹਰਿਆਂ ਨਾਲ ਝੂਮਦੇ ਹੋਏ ਇੱਕ ਦੂਜੇ ਤੋਂ ਅੱਗੇ ਖੜੇ ਹੋ ਕੇ ਜੈਕਾਰੇ ਛੱਡਦੇ ਹੋਏ ਛਾਤੀਆਂ ਤਾਣ ਕੇ ਤੂੰਬਾ-ਤੂੰਬਾ ਹੋ, ਸ਼ਹੀਦ ਹੁੰਦੇ ਗਏ ਅਤੇ ਇਸ ਤਰ੍ਹਾਂ ਆਪਣੇ ਆਪ ਨੂੰ 49 ਸਿੰਘਾਂ ਨੇ ਵਾਰੀ ਵਾਰੀ ਤੋਪਾਂ ਅੱਗੇ ਸਿੱਧੇ ਮੂੰਹ ਪੇਸ਼ ਕੀਤਾ।

ਰੜ੍ਹ ਪਿੰਡ ਦੇ ਇੱਕ 12 ਸਾਲ ਦੇ ਬੱਚੇ ਬਿਸ਼ਨ ਸਿੰਘ ਨੂੰ ਕਾਵਨ ਡੀ. ਸੀ. ਨੇ ਇਹ ਕਿਹਾ ਕਿ ਤੂੰ ਕਹਿ ਦੇ ਕਿ **ਮੈਂ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ, ਤੈਨੂੰ ਛੱਡ ਦਿੱਤਾ ਜਾਵੇਗਾ।** ਪਰ ਉਸ ਨਿਡਰ ਤੇ ਬੀਰ ਯੋਧੇ ਬਾਲਕ ਨੇ ਕਾਵਨ ਦੀ ਦਾੜ੍ਹੀ ਫੜ ਕੇ ਜ਼ੋਰ ਦੀ ਝੱਟਕਦਿਆਂ ਇਹ ਸ਼ਬਦ ਆਖੇ ਕਿ **ਬਿਲਿਆ ! ਫੇਰ ਕਹੇਂਗਾ ਕਿ ਮੈਂ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ।** ਇਸ ਸਮੇਂ ਨੂੰ ਸੰਤ ਇੰਦ੍ਰ ਸਿੰਘ ਚਕ੍ਰਵਰਤੀ ਜੀ ਇੰਝ ਬਿਆਨਿਆ ਹੈ :

**ਲੰਮੀ ਦਾੜ੍ਹੀ ਨੂੰ ਪਾਇਕੇ ਹੱਥ ਦੋਵੇਂ,**
**ਝਟਕਾ ਮਾਰ ਕੇ ਖੂਬ ਹਲਾ ਦਿੱਤੀ।**
**ਫੇਰ ਕਹੇਂਗਾ ਮੈਨੂੰ ਮੈਂ ਸਿੱਖ ਨਾਹੀਂ,**
**ਗਰਜ਼ ਸ਼ੇਰ ਨੇ ਜਾਨ ਸੁਕਾ ਦਿੱਤੀ।**
**ਨਾਭੇ ਵਾਲੇ ਦਾ ਖੜਾ ਸਿਪਾਹੀ ਜਿਸ ਨੇ,**
**ਹਾਲ ਵੇਖ ਤਲਵਾਰ ਚਲਾ ਦਿਤੀ।**
**ਛੱਡੇ ਹੱਥ ਪਿਛੋਂ ਪਹਿਲਾਂ ਬਿਸ਼ਨ ਸਿੰਘ ਨੇ,**
**ਸੋਹਣੀ ਜਿੰਦਗੀ ਘੋਲ ਘੁਮਾ ਦਿਤੀ।**

ਨਾਲ ਖਲੋਤੇ ਸਿਪਾਹੀਆਂ ਨੇ ਉਸ ਬਾਲਕ ਦੇ ਪਹਿਲਾਂ ਹੱਥ ਕੱਟੇ ਤੇ ਫਿਰ ਸਿਰ

ਤੜ ਨਾਲੋਂ ਵੱਖ ਕਰ ਦਿੱਤਾ। ਕਾਵਨ ਨੇ ਇਸ ਘਟਨਾਂ ਦਾ ਜ਼ਿਕਰ ਆਪਣੀ ਆਤਮ ਕਥਾ ਵਿੱਚ ਇਸ ਤਰ੍ਹਾਂ ਕੀਤਾ ਹੈ :-

**ਉਸਦਾ ਹਮਲਾ ਇਵੇਂ ਸੀ ਕਿ ਬਿਜਲੀ ਚਮਕੀ ਹੋਵੇ। ਮੇਰੀਆਂ ਅੱਖਾਂ ਅੱਗੇ ਹਨੇਰਾ ਆਉਣ ਲੱਗਾ। ਮੈਨੂੰ ਆਪਣੀ ਮੌਤ ਕਰੀਬ ਖਲੋਤੀ ਦਿਸੀ ਮੈਂ ਆਪਣਾ ਅੰਤ ਸਮਾਂ ਆਇਆ ਜਾਣ ਪ੍ਰਭੂ ਯਿਸੂ ਨੂੰ ਯਾਦ ਕੀਤਾ।**

ਇਸ ਤੋਂ ਅੱਗੇ ਜਾ ਕੇ ਫੇਰ ਲਿਖਦਾ ਹੈ :-

**ਇਕ ਕੂਕੇ ਨੇ ਸਿਪਾਹੀਆਂ ਤੋਂ ਅੱਖ ਬਚਾਕੇ ਮੇਰੇ ਤੇ ਬੜਾ ਜਬਰਦਸਤ ਹਮਲਾ ਕੀਤਾ। ਉਹ ਮੇਰੀ ਦਾਹੜੀ ਨੂੰ ਚੰਬੜ ਗਿਆ ਅਤੇ ਮੇਰੇ ਮੂੰਹ ਤੇ ਹੱਥ ਰੱਖ ਕੇ ਮੇਰਾ ਸਾਹ ਘੁਟਣ ਲੱਗਾ। ਉਹ ਬੜਾ ਹੀ ਤਾਕਤਵਰ ਸੀ। ਮੈਨੂੰ ਉਸ ਤੋਂ ਆਪਣੇ ਆਪ ਨੂੰ ਛਡਾਉਣ ਲਈ ਬਹੁਤ ਹੀ ਮੁਸ਼ਕਿਲ ਪੇਸ਼ ਆਈ। ਅੱਜ ਦਾ ਦਿਨ ਸੱਚਮੁਚ ਮੇਰੇ ਲਈ ਬਹੁਤ ਹੀ ਚੁਨੌਤੀਆਂ ਭਰਪੂਰ ਸੀ।**

ਕਾਵਨ, ਫੋਰਸਾਈਥ ਦਾ ਪੱਤਰ ਪੜ੍ਹਨ ਲਈ ਰੁਕਿਆ, ਜਿਸ ਚ ਲਿਖਿਆ ਸੀ :-

**ਭਾਵੇਂ ਤੁਸੀਂ ਬੜਾ ਪ੍ਰਸੰਸਾਯੋਗ ਕੰਮ ਕੀਤਾ ਹੈ, ਪਰ ਰੱਬ ਦਾ ਵਾਸਤਾ ਏ ਕਿ ਕਾਹਲੀ ਵਿਚ ਕੋਈ ਗਲਤ ਕਦਮ ਨਾਂ ਉਠਾ ਲਿਓ, ਮੈਂ (ਗੁਰੂ) ਰਾਮ ਸਿੰਘ ਨੂੰ ਬੁਲਾ ਭੇਜਿਆ ਹੈ। ਬਾਰਾਂ ਘੰਟੇ ਦੀ ਦੇਰੀ ਨਾਲ ਏਨਾ ਨੁਕਸਾਨ ਨਹੀਂ ਹੋਣਾ ਜਿਨ੍ਹਾਂ ਕਿ ਕਨੂੰਨ ਹੱਥ ਵਿਚ ਲੈਣ ਨਾਲ ਜਾਂ ਆਪ ਹੁੱਦਰਾ-ਸ਼ਾਹੀ ਕਰਨ ਨਾਲ ਹੋਣਾ ਹੈ। ਮੈਂ ਕੋਟਲੇ ਪਹੁੰਚ ਰਿਹਾ ਹਾਂ। ਮੇਰੇ ਆਉਣ ਤੱਕ ਕੋਈ ਕਾਰਵਾਈ ਨਾ ਕੀਤੀ ਜਾਵੇ।** ਪਰ ਪੱਤਰ ਪੜ੍ਹਕੇ ਵੀ ਕਾਵਨ ਨੇ ਸੱਤਵੇਂ ਜਥੇ ਨੂੰ ਉਡਾਣ ਲਈ ਤੋਪਚੀਆਂ ਨੂੰ ਇਸ਼ਾਰਾ ਕਰ ਦਿੱਤਾ। ਇਹ ਸਾਰੀ ਬੇ-ਨਿਯਮ ਤੇ ਉਤਾਵਲੀ ਭਰਪੂਰ ਕਾਰਵਾਈ ਲਈ ਮਿ: ਕਾਵਨ ਨੇ ਇਹ ਦਲੀਲ ਦਿੱਤੀ ਕਿ ਮਲੌਂਦ ਤੇ ਕੋਟਲੇ ਉਤੇ ਹੱਲਿਆਂ ਦੇ ਬਗਾਵਤ ਦਾ ਰੂਪ ਅਖਤਿਆਰ ਕਰ ਜਾਣ ਦਾ ਡਰ ਪੈਦਾ ਹੋ ਰਿਹਾ ਸੀ।

ਇਸੇ ਤਰ੍ਹਾਂ 18 ਜਨਵਰੀ 1872 ਈ: ਦੀ ਸਵੇਰ ਨੂੰ ਕਮਿਸ਼ਨਰ ਫੋਰਸਾਈਥ ਨੇ ਵੀ ਇਸ ਕਾਰਵਾਈ ਨੂੰ ਜਾਇਜ਼ ਠਹਿਰਾਉਂਦਿਆਂ ਬਾਕੀ ਰਹਿੰਦੇ 16 ਸਿੰਘਾਂ ਨੂੰ ਤੋਪਾਂ ਨਾਲ ਉਡਾ ਕੇ ਸ਼ਹੀਦ ਕਰ ਦਿੱਤਾ।

ਪ੍ਰਸਿੱਧ ਇਤਿਹਾਸਕਾਰ ਡਾ. ਫ਼ੌਜਾ ਸਿੰਘ ਕੂਕਾ ਮੂਵਮੈਂਟ ਵਿੱਚ ਲਿਖਦਾ ਹੈ :-

"They attacked like heroes in the full knowledge of fact that their intention was already known to the Government, they fought like heroes, they surrendered like heroes and the most important of all they died like heroes.

(ਉਹ ਸੂਰਮਿਆਂ ਵਾਂਗ ਲੜੇ, ਉਹਨਾਂ ਸੂਰਮਿਆਂ ਵਾਂਗ ਗ੍ਰਿਫ਼ਤਾਰੀ ਦਿੱਤੀ ਅ ਉਹ ਸੂਰਮਿਆਂ ਵਾਂਗ ਹੀ ਸ਼ਹੀਦ ਹੋਏ)

ਇਹ ਪਹਿਲਾ ਮੌਕਾ ਸੀ ਜਦੋਂ ਤੋਪਾਂ ਨਾਲ ਬੰਨ ਕੇ ਮਾਰਨ ਦੀ ਰਵਾਇਤ ਨੂੰ ਅ ਫਾਂਸੀ ਦੇ ਰੱਸੇ ਜਲਾਦਾਂ ਰਾਹੀਂ ਪੁਆਉਣ ਦੀ ਰਸਮ ਨੂੰ ਇਨ੍ਹਾਂ ਦਲੇਰ ਆਤਮਾਵਾਂ ਵਾਲੇ ਮਰਜੀਵੜੇ ਨਾਮਧਾਰੀ ਸਿੱਖਾਂ ਨੇ ਇਹ ਕਹਿਕੇ ਤੋੜਿਆ ਕਿ ਅਸੀਂ ਜਲਾਦ ਦੇ ਹਥੋਂ ਫਾਹੇ ਲਗਣ ਦੀ ਬਜਾਏ ਆਪ ਆਪਣੇ ਗਲਾਂ ਵਿੱਚ ਫਾਂਸੀ ਦਾ ਰੱਸਾ ਪਾਉਣ ਲਈ ਅਤੇ ਤੋਪਾਂ ਸਾਂਹਵੇ ਛਾਤੀਆਂ ਡਾਹ ਕੇ ਉਡਣਾ ਆਪਣੀ ਸ਼ਾਨ ਸਮਝਦੇ ਹਾਂ।

ਫੋਰਸਿਥ ਜੋ ਕੇ ਅੰਬਾਲੇ ਦਾ ਕਮਿਸ਼ਨਰ ਸੀ, ਉਸਨੇ 17 ਜੂਨ 1872 ਈ: ਨੂੰ ਪੰਜਾਬ ਸਰਕਾਰ ਨੂੰ ਜੋ ਲਿਖਿਆ ਉਹ ਇਸ ਤਰ੍ਹਾਂ ਹੈ :-

Those who are acquainted with the Punjab know that in cases of state offences or in any case it is much more in accordance with the feelings of the proud sikhs that they should meet death at the cannon mouth that received it from the hangsman's hands and earnest request to this effect are frequantly made to our officers at the time of passing sentence. (Rebels against the British Rules)

(ਭਾਵ : ਜੋ ਪੰਜਾਬ ਤੋਂ ਵਾਕਿਫ਼ ਹਨ, ਉਹ ਜਾਣਦੇ ਹਨ ਕਿ ਰਾਜ ਵਿਰੁਧ ਕਾਰਵਾਈਆਂ ਜਾਂ ਕਿਸੇ ਕੇਸ ਵਿੱਚ ਮਾਨ-ਮੱਤੇ ਸਿੱਖਾਂ ਦੀਆਂ ਭਾਵਨਾਵਾਂ ਦੇ ਅਨੁਕੂਲ ਹੀ ਹਨ ਕਿ ਉਹ ਮੌਤ ਨੂੰ ਗਲਵਕੜੀ ਫਾਂਸੀ ਵਾਲੇ ਜਲਾਦ ਦੇ ਹੱਥਾਂ ਦੀ ਬਜਾਏ ਤੋਪ ਦੇ ਮੂੰਹ ਅਗੇ ਹੀ ਪਾਉਣ ਅਤੇ ਇਸ ਮੰਤਵ ਲਈ ਸਜ਼ਾ ਸੁਣਾਉਣ ਵੇਲੇ, ਸਾਡੇ ਅਫ਼ਸਰਾਂ ਨੂੰ ਅਕਸਰ ਜ਼ਰੂਰੀ ਬੇਨਤੀਆਂ ਕੀਤੀਆਂ ਜਾਂਦੀਆਂ ਹਨ।)

ਪ੍ਰਸਿੱਧ ਰੂਸੀ ਚਿਤਰਕਾਰ ਅਤੇ ਮਨੁੱਖਤਾਵਾਦੀ ਵੇਰੇਸ਼ਚਾਗਿਨ ਨੇ ਇਕ ਚਿੱਤਰ ਬਣਾਇਆ, ਜਿਸਨੂੰ ਉਸਨੇ "ਹਿੰਦ ਵਿੱਚ ਬਰਤਾਨਵੀ ਕਤਲ" ਦਾ ਨਾਂ ਦਿੱਤਾ। ਤਸਵੀਰ ਵਿੱਚ ਉਹ ਲੋਕ ਵਿਖਾਏ ਗਏ ਹਨ, ਜਿਹੜੇ ਤੋਪਾਂ ਦੇ ਮੂੰਹਾਂ ਅਗੇ ਖੜੇ ਹੋਏ ਹਨ ਅਤੇ ਇਕ ਮਿੰਟ ਵਿਚ ਹੀ ਤੋਪ ਨਾਲ ਉਡਾਏ ਜਾਣ ਵਾਲੇ ਹਨ। ਹਿੰਦ ਦੇ ਇਸ ਮਹਾਨ ਮਿੱਤਰ ਦੀ ਇਕ ਸ਼ਾਨਦਾਰ ਕਿਰਤ ਗੁੱਸੇ, ਪੀੜ ਅਤੇ ਦੁਖ ਨਾਲ ਭਰੀ ਹੋਈ ਹੈ। ਜਲਾਦਾਂ ਦੇ ਚਿਹਰੇ ਜ਼ਾਲਮ ਅਤੇ ਕਿਸੇ ਤਰ੍ਹਾਂ ਦੇ ਪ੍ਰਭਾਵ ਤੋਂ ਰਹਿਤ ਹਨ। ਕਤਲ ਕੀਤੇ ਜਾਣ ਵਾਲੇ ਦੇਸ਼ ਭਗਤਾਂ ਦੇ ਚਿਹਰੇ ਦਲੇਰੀ ਅਤੇ ਗੁੱਸੇ ਨਾਲ ਭਰੇ ਹੋਏ ਸਨ। ਬੜੇ ਸਮੇਂ ਤਕ ਇਹ ਖਿਆਲ ਕੀਤਾ ਜਾਂਦਾ ਰਿਹਾ ਹੈ ਕਿ ਵੇਰੇਸ਼ਚਾਗਿਨ ਦੀ ਇਹ ਕਿਰਤ 1857-59 ਦੇ ਗਦਰ ਵਿਚ ਸ਼ਾਮਲ ਹੋਏ ਲੋਕਾਂ ਵਿਰੁੱਧ ਬਰਤਾਨੀਆ ਦੇ ਬਦਲੇ ਨੂੰ

ਪ੍ਰਗਟ ਕਰਦੀ ਹੈ। ਪਰ ਪਿੱਛੇ ਜਿਹੇ ਸੋਵੀਅਤ ਕਲਾ-ਖੋਜੀਆਂ ਅਤੇ ਹਿੰਦ ਵਿਗਿਆਨੀਆਂ ਨੇ ਸਾਬਤ ਕੀਤਾ ਹੈ ਕਿ ਵੇਰੇਸ਼ਚਾਗਿਨ ਨੇ ਨਾਮਧਾਰੀਆਂ, ਕੂਕਿਆਂ ਦੇ ਕਤਲ ਨੂੰ ਹੀ ਚਿਤਰਿਆ ਹੈ। ਲੰਮੇ ਸਮੇਂ ਲਈ ਵੇਰੇਸ਼ਚਾਗਿਨ ਦੀ ਕਿਰਤ ਨੌਆਬਾਦਿਆਤੀ ਨਜ਼ਾਮ ਵਿਰੁੱਧ ਇਕ ਦਸਤਾਵੇਜ਼ ਅਤੇ 1872 ਦੀ ਬਗ਼ਾਵਤ ਦੀ ਇਕ ਸਦੀਵੀ ਯਾਦਗਾਰ ਰਹੇਗੀ। - ਵੀ. ਬ੍ਰੇਗੋਸਲੋਵਸਕੀ, ''ਸੋਵੀਅਤ ਦੇਸ਼'' ਵਿੱਚੋਂ

ਇਸ ਸਾਕੇ ਵਿੱਚ ਨਾਮਧਾਰੀ ਸਿੰਘਾਂ ਨੇ ਜਿਸ ਦ੍ਰਿੜਤਾ ਅਤੇ ਬੀਰਤਾ ਨਾਲ ਖਿੜੇ ਮੱਥੇ ''ਸਤਿ ਸ੍ਰੀ ਅਕਾਲ'' ਦੇ ਆਕਾਸ਼ ਗੂੰਜਾਊ ਜੈਕਾਰਿਆਂ ਦੇ ਨਾਲ ਸ਼ਹੀਦੀਆਂ ਪ੍ਰਾਪਤ ਕੀਤੀਆਂ, ਇਹ ਕੁਰਬਾਨੀਆਂ ਇਕ ਬੇ-ਮਿਸਾਲ ਕਾਰਨਾਮੇ ਹੀ ਸਨ, ਜਿੰਨਾਂ ਨੂੰ ਭਾਰਤ ਦਾ ਕੌਮੀ ਆਜ਼ਾਦੀ ਦਾ ਇਤਿਹਾਸ ਕਦੇ ਵੀ ਨਹੀਂ ਭੁਲਾ ਸਕੇਗਾ।

ਸਿੱਖ ਇਤਿਹਾਸ ਵਿੱਚ ਨਾਮਧਾਰੀ ਸਿੰਘਾਂ ਦੀ ਲਾਸਾਨੀ ਕੁਰਬਾਨੀ ਨੂੰ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਣਾ ਯੋਗ ਬਣਦਾ ਹੈ ਕਿਉਂ ਜੁ ਇਹਨਾਂ ਨੇ ਹੀ ਸਭ ਤੋਂ ਪਹਿਲਾਂ ਬਦੇਸ਼ੀ ਰਾਜ ਦੇ ਵਿਰੁੱਧ ਆਵਾਜ਼ ਉਠਾਈ। ਗਊ-ਗਰੀਬ ਦੀ ਰੱਖਿਆ, ਦੇਸ਼ ਨੂੰ ਆਜ਼ਾਦ ਕਰਾਉਣ ਦੀ ਲਾਲਸਾ ਅਤੇ ਖੁੱਸ ਚੁੱਕੇ ਖਾਲਸਾ ਰਾਜ ਦੀ ਮੁੜ ਸਥਾਪਨਾ ਦੀ ਖਾਹਿਸ਼ ਇਨ੍ਹਾਂ ਅੰਦਰ ਸਤਿਗੁਰੂ ਰਾਮ ਸਿੰਘ ਜੀ ਨੇ ਕੁੱਟ-ਕੁੱਟ ਕੇ ਭਰੀ ਹੋਈ ਸੀ। ਦੇਸ਼ ਅਤੇ ਧਰਮ ਦੀ ਖਾਤਰ ਆਜ਼ਾਦੀ ਦੇ ਸੰਘਰਸ਼ ਲਈ ਜਿਨ੍ਹਾਂ ਖ਼ੂਨ ਇਨ੍ਹਾਂ ਕੂਕਿਆਂ ਨੇ ਡੋਲ੍ਹਿਆ ਹੈ, ਸ਼ਾਇਦ ਹੀ ਇਤਿਹਾਸ ਦੇ ਕਿਸੇ ਪੰਨੇ ਤੇ ਐਸੀ ਮਿਸਾਲ ਮਿਲ ਸਕੇ।

**ਸ਼ੁਕਲ ਬਸਨ ਮਾਲਾ ਸੁਧੀ ਦਸਤਾਰ ਦਾਢੀ,**
**ਕਰਿਹੈਂ ਹਮਨ ਪਾਠ ਗ੍ਰੰਥ ਗੁਰੂ ਜੂ ਕੇ ਹੈਂ।**
**ਦਸਮੇਂ ਗੁਰੂ ਕੇ ਸਿੰਘ ਸਾਦਿਕ ਸਹੀ ਹੈਂ ਸਭਿ,**
**ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।**
**ਹੇਰੇ ਜੈਸੇ ਲੱਖਨ ਹੈ ਟੇਰੇ ਤੈਸੇ ਗਯਾਨ ਸਿੰਘ,**
**ਐਸੇ ਪ੍ਰਸਿੱਧ ਹੀ ਅਬਿਧ ਸਿੰਘ ਕੂਕੇ ਹੈਂ। 232** - ਪੰਥ ਪ੍ਰਕਾਸ਼, 1889 ਈ:

ਗੁਰਬਾਣੀ ਵਿਚ ਭਗਤ ਕਬੀਰ ਜੀ ਦਾ ਸਲੋਕ ਇਨ੍ਹਾਂ ਸ਼ਹੀਦਾਂ ਪ੍ਰਤੀ ਹੀ ਲਿਖਿਆ ਹੋਇਆ ਹੈ :

**ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ।।**
**ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ।।1।।**
**ਸੂਰਾਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।**
**ਪੁਰਜਾ-ਪੁਰਜਾ ਕਟਿ ਮਰੈ ਕਬਹੂੰਨ ਛਾਡੈ ਖੇਤੁ।।** **-ਪੰ: 1105**

ਨਾਮਧਾਰੀ ਸਿੰਘਾਂ ਦੇ ਅੰਦੋਲਨ ਵਿੱਚ ਮਲੇਰਕੋਟਲੇ ਦਾ ਸਾਕਾ ਇਕ ਚੜ੍ਹਤ ਤੇ

ਜਲੌ ਵਾਲਾ ਪੜਾਅ ਸੀ। ਉਸ ਸਾਕੇ ਨੂੰ ਜਿਸ ਵਿਚ 80 ਸਿੰਘ ਸ਼ਹੀਦ ਹੋਏ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ : ਮਲੌਦ 2 ਸਿੰਘ ਸ਼ਹੀਦ ਹੋਏ, ਮਲ੍ਹੇਰਕੋਟਲੇ 8 ਸਿੰਘ ਸ਼ਹੀਦ, 4 ਸਿੰਘ ਨੂੰ ਉਮਰ ਕੈਦ ਜੋ ਵਾਪਸ ਨਹੀਂ ਪਰਤੇ। 65 ਸਿੰਘ ਤੋਪਾਂ ਸਾਂਹਵੇਂ ਉਡਾਏ ਗਏ ਅਤੇ ਇਕ ਸਿੰਘ ਤਲਵਾਰ ਨਾਲ ਸ਼ਹੀਦ ਕੀਤਾ ਅਤੇ ਬਾਕੀ ਦੇ ਸਾਕਿਆਂ ਦੇ ਸ਼ਹੀਦ ਸਿੰਘ ਨੂੰ ਮਿਲਾਕੇ ਬਹੁ ਗਿਣਤੀ ਵਿੱਚ ਸਿੰਘ ਸ਼ਹੀਦ ਹੋਏ ਜੋ ਕਿ ਨਾਮਧਾਰੀ ਸਿੰਘਾਂ ਨੂੰ ਦੇਸ਼ ਭਗਤਾਂ ਦੀ ਕਤਾਰ ਵਿੱਚ ਸਭ ਤੋਂ ਮੂਹਰੇ ਖੜਾ ਕਰ ਦਿੰਦਾ ਹੈ। ਇਨ੍ਹਾਂ ਸ਼ਹੀਦ ਸਿੰਘਾਂ ਨੂੰ ਇੱਕ ਕਵੀ ਇਨ੍ਹਾਂ ਸ਼ਬਦਾਂ ਵਿੱਚ ਨਿਰੂਪਮ ਕਰਦਾ ਹੈ :-

**ਛਾਤੀ ਤਾਣ ਕੇ ਸੂਰਮੇ ਖੜ੍ਹ ਗਏ ਗੋਰੇ ਦੀ ਤੋਪ ਬੁੜਕੀ।**
**ਸਿੰਘ ਕੋਈ ਨਾ ਤੋਪ ਤੋਂ ਡਰਦਾ, ਹੱਸ-ਹੱਸ ਆਏ ਸਾਹਮਣੇ।**
**ਗੋਰਾ ਮੇਮ ਸਾਬ ਨੂੰ ਆਖੇ, ਹਿੰਦੀਆਂ ਦੇ ਜੋਸ਼ ਬੁਰੇ।**

## *ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਜਾਣਾ :*

ਇੱਕ ਹੋਰ ਗੱਲ ਜੋ ਆਮ ਤੌਰ ਤੇ ਕਈ ਲੇਖਕ ਬਿਨਾਂ ਇਤਿਹਾਸ ਵਾਚੇ ਲਿਖੀ ਜਾਂਦੇ ਹਨ ਕਿ ਮਲੇਰਕੋਟਲੇ 17-18 ਜਨਵਰੀ ਸੰਨ 1872 ਨੂੰ 66 ਕੂਕੇ ਤੋਪਾਂ ਦੇ ਮੂੰਹਾਂ ਅੱਗੇ ਬੰਨ ਕੇ ਸ਼ਹੀਦ ਕਰ ਦਿੱਤੇ ਗਏ, ਜੋ ਕਿ ਸਰਾ ਸਰ ਗਲਤ ਹੈ ਇਸ ਬਾਰੇ ਵੀ ਪਾਠਕ ਜਨ ਤੇ ਲੇਖਕ ਵੀਰ ਇਤਿਹਾਸ ਦੇ ਇੰਨਾਂ ਪੰਨਿਆਂ ਨੂੰ ਜ਼ਰੂਰ ਹੀ ਪੜ੍ਹ ਲਿਆ ਕਰਨ :-

***ਬਿੱਲੇ ਨੇ ਹੀਰਾ ਸਿੰਘ ਸੇ ਪੁਛਿਆ, ਤੁਮ ਨੇ ਗਦਰ ਕਿਉਂ ਮਚਾਇਆ ਹੈ, ਹੀਰਾ ਸਿੰਘ ਨੇ ਕਹਾ, ਅਸੀਂ ਫਰੰਗੀਆਂ ਦਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ, ਜਦ ਤੱਕ ਥੋੜਾ ਰਾਜ ਨਹੀਂ ਮੁਕਦਾ ਗਦਰ ਮਚਾਵਾਂਗੇ, ਸਿਰ ਲਵਾਂਗੇ ਤੇ ਸਿਰ ਦੇਵਾਂਗੇ, ਥੁਆਨੂੰ ਏਥੋਂ ਕੱਢ ਕੇ ਸਾਹ ਲਵਾਂਗੇ। ਮੁੜ-ਮੁੜ ਜਮਾਂਗੇ ਤੇ ਤੁਹਾਨੂੰ ਮਾਰਾਂਗੇ।***

*- ਸਤਿਗੁਰੂ ਬਿਲਾਸ*

17 ਜਨਵਰੀ ਨੂੰ ਕਾਵਨ ਨੇ ਸਿੰਘਾਂ ਨੂੰ ਤੋਪਾਂ ਨਾਲ ਉਡਾਉਣ ਦਾ ਹੁਕਮ ਦੇ ਦਿੱਤਾ। ਸੱਭ ਤੋਂ ਪਹਿਲੇ ਸੱਤ ਸਿੰਘਾਂ ਵਿੱਚ ਭਾਈ ਹੀਰਾ ਸਿੰਘ ਅਤੇ ਭਾਈ ਲਹਿਣਾ ਸਿੰਘ ਸਨ। ਸਿੰਘਾਂ ਨੂੰ ਰੱਸੇ ਨਾਲ ਬੰਨ੍ਹਣ ਅਤੇ ਤੋਪਾਂ ਵੱਲ ਪਿੱਠਾਂ ਕਰਨ ਲਈ ਆਖਿਆ ਗਿਆ।

***ਸਿੰਘਾਂ ਨੇ ਕਿਹਾ, ਅਸੀਂ ਬਿਨਾਂ ਰਸੀਆਂ ਬੰਨ੍ਹੇ ਤੋਪਾਂ ਵਲ ਮੂੰਹ ਕਰਕੇ ਮਰਾਂਗੇ। ਪਿੱਠਾਂ ਤਾਂ ਕਾਇਰ ਕਰਦੇ ਹਨ। ਭਾਈ ਹੀਰਾ ਸਿੰਘ ਤੇ ਲਹਿਣਾ ਸਿੰਘ***

*ਦੋਵੇਂ ਇਸ਼ਨਾਨ ਕਰਕੇ ਤੋਪ ਦੇ ਮੁਹਰੇ ਹੋਏ। ਬਿੱਲੇ ਨੇ ਨੀਚ ਕੋ ਕਹਾ ਕਿ ਇਨਕੋ ਰੱਸੇ ਪਾਇਕੇ ਅੱਗੇ ਖੜੇ ਕਰੋ, ਸਿੰਘਾਂ ਨੇ ਚੂਹੜੇ ਕੋ ਕਹਾ ਕਿ ਪਰੇ ਹੋਇ ਜਾ, ਅਸੀਂ ਆਪ ਹੀ ਜਾਇ ਖੜੋਵਾਂਗੇ। ਅੱਗੇ ਜਾਇਕੇ ਖੜੇ ਹੋਇ ਹੱਲਾ ਕਰਕੇ। ਬਿੱਲੇ ਨੇ ਕਹਾ ਪੀਠ ਕਰੋ। ਸਿੰਘਾਂ ਬੋਲਾ ਕੀਤਾ ਪੀਠ ਨਹੀਂ ਕਰਾਂਗੇ, ਸਨਮੁਖ ਹੋਇਕੇ ਚੜਾਂਗੇ। ਸਾਹਮਣੇ ਛਾਤੀਆਂ ਡਾਹ ਕੇ ਖੜੇ ਹੋਏ ਹੌਂਸਲਿਆਂ ਵਾਲੇ ਸਿੰਘ।* ਸਤਿਗੁਰੂ ਬਿਲਾਸ

ਜੇਕਰ ਤੋਪਾਂ ਨਾਲ ਬੰਨਕੇ ਉਡਾਏ ਹੁੰਦੇ ਤਾਂ ਬਾਰਾਂ ਸਾਲ ਦੀ ਉਮਰ ਦੇ ਸ਼ਹੀਦ ਬਿਸ਼ਨ ਸਿੰਘ, ਡੀ.ਸੀ. ਕਾਵਨ ਦੀ ਦਾੜ੍ਹੀ ਨੂੰ ਹੱਥ ਪਾਕੇ ਨਾ ਝੰਜੋੜ ਸਕਦਾ ਅਤੇ ਤਲਵਾਰ ਨਾਲ ਸ਼ਹੀਦ ਨਾ ਕੀਤਾ ਜਾਂਦਾ।

ਇਸੇ ਤਰ੍ਹਾਂ ਜਦੋਂ 18 ਜਨਵਰੀ, 1872 ਈ: ਨੂੰ ਬਾਕੀ ਰਹਿੰਦੇ 16 ਸਿੰਘ ਤੋਪਾਂ ਨਾਲ ਉਡਾਏ ਗਏ ਤਾਂ ਉਨ੍ਹਾਂ ਵਿੱਚ ਇਕ ਮਧਰੇ ਕਦ ਦਾ ਵਰਿਆਮ ਸਿੰਘ ਪਿੰਡ ਫੂਲ ਮਰਾਜ ਤੋਂ ਸੀ, ਜਿਸ ਨੂੰ ਛੱਡ ਦੇਣ ਦੀ ਸਿਫ਼ਾਰਸ਼ ਆਈ ਹੋਈ ਸੀ। ਜਦੋਂ ਉਸਨੂੰ ਕਦ ਛੋਟਾ ਹੋਣ ਤੇ ਤੋਪ ਅੱਗੋਂ ਹੱਟ ਜਾਣ ਲਈ ਕਿਹਾ ਤਾਂ ਉਸਨੇ ਦੌੜ ਕੇ ਢੇਮਾਂ ਇਕੱਠੀਆਂ ਕੀਤੀਆਂ ਅਤੇ ਢੇਰੀ ਤੇ ਖਲ੍ਹੋ ਕੇ ਬੋਲਿਆ :-

**ਬਿੱਲਿਆ ਵੇਖ, ਹੁਣ ਮੇਰਾ ਕਦ ਪੂਰਾ ਫਿੱਟ ਬੈਠਦਾ ਹੈ ਕਿ ਨਹੀਂ ! ਛੇਤੀ ਚਲਾ ਤੋਪ, ਮੇਰਾ ਸਾਥ ਦੂਰ ਜਾ ਰਿਹਾ ਹੈ।**

ਤੋਪ ਚਲੀ ਅਤੇ ਸਿੰਘ ਫੀਤਾ-ਫੀਤਾ ਹੋ ਸ਼ਹੀਦ ਹੋ ਗਿਆ।

ਇਹ ਉਪ੍ਰੋਕਤ ਘਟਨਾਵਾਂ ਕਦੀ ਵੀ ਨਾ ਵਾਪਰਦੀਆਂ ਜੇਕਰ ਸਿੰਘਾਂ ਨੂੰ ਤੋਪਾਂ ਦੇ ਮੂੰਹਾਂ ਅੱਗੇ ਬੰਨ ਕੇ ਉਡਾਇਆ ਜਾਂਦਾ। ਇਸ ਅਦੁੱਤੀ ਸਾਕੇ ਦਾ ਅੱਖੀਂ ਡਿੱਠਾ ਹਾਲ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਦੇ ਪੰਨਾ 518 ਉੱਤੇ ਇਸ ਤਰ੍ਹਾਂ ਵਰਨਣ ਕਰਦੇ ਹਨ। ਪਾਠਕਾਂ ਤੇ ਲੇਖਕਾਂ ਦੇ ਵੀਚਾਰ ਲਈ ਲਿਖਦਾ ਹਾਂ :-

ਉਨ ਸਿੰਘਨ ਕਾ ਹਾਲ ਤੋ ਲਿਖਿਓ ਕਿਤਾਬਨ ਮਾਂਹਿ
ਹਮ ਨਿਜ ਨੈਨਨ ਜੋ ਪਿਖਿਓ ਸੋ ਅਬ ਸਾਚ ਸੁਨਾਇ

*ਚੌਪਈ :*

**ਸੰਮਤ ਉਨੀਸੈ ਅਠਾਈ। ਕੂਕੇ ਸਿੰਘ ਮਿਲੇ ਤਬ ਆਈ।**
**ਜੋ ਬੁਚੜ ਗਊਆ ਥੇ ਮਾਰਤ। ਤਿਨਕੋ ਸੋ ਸਿੰਘ ਭਏ ਬਿਦਾਰਤ।**
**ਜਬ ਸਿੰਘ ਸਾਠਕੁ ਪਕੜੇ ਗਏ। ਫੜੇ ਮਲ੍ਹੇਰਕੋਟਲੇ ਆਏ।**
**ਉਨ ਹਿਤ ਹੁਕਮ ਅੰਗ੍ਰੇਜ਼ੀ ਆਯੋ। ਇਨਕੋ ਤੋਪਨ ਸੰਗ ਉਡਾਯੋ।**

ਜਬ ਇਹੁ ਹੁਕਮ ਉਨੈ ਸੁਣ ਪਾਯੋ। ਖੁਸ਼ੀ ਭਏ ਅਤਿ ਹੀਯ ਹੁਲਸਾਯੋ।
ਮੁਖ ਪਰ ਲਾਲੀ ਚਢੀ ਬਧੇਰੇ। ਗਾਵਤ ਗੁਰ ਕੇ ਸ਼ਬਦ ਉਚੇਰੇ।
ਦੀਵੇ ਪਰ ਜਯੋਂ ਆਇ ਪਤੰਗੇ। ਤਯੋਂ ਤੋਪਨ ਦਿਸ ਜਾਇ ਨਿਸੰਗੇ।
ਉਡੇ ਖੁਸ਼ੀ ਹ੍ਵੈ ਹ੍ਵੈ ਕਰ ਸਾਰੇ। ਜ਼ਰਾ ਨ ਕੀਨੇ ਪ੍ਰਾਨ ਪਯਾਰੇ।
ਇਹ ਹਮਨੇ ਖੁਦ ਨੈਨ ਨਿਹਾਰੇ। ਦੇਖਤ ਥੇ ਜੋ ਲੋਗ ਅਪਾਰੇ।
ਸੰਮੁਖ ਸੱਤ੍ਰ ਜੰਗ ਮੇਂ ਜੈ ਹੈਂ। ਮਰਨ ਮਾਰਨੋ ਨਾਹਿ ਟਰੈ ਹੈਂ।

ਇਸ ਸਮੇਂ ਨੂੰ ਇਕ ਹੋਰ ਕਵੀ ਬੜੇ ਸੁਹਣੇ ਸ਼ਬਦਾਂ ਨਾਲ ਨਿਰੂਪਣ ਕਰਦਾ ਹੈ :-

ਛਾਤੀ ਤਾਣ ਕੇ ਸੂਰਮੇ ਖੜ ਗਏ, ਗੋਰੇ ਦੀ ਤੋਪ ਬੁੜ੍ਹਕੀ।
ਸਿੰਘ ਕੋਈ ਨਾ ਤੋਪ ਤੋਂ ਡਰਦਾ, ਹੱਸ ਹੱਸ ਆਏ ਸਾਹਮਣੇ।

## ''ਖਾਲਸੇ ਦੀ ਸੂਰਮਗਤੀ - ਗੈਰ ਸਿੱਖਾਂ ਦੀ ਜ਼ੁਬਾਨੀ''

''ਗੁਰਮਤਿ ਪ੍ਰਕਾਸ਼'' ਅਪ੍ਰੈਲ 1999 ਅੰਕ ਵਿੱਚ ''ਖਾਲਸੇ ਦੀ ਸੂਰਮਗਤੀ - ਗੈਰ ਸਿੱਖਾਂ ਦੀ ਜ਼ੁਬਾਨੀ'' ਲੇਖਕ ਡਾ: ਹਰਚੰਦ ਸਿੰਘ ਸਰਹਿੰਦੀ ਪੰਨਾ 153 ਤੇ ਲਿਖਦੇ ਹਨ:

''ਭਾਰਤ ਦੀ ਜੰਗੇ-ਆਜ਼ਾਦੀ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸਿਰਾਂ ਦੀ ਖੇਡ ਖੇਡਣ ਵਿੱਚ ਸਿੱਖਾਂ ਦਾ ਕੋਈ ਸਾਨੀ ਨਹੀਂ। ਡਾ: ਪਟਾਭਾਈ ਰਾਮਈਆ, ਜਿਸ ਨੇ ਸਿੱਖਾਂ ਵਲੋਂ ਅਜ਼ਾਦੀ ਦੀ ਲਹਿਰ ਵਿੱਚ ਪਾਏ ਯੋਗਦਾਨ ਬਾਰੇ ਜੋ ਅੰਕੜੇ ਦਿੱਤੇ ਹਨ, ਉਹ ਬਹੁਤ ਹੈਰਾਨ ਕਰਨ ਵਾਲੇ ਹਨ। ਅੰਕੜੇ ਪੇਸ਼ ਹਨ :-

| ਨੰ: | ਵੇਰਵਾ | ਕੁਲ | ਸਿੱਖ | ਗੈਰ-ਸਿੱਖ |
|---|---|---|---|---|
| 1. | ਫਾਂਸੀ ਤੇ ਚੜ੍ਹੇ | 121 | 93 | 28 |
| 2. | ਕਾਲੇ ਪਾਣੀ ਤੇ ਉਮਰ ਕੈਦ ਕੱਟੀ | 2649 | 2147 | 499 |
| 3. | ਕੂਕਾ ਲਹਿਰ ਦੇ ਸ਼ਹੀਦ | 91 | 91 | - |
| 4. | ਬਜਬਜ ਘਾਟ ਤੇ ਸ਼ਹੀਦ ਹੋਏ | 113 | 91 | 49 |

ਇਨ੍ਹਾਂ ਅੰਕੜਿਆਂ ਦੇ ਹਿਸਾਬ ਨਾਲ ਆਜ਼ਾਦੀ ਦੀ ਜੰਗ ਵਿੱਚ ਸਿੱਖਾਂ ਵਲੋਂ ਪਾਇਆ ਯੋਗਦਾਨ 73% ਬਣਦਾ ਹੈ, ਜਦੋਂ ਕਿ ਸਿੱਖ ਸਾਰੇ ਹਿੰਦੁਸਤਾਨ ਦੀ ਆਬਾਦੀ ਦਾ 1.75 ਫੀਸਦੀ ਹਨ। ਬ੍ਰਿਟਿਸ਼ ਸਰਕਾਰ ਵਲੋਂ 17-18 ਜਨਵਰੀ, 1872 ਨੂੰ ਮਲੇਰਕੋਟਲਾ ਵਿਖੇ 66 ਨਾਮਧਾਰੀ ਸਿੰਘਾਂ ਨੂੰ ਤੋਪਾਂ ਰਾਹੀਂ ਤੂੰਬਾ-ਤੂੰਬਾ ਕਰ ਕੇ ਸ਼ਹੀਦ

ਕਰਨ ਦੀ ਘਟਨਾ, ਸੁਤੰਤਰਤਾ ਸੰਗਰਾਮ ਦੇ ਇਤਿਹਾਸ ਦਾ ਇਕ ਗਰਵਮਈ ਅਧਿਆਏ ਹੈ। ਇਕ ਅੰਗੇਜ਼ ਸਰ ਹੈਨਰੀ ਕਾਟਨ, ਜਿਸ ਨੇ ਇਹ ਨਜ਼ਾਰਾ ਅੱਖੀ ਡਿੱਠਾ ਸੀ, ਆਪਣੀ ਜੀਵਨ-ਕਥਾ ਵਿੱਚ ਲਿਖਦਾ ਹੈ ਕਿ ਮੈਂ ਸਾਰੀ ਉਮਰ ਵਿੱਚ ਕਦੇ ਕੋਈ ਇਹੋ ਜਿਹਾ ਜ਼ੁਲਮ ਨਹੀਂ ਤੱਕਿਆ। ਪ੍ਰੰਤੂ ਇਹ ਸਭ ਕੁਝ ਹੁੰਦਿਆਂ ਹੋਇਆ ਵੀ ਕੂਕਾ ਲਹਿਰ ਨਾ ਕੁਚਲੀ ਗਈ, ਸਗੋਂ ਕੁਝ ਹੀ ਵਰ੍ਹਿਆਂ ਮਗਰੋਂ ਇਹ ਫਿਰ ਠਾਠਾਂ ਮਾਰਨ ਲੱਗ ਗਈ। ਸਰ ਹੈਨਰੀ ਕਾਟਨ ਉਦੋਂ ਗੱਲ ਨੂੰ ਸਿਰੇ ਹੀ ਲਾ ਦਿੰਦਾ ਹੈ ਜਦੋਂ ਉਹ ਆਪਣੇ ਸਫ਼ਰਨਾਮੇ ਵਿੱਚ ਕੂਕਿਆਂ ਦੀ ਸ਼ਹਾਦਤ ਪ੍ਰਤੀ ਆਪਣਾ ਪ੍ਰਤੀਕਰਮ ਜ਼ਾਹਿਰ ਕਰਦਿਆਂ ਲਿਖਦਾ ਹੈ ਕਿ ਯੂਰਪ ਵਾਲੇ ਇਕ ਈਸਾ ਤੇ ਮਾਣ ਕਰਦੇ ਹਨ ਪਰ ਭਾਰਤ ਵਿੱਚ ਮੈਂ ਅਨੇਕਾਂ ਈਸਾ ਨੱਸ-ਨੱਸ ਕੇ ਤੋਪਾਂ ਸਾਹਮਣੇ ਆਉਂਦੇ ਤੇ ਮੌਤ ਨੂੰ ਗਲਵਕੜੀ ਪਾਉਂਦੇ ਦੇਖੇ ਹਨ। - ਗੁਰਮਤਿ ਪ੍ਰਕਾਸ਼ ਅਪ੍ਰੈਲ 99

''ਆਜ਼ਾਦੀ ਸੰਗ੍ਰਾਮ ਤੇ ਪੰਜਾਬ ਦੇ ਸ਼ਹੀਦ'' ਜਿਸਦੇ ਲੇਖਕ ਡਾ: ਗਿਆਨੀ ਭਜਨ ਸਿੰਘ ਜੀ ਤੇ ਪ੍ਰਕਾਸ਼ਕ ਪੰਜਾਬੀ ਅਕਾਡਮੀ, ਦਿੱਲੀ ਹਨ ਨੇ ਸਿੱਧ ਕੀਤਾ ਹੈ ''ਸੌ ਸਾਲ ਦੇ ਸੁਤੰਤਰਤਾ ਸੰਗਰਾਮ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ। ਦੇਸ਼ ਲਈ ਫਾਂਸੀ ਲੱਗਣ ਵਾਲਿਆਂ ਵਿਚੋਂ 90 ਫੀਸਦੀ ਪੰਜਾਬੀ, ਤੋਪਾਂ ਅੱਗੇ ਖੜ੍ਹੇ ਕਰਕੇ ਸ਼ਹੀਦ ਕੀਤੇ ਜਾਣ ਵਾਲਿਆਂ ਵਿਚੋਂ ਸੌ ਫੀਸਦੀ ਪੰਜਾਬੀ ਨਾਮਧਾਰੀ ਸਨ।''

ਇਸ ਦਾ ਨਤੀਜਾ ਕਿ ਪੰਜਾਬ ਸਰਕਾਰ ਨੇ ਮਿ: ਕਾਵਨ ਦੀ ਮਲੇਰਕੋਟਲੇ ਵਿਚ ਸਿੰਘਾਂ ਨੂੰ ਗ਼ੈਰ-ਕਾਨੂੰਨੀ ਤੌਰ ਤੇ ਆਪਣੇ ਹੀ ਹੁਕਮ ਨਾਲ ਤੋਪਾਂ ਨਾਲ ਉਡਾ ਦੇਣ ਦੀ ਕਾਰਵਾਈ ਦੇ ਸਖਤ ਵਿਰੁੱਧ ਹੋਣ ਕਾਰਨ ਹੀ ਉਸ ਨੂੰ 24 ਜਨਵਰੀ 1872 ਈ: ਨੂੰ ਕਲਕੱਤੇ ਤੋਂ ਸਰਕਾਰ ਹਿੰਦ ਦੀ ਚਿੱਠੀ ਨੰ: 122 ਰਾਹੀਂ ਨੌਕਰੀਓਂ ਮੁਅਤਲ ਕਰ ਦਿੱਤਾ ਅਤੇ 30 ਅਪ੍ਰੈਲ 1872 ਈ: ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ। ਕਮਿਸ਼ਨਰ ਟੀ.ਡੀ. ਫੋਰਸਾਈਥ ਨੂੰ ਬੇਲੋੜੀ, ਬੇਹੱਦ ਜ਼ਿਆਦਾ ਤੇ ਬੇ-ਤਹਾਸ਼ਾ ਸਖ਼ਤੀ ਕਰਨ ਕਰਕੇ ਜੋ 16 ਕੂਕੇ ਸਿੰਘਾਂ ਨੂੰ ਤੋਪਾਂ ਨਾਲ ਸ਼ਹੀਦ ਕਰਨ ਦਾ ਹੁਕਮ ਦਿੱਤਾ, ਉਸਦੇ ਬਦਲੇ ਉਸਨੂੰ ਕਮਿਸ਼ਨਰੀ ਤੋਂ ਲਾਹ ਕੇ ਕਿਸੇ ਹੋਰ ਸੂਬੇ ਵਿੱਚ ਕਿਸੇ ਐਸੀ ਥਾਂ ਲਾਇਆ ਗਿਆ ਜਿਥੇ ਕਿ ਦੇਸੀ ਰਿਆਸਤ ਦੀ ਅਦਾਲਤੀ ਕਾਰਵਾਈ ਦੀ ਨਿਗਰਾਨੀ ਨਾ ਕਰਨੀ ਪਵੇ।

## ਉਸ ਸਮੇਂ ਦੀਆਂ ਕੁੱਝ ਅਖ਼ਬਾਰਾਂ ਦੀਆਂ ਖ਼ਬਰਾਂ ਇਸ ਪ੍ਰਕਾਰ ਸਨ :

**THE ENGLISHMAN 17 JAN 1872**

We hear by telegraph that the Kuka followers of Guru Ram Singh have broken out in the Ludhiana District, They have attacked Malair Kotla. The Ambala brigade in camp at Delhi has been ordered to Ambala and the 12th Bangal Cavalary, the 72nd High Landers and the Ist Gurkhas have already started.

**THE HINDU PATRIOT 29 JAN. 1872**

The Kuka out-break which is the latest manifestation of this discontent, shows that the volcano in the Punjab is in a state of ferment.

### ਇਸ ਸਾਕੇ ਵਿੱਚ ਕੁਲ 80 ਸਿੰਘ ਸ਼ਹੀਦ ਹੋਏ :

| | | |
|---|---|---|
| 14-1-1872 | ਮਲੌਦ ਵਿਖੇ ਲੜਾਈ ਵਿੱਚ | : 2 |
| 15-1-1872 | ਮਲੇਰਕੋਟਲੇ ਲੜਾਈ ਵਿੱਚ | : 7 |
| 16-1-1872 | ਮਲੇਰਕੋਟਲੇ ਜ਼ਖ਼ਮੀ ਹੋਣ ਪਿੱਛੋ | : 1 |
| 17-1-1872 | ਮਲੇਰਕੋਟਲੇ ਤੋਪਾਂ ਸਾਂਹਵੇ | :49 |
| 17-1-1872 | ਮਲੇਰਕੋਟਲੇ 12 ਸਾਲ ਦਾ ਬਿਸ਼ਨ ਸਿੰਘ ਤਲਵਾਰ ਨਾਲ | : 1 |
| 18-1-1872 | ਮਲੇਰਕੋਟਲੇ ਤੋਪਾਂ ਸਾਂਹਵੇ | :16 |
| 18-1-1872 | ਮਲੌਦ ਦੇ ਫੱਟੜਾਂ ਨੂੰ ਕਾਲੇ ਪਾਣੀ ਦੀ ਸਜਾ | : 4 |
| | ਕੁਲ ਗਿਣਤੀ | :80 |

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ

## ਨਾ ਬੁਝਣ ਵਾਲੀ ਜਵਾਲਾ

ਨਾਮਧਾਰੀ ਸਿੱਖਾਂ ਦਾ ਅਧਿਆਤਮਕ ਬਿਰਤੀ ਨੂੰ ਉਚੇਰਿਆਂ ਕਰਨਾ, ਰਹਿਤ ਬਹਿਤ ਵਿੱਚ ਪ੍ਰਪੱਕਤਾ, ਸ਼ੁੱਧ ਰੂਪ ਵਿੱਚ ਸੁਦੇਸ਼ੀਅਤ, ਸੰਗਠਨਾਤਮਕ ਸੂਝ ਬੂਝ ਦੇ ਧਨੀ ਹੋਣ ਕਰਕੇ ਹੀ ਰਾਜਨੀਤਕ ਪ੍ਰੋਗਰਾਮ ਨੂੰ ਇਨ੍ਹਾਂ ਵਧੀਆਂ 'ਤੇ ਸੁਚਾਰੂ ਰੂਪ ਵਿੱਚ ਵਿਕਸਤ ਕੀਤਾ ਗਿਆ ਕਿ ਵਿਦੇਸ਼ੀ ਹਾਕਮ (ਅੰਗ੍ਰੇਜ਼ ਸਲਤਨਤ) ਦੀਆਂ ਜੜ੍ਹਾਂ ਹੀ ਹਿਲਾ ਕੇ ਰੱਖ ਦਿੱਤੀਆਂ ਗਈਆਂ ਸਨ। ਇਹੀ ਕਾਰਨ ਸਨ ਕਿ ਇਨ੍ਹਾਂ ਅਮਲਾਂ ਕਰਕੇ ਉਸ ਅੰਗ੍ਰੇਜ਼ ਦੀ ਨੀਂਦ ਹਰਾਮ ਹੋ ਚੁੱਕੀ ਸੀ ਜੋ ਸਾਰੀ ਦੁਨੀਆਂ ਤੇ ਰਾਜ ਕਰ ਰਿਹਾ ਸੀ। ਬਰਤਾਨਵੀ ਸਾਮਰਾਜ ਨੇ ਇਸ ਕੂਕਾ ਲਹਿਰ ਨੂੰ ਦਬਾਉਣ ਦੇ ਨਾਲ ਹੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਪ੍ਰਮੁੱਖ ਸੂਬਿਆਂ ਨੂੰ 18 ਜਨਵਰੀ 1872 ਈ: ਨੂੰ ਜਲਾਵਤਨ ਕਰ ਦਿੱਤਾ। ਪਹਿਲਾਂ ਲੁਧਿਆਣੇ ਰੇਲਵੇ ਸਟੇਸ਼ਨ ਤੋਂ ਰੇਲ ਰਾਹੀਂ ਪ੍ਰਯਾਗ ਰਾਜ (ਇਲਾਹਾ ਬਾਦ) ਦੇ ਕਿਲੇ ਵਿੱਚ ਭੇਜਿਆ ਗਿਆ। ਜਿਸ ਬਾਰੇ ਡਬਲਯੂ. ਐਮ. ਸੌਥਰ ਜੋ ਕਿ ਅੰਡਰ ਸੈਕਟਰੀ ਹੈ ਰਿਪੋਰਟ ਲਿਖਦਾ ਹੈ :-

I am directed to enclose 11 Warants of custody issued under Regulation III of 1818 against the Kuka Guru Ram Singh and certain of his influential associates who have been sent by the Punjab Govt. to Allahabad. - *W.M. Southar, under secy to the Govt. of India.*

(ਭਾਵ : ਮੈਂ ਬੰਗਾਲ ਰੇਗੂਲੇਸ਼ਨ III ਐਕਟ 1818 ਤਹਿਤ 11 ਵਰੰਟ ਗੁਰੂ ਰਾਮ ਸਿੰਘ ਕੂਕਾ ਅਤੇ ਉਹਦੇ ਸਾਥੀਆਂ ਵਾਸਤੇ ਭੇਜ ਰਿਹਾਂ ਹਾਂ ਜਿਹਨਾਂ ਨੂੰ ਕਿ ਪੰਜਾਬ ਸਰਕਾਰ ਨੇ ਇਲਾਹਾਬਾਦ ਭੇਜਿਆ ਹੈ।)

ਜਦੋਂ 19 ਜਨਵਰੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਮੇਤ ਸਿੱਖਾਂ ਤੇ ਸੂਬਿਆਂ ਦੇ ਅਲਾਹਾਬਾਦ ਪੁਜ ਜਾਂਦੇ ਹਨ ਤਾਂ ਉਥੇ ਦੇ ਅਖਬਾਰ ਨੇ 24 ਜਨਵਰੀ 1872 ਈ: ਨੂੰ ਲਿਖਿਆ :

**THE ENGLISHMAN JAN 24, 1872**

We learnt from the Allahabad paper that Guru Ram Singh and several other Kuka prisoners arrived at that station on friday last (19th January) and were confined in the fort under a double guard.

ਏਸੇ ਤਰ੍ਹਾਂ ਹੀ ਜਦੋਂ ਸ੍ਰੀ ਸਤਿਗੁਰੂ ਜੀ ਤੇ ਸੇਵਕ ਨਾਨੂੰ ਸਿੰਘ ਸਮੇਤ ਕਲਕੱਤੇ ਪੁਜੇ ਅਤੇ ਉਥੋਂ ਰੰਗੂਨ ਜਲਾਵਤਨ ਕਰ ਕੇ ਭੇਜਿਆ ਗਿਆ, ਉਸ ਸਮੇਂ ਦੀ ਅਖਬਾਰੀ ਖਬਰ ਜੋ 14-3-1872 ਈ: ਨੂੰ ਛਪੀ :-

**THE ENGLISHMAN 14 MARCH 1872**

Guru Ram Singh the Kuka Chief arrived in calcultta on Monday evening and was immediately sent on to Rangoon.

ਇਸ ਪ੍ਰਕਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਰੰਗੂਨ ਵਿਖੇ ਪਹੁੰਚਾ ਦਿੱਤਾ ਗਿਆ, ਜਿੱਥੇ ਹਕੂਮਤ ਦੀ ਸਖ਼ਤ ਨਿਗਰਾਨੀ ਅਤੇ ਸੈਂਕੜੇ ਮੁਸ਼ਕਲਾਂ ਸਹਿਣ ਦੇ ਬਾਵਜੂਦ ਵੀ ਅਨੇਕਾਂ ਸਿੱਖ ਭੇਸ ਬਦਲ ਕੇ ਉਨ੍ਹਾਂ ਨੂੰ ਮਿਲਦੇ ਰਹੇ ਅਤੇ ਹੁਕਮਨਾਮੇ ਲਿਆਉਂਦੇ ਰਹੇ। 18 ਸਤੰਬਰ 1880 ਦੇ ਦਿਨ ਆਪ ਜੀ ਨੂੰ ਮਰਗੋਈ ਵਿਖੇ ਤਬਦੀਲ ਕਰ ਦਿੱਤਾ ਗਿਆ। 14 ਨਵੰਬਰ 1881 ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਿੱਜੀ ਸੇਵਕ ਭਾਈ ਨਾਨੂੰ ਸਿੰਘ ਨੂੰ ਮਰਗੋਈ ਤੋਂ ਵਾਪਸ ਪੰਜਾਬ ਭੇਜ ਦਿੱਤਾ ਜੋ ਬਾਕੀ ਜੀਵਨ ਪਿੰਡ ਰੁੜਕੀ ਜ਼ਿਲ੍ਹਾ ਪਟਿਆਲਾ ਵਿੱਚ ਆਪਣੇ ਘਰ ਹੀ ਬਤੀਤ ਕੀਤਾ। ਇਸ ਮਰਗੋਈ ਜੇਲ੍ਹ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਕੱਲੇ ਹੀ ਰਹਿ ਗਏ। ਅੰਤ ਅਗਸਤ 1886 ਨੂੰ ਕਿਸੇ ਐਸੀ ਦੂਰੇਡੀ ਥਾਂ ਤੇ ਤਬਦੀਲ ਕਰਨਾ ਹੀ ਦਸਦਾ ਹੈ ਕਿ ਸਿੱਖਾਂ ਦਾ ਸਤਿਗੁਰੂ ਜੀ ਨਾਲ ਮਰਗੋਈ ਵੀ ਸੰਪਰਕ ਬਣਿਆ ਹੋਇਆ ਸੀ। ਹਕੂਮਤ ਨੂੰ ਡਰ ਹੋ ਗਿਆ ਸੀ ਕਿ ਦੇਸ਼ ਦੇ ਸਾਰੇ ਭੇਤ ਇਨ੍ਹਾਂ ਨੂੰ ਪਤਾ ਲੱਗ ਰਹੇ ਹਨ। ਇਸ ਬਾਰੇ ਚੀਫ਼ ਕਮਿਸ਼ਨਰ, ਬ੍ਰਿਟਿਸ਼ ਬਰਮਾ ਲਿਖਦਾ ਹੈ :- "He is very dangerous man. The most dangerous man perhaps now in India and correspondence with him, must be stopped by what ever needed."(''ਉਹ ਬਹੁਤ ਖਤਰਨਾਕ ਆਦਮੀ ਹੈ। ਭਾਰਤ ਵਿੱਚ ਸ਼ਾਇਦ ਇਸ ਵੇਲੇ ਸਭ ਤੋਂ ਜ਼ਿਆਦਾ ਖਤਰਨਾਕ ਅਤੇ ਉਸ ਨਾਲ ਹੁੰਦਾ ਪਤਰ ਵਿਹਾਰ ਕਿਸੇ ਵੀ ਤਰ੍ਹਾਂ ਰੋਕਿਆ ਜਾਣਾ ਚਾਹੀਦਾ ਹੈ।'') ਉਸ ਵਕਤ ਬਰਮਾ ਦੇ ਰਾਜਾ ਖਿਬੂ ਨਾਲ ਵੀ ਸੰਪਰਕ ਬਣ ਚੁੱਕਿਆ ਸੀ ਤੇ ਇਸ ਖਤਰੇ ਤੋਂ ਡਰਦਿਆਂ ਹੋਇਆਂ ਹੀ ਆਪ ਜੀ ਨੂੰ ਕਿਸੇ ਦੁਰੇਡੀ ਥਾਂ ਤੇ ਬਦਲਿਆ ਜਾ ਰਿਹਾ ਸੀ। ਇਸ ਬਾਰੇ ਬ੍ਰਿਟਿਸ਼ ਬਰਮਾ ਦਾ ਚੀਫ਼ ਕਮਿਸ਼ਨਰ ਆਪਣੇ ਮਿੱਤਰ ਸ੍ਰ: ਅਤਰ ਸਿੰਘ ਭਦੌੜ ਵਾਲੇ ਨੂੰ ਇਕ ਚਿੱਠੀ 23 ਅਗਸਤ ਸੰਨ 1886 ਨੂੰ ਲਿਖਕੇ ਦਸਦਾ ਹੈ :-

Ram Singh Kooka is being transferred to a more remote spot, where communication with him will be less easy.

ਭਾਵ (ਗੁਰੂ) ਰਾਮ ਸਿੰਘ ਕੂਕਾ ਐਸੀ ਦੂਰੇਡੀ ਥਾਂ ਤੇ ਬਦਲਿਆ ਜਾ ਰਿਹਾ ਹੈ ਜਿਥੋਂ ਕੂਕਿਆਂ ਦਾ ਇਨ੍ਹਾਂ ਨਾਲ ਸੰਪਰਕ ਕਰਨਾ ਸੌਖਾ ਨਹੀਂ ਹੋਵੇਗਾ।

# ਸ਼ਹੀਦ ਸੂਬਾ ਸਾਹਿਬ ਸਿੰਘ

ਸੰਮਤ 1920 (ਸੰਨ 1863) ਵਿੱਚ ਜਦੋਂ ਸ੍ਰੀ ਸੱਤਿਗੁਰੂ ਰਾਮ ਸਿੰਘ ਜੀ ਬੜੇ ਰ ਨਾਲ ਅੰਗ੍ਰੇਜ਼ ਹਕੂਮਤ ਦੇ ਖਿਲਾਫ਼ ਨਾ-ਮਿਲਵਰਤਨ ਦਾ ਬਿਗਲ ਵਜਾਇਆ ਤਾਂ ਸ ਵਕਤ ਆਜ਼ਾਦੀ ਸੰਗ੍ਰਾਮ ਲਈ ਉਠੀ ਇਸ ਜ਼ੋਰਦਾਰ ਆਵਾਜ਼ ਨੂੰ ਦਬਾਉਣ ਹਿਤ ਗੇਜ਼ਾਂ ਨੇ ਸ੍ਰੀ ਸਤਿਗੁਰੂ ਜੀ ਦੇ ਦੌਰਿਆਂ ਤੇ ਪਾਬੰਦੀ ਲਾ ਦਿੱਤੀ। ਇਸ ਦਾ ਸਿੱਟਾ ਇਹ ਕਲਿਆ ਕਿ ਸ੍ਰੀ ਸਤਿਗੁਰੂ ਜੀ ਸਭ ਤੋਂ ਪਹਿਲਾਂ ਪੰਜ ਸੂਬੇ ਜੋ ਥਾਪੇ ਉਨ੍ਹਾਂ ਵਿੱਚ ਬਾਬਾ ਹਿਬ ਜੀ ਵੀ ਇਕ ਸੂਬੇ ਨੀਯਤ ਕੀਤੇ ਗਏ। ਯੁਗ ਪਲਟਾਊ ਸਤਿਗੁਰੂ ਕ੍ਰਿਤ ਸੰਤ ਨਧਾਨ ਸਿੰਘ ਆਲਮ ਜੀ ਅਨੁਸਾਰ ਉਨ੍ਹਾਂ ਦੇ ਨਾਉਂ ਸਨ : ਸੂਬਾ ਬਾਬਾ ਜਵਾਹਰ ਸਿੰਘ ੀ ਪਿੰਡ ਸੋਹਲ (ਅੰਮ੍ਰਿਤਸਰ), ਸੂਬਾ ਬਾਬਾ ਕਾਨ੍ਹ ਸਿੰਘ ਜੀ ਨਿਹੰਗ ਚੱਕ ਕਲਾਂ ਮਲੇਰਕੋਟਲਾ), ਸੂਬਾ ਬਾਬਾ ਸੁੱਧ ਸਿੰਘ ਜੀ ਪਿੰਡ ਮਦੌਰ (ਅੰਬਾਲਾ), ਸੂਬਾ ਸਾਹਿਬ ਸੰਘ ਜੀ ਬੰਗਾਲੀਪੁਰ (ਜ਼ਿਲ੍ਹਾ ਅੰਮ੍ਰਿਤਸਰ), ਸੂਬਾ ਲੱਖਾ ਸਿੰਘ ਜੀ ਪਿੰਡ ਮਲੌਦ ਲੁਧਿਆਣਾ)।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪੰਥਕ ਅਤੇ ਆਜ਼ਾਦੀ ਦੇ ਸੰਗਰਾਮ ਨੂੰ ਹੋਰ ਤੇਜ਼ ਕਰਨ ਲਈ ਨਾਮਧਾਰੀ ਸੰਗਤ ਵਿੱਚ ਖ਼ਬਰਾਂ ਪੁਚਾਉਣ ਖਾਤਰ ਡਾਕ ਵਿਭਾਗ ਦਾ ਇੰਚਾਰਜ ਸੂਬਾ ਸਾਹਿਬ ਸਿੰਘ ਜੀ ਨੂੰ ਨਿਯੁਕਤ ਕੀਤਾ। ਆਪ ਜੀ ਨੇ ਇਸ ਮਹਿਕਮੇ ਨੂੰ ਇੰਨੀ ਖੂਬੀ ਨਾਲ ਚਲਾਇਆ ਕਿ ਕੋਈ ਪੱਤਰ ਕਿਸੇ ਗੈਰ ਦੇ ਹੱਥ ਨਹੀਂ ਸੀ ਆ ਸਕਦਾ ਅਤੇ ਖ਼ਬਰਾਂ ਵੀ ਸਰਕਾਰੀ ਡਾਕ ਨਾਲੋਂ ਪਹਿਲਾਂ ਪੁਜ ਜਾਂਦੀਆਂ। ਖ਼ਬਰਾਂ ਵਾਸਤੇ ਸੰਕੇਤ ਨੀਯਤ ਕੀਤੇ ਸੀ, ਜਿਨ੍ਹਾਂ ਦਾ ਹਰਕਾਰਿਆਂ ਨੂੰ ਵੀ ਨਹੀਂ ਸੀ ਪਤਾ ਹੁੰਦਾ। ਸਿਰਫ ਸੂਬੇ ਤੇ ਜਥੇਦਾਰ ਹੀ ਜਾਣੂ ਹੁੰਦੇ ਸਨ। ਕੂਕਾ ਪੋਸਟਲ ਸਰਵਿਸ ਬਾਰੇ ਮੇਜਰ ਪਰਕਿੰਨਜ਼ ਲਿਖਦਾ ਹੈ :

"ਕੂਕੇ ਜਿਨ੍ਹਾਂ ਨੂੰ ਸੰਤ ਖਾਲਸਾ ਵੀ ਕਿਹਾ ਜਾਂਦਾ ਹੈ, ਉਹਨਾਂ ਦਾ ਡਾਕ ਮਹਿਕਮਾ ਪ੍ਰਾਈਵੇਟ ਹੈ। ਜੋ ਬੜੀ ਖੂਬੀ ਨਾਲ ਜਥੇਬੰਦ ਕੀਤਾ ਹੋਇਆ ਹੈ। ਇਕ ਕੂਕਾ ਜੋ ਡਾਕ ਲੈ ਕੇ ਦੂਜੇ ਕੂਕੇ ਪਾਸ ਪੁੱਜਦਾ ਹੈ ਤਾਂ ਉਹ ਜੋ ਵੀ ਕੰਮ ਕਰਦਾ ਹੋਵੇ, ਵਿੱਚ ਛੱਡ ਕੇ ਤੁਰ ਪੈਂਦਾ ਹੈ, ਜੇ ਰੋਟੀ ਅੱਧੀ ਖਾਧੀ ਤੇ ਅੱਧੀ ਰਹਿੰਦੀ ਹੋਵੇ ਤਾਂ ਉਹ ਦੂਜੀ ਗਰਾਹੀ ਮੂੰਹ ਵਿੱਚ ਨਹੀਂ ਪਾਉਂਦਾ ਅਤੇ ਕੋਈ ਸਵਾਲ ਕੀਤੇ ਬਿਨਾਂ ਹੀ ਚਿੱਠੀ ਲੈ ਕੇ ਦੌੜ ਪੈਂਦਾ ਹੈ।

ਖਾਸ ਡਾਕ ਜ਼ੁਬਾਨੀ ਹੁੰਦੀ ਹੈ ਅਤੇ ਜਰਨੈਲੀ ਸੜਕ ਛੱਡ ਕੇ ਲੰਮਾ ਪੈਂਡਾ ਕਰਕੇ ... ਦੀ ਹੋ ਕੇ ਡਾਕ ਪੁੱਜਦੀ ਕਰਦੇ ਹਨ।"

**ਲੈਫਟੀਨੈਂਟ ਕਰਨਲ ਬੇਲੀ ਅਨੁਸਾਰ :**

"ਸਾਰੇ ਕੰਮਾਂ ਵਿੱਚ ਸਾਹਿਬ ਸਿੰਘ ਦਾ ਬਹੁਤਾ ਹੱਥ ਹੁੰਦਾ ਹੈ। ਸੂਬਿਆਂ ... ਨਿਯੁਕਤੀ ਵੀ ਉਸ ਦੇ ਦਿਮਾਗ ਦੀ ਕਾਢ ਹੈ। ਉਸ ਬਾਰੇ ਆਮ ਰਾਏ ਇਹ ਹੈ ਕਿ ... ਗੁਰੂ ਰਾਮ ਸਿੰਘ ਜੀ ਦਾ ਉਤ੍ਰਾਧਿਕਾਰੀ ਬਣੇਗਾ। ਸਾਰਿਆਂ ਸੂਬਿਆਂ ਵਿੱਚੋਂ ਵੱਧ ਜਾਣਿਆ ... ਪਛਾਣਿਆ ਹੈ। ਨਵੀਆਂ ਗੋਂਦਾਂ ਗੁੰਦਣ ਤੇ ਯੋਜਨਾਵਾਂ ਉਲੀਕਣ ਵਿੱਚ ਗੁਰੂ ਰਾ... ਸਿੰਘ ਜੀ ਨੂੰ ਉਕਸਾਉਣ ਵਾਲਾ ਇਹੋ ਸੂਬਾ ਹੈ। ਸੰਨ 1867 ਵਿੱਚ ਕੈਪਟਨ ਮੈਨ... ਨੇ ਤਾਂ ਇੱਥੋਂ ਤੱਕ ਰਿਪੋਰਟ ਵਿੱਚ ਲਿਖ ਦਿੱਤਾ ਸੀ ਕਿ ਲੋਕੀ ਗੁਰੂ ਰਾਮ ਸਿੰਘ ਜੀ ਨਾ... ਵੀ ਸਾਹਿਬ ਸਿੰਘ ਦੀ ਗੱਲ ਵਧੇਰੇ ਧਿਆਨ ਨਾਲ ਸੁਣਦੇ ਹਨ।

ਅੰਬਾਲੇ ਦੇ ਕਮਿਸ਼ਨਰ ਫ਼ੋਰਸਿਥ ਨੇ ਇੰਸਪੈਕਟਰ ਜਨਰਲ ਪੁਲਿਸ ਹਚਿੰਨਸਨ ... ਭੇਜੀ ਗਈ ਰਿਪੋਰਟ ਵਿੱਚ ਕਿਹਾ ਹੈ "ਸਾਹਿਬ ਸਿੰਘ ਹੋਰਾਂ ਗੁਰਦਾਸਪੁਰ ਤੇ ਸਿਆਲਕੋ... ਇਲਾਕੇ ਦਾ ਦੌਰਾ ਕਰਕੇ ਅਨੇਕਾਂ ਹੀ ਨਾਮਧਾਰੀ ਸਿੰਘ ਹੋਰ ਬਣਾਏ ਹਨ। ਇਸੇ ਤ... ਨੇਪਾਲ ਭੇਜੇ ਜਾਣ ਦਾ ਮਨੋਰਥ ਵੀ ਉਥੋਂ ਦੇ ਫੌਜੀਆਂ ਨੂੰ ਕੂਕੇ ਬਣਾਉਣਾ ਸੀ।"

ਸੂਬਾ ਸਾਹਿਬ ਸਿੰਘ ਇਸ ਕੰਮ ਵਿਚ ਸਭ ਤੋਂ ਅੱਗੇ ਸੀ। ਉਨ੍ਹਾਂ ਨੇ ਨੇਪਾਲ ... ਰਾਣਾ ਜੰਗ ਬਹਾਦਰ ਨਾਲ ਵੀ ਚੰਗੇ ਸੰਬੰਧ ਕਾਇਮ ਕਰ ਲਏ ਸਨ। ਸ੍ਰੀ ਸਤਿਗੁ... ਰਾਮ ਸਿੰਘ ਜੀ ਰਾਣਾ ਜੰਗ ਬਹਾਦਰ ਲਈ ਚੰਗੀ ਨਸਲ ਦੀਆਂ ਦੋ ਮੱਝਾਂ ਤੇ ... ਵਧੀਆਂ ਖਚਰਾਂ ਦੇ ਕੇ ਸੂਬਾ ਸਾਹਿਬ ਸਿੰਘ ਤੇ ਸੂਬਾ ਕਾਨ੍ਹ ਸਿੰਘ ਜੀ (ਨਿਹੰਗ) ... ਸਿੰਘਾਂ ਅਤਰ ਸਿੰਘ, ਜਾਮਨ ਸਿੰਘ, ਬੀਰ ਸਿੰਘ ਤੇ ਮਾਨ ਸਿੰਘ ਸਮੇਤ ਸਫੀਰ ਬਣਾ... ਭੇਜਿਆ।

ਨੇਪਾਲ ਤੋਂ ਭੈਣੀ ਸਾਹਿਬ ਨੂੰ ਟੁਰਨ ਸਮੇਂ ਰਾਣੇ ਨੇ ਸੱਚੇ ਪਾਤਸ਼ਾਹ ਜੀ ਵਾ... ਬਹੁਤ ਵਧੀਆ ਇੱਕ ਗੁਟ ਘੋੜਾ, 108 ਕਸਤੂਰੀ ਦੇ ਨਾਫਿਆਂ ਦੀ ਮਾਲਾ, ਦੋ ਨੇਪਾ... ਖੋਖਰੀਆਂ, ਇੱਕ ਕੀਮਤੀ ਦੁਸ਼ਾਲਾ, 40 ਗਜ ਬਨਾਤ ਦਾ ਥਾਨ, ਕੁਝ ਨਕਦ ਭੇਟਾ ... ਇਲਾਵਾ ਕੁਝ ਗੁਪਤ ਗੱਲਾਂ ਰਾਜਸੀ ਕੰਮਾਂ ਸੰਬੰਧੀ ਵੀ ਦਸ ਭੇਜੀਆਂ।

ਜਦੋਂ ਸ਼ਹੀਦੀ ਜੱਥੇ ਦੀ ਮਲੌਦ ਚੰਗੀ ਝੱੜਪ ਹੋਈ ਤੇ ਉਥੇ ਦੀ ਪੜਤਾਲ ... ਡੀ.ਸੀ. ਲੁਧਿਆਣਾ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜ ਸਿੰਘਾਂ ਬਾਬਾ ਜ... ਸਿੰਘ, ਬਾਬਾ ਕਾਨ੍ਹ ਸਿੰਘ, ਸੂਬਾ ਸਾਹਿਬ ਸਿੰਘ ਅਤੇ ਖਜ਼ਾਨ ਸਿੰਘ ਤੇ ਜੋਗਾ ... ਸਮੇਤ ਬੁਲਾ ਭੇਜਿਆ। ਸਤਿਗੁਰੂ ਜੀ ਸੁਰਖ਼ੀ ਘੋੜੀ ਪਰ ਸਵਾਰ ਹੋਏ ਤੇ ਬਾਕੀ ... ਹੋਰ ਘੋੜੀਆਂ ਤੇ ਮਲੌਦ ਪਹੁੰਚੇ। ਰਾਤ ਗੁੜਥਲੀ ਜਾਇ ਰਹੇ। ਸ੍ਰੀ ਸਤਿਗੁਰੂ ਜੀ ... ਦਾ ਛੰਨਾ ਛੱਕਣ ਲਈ ਦਿੱਤਾ ਤਾਂ ਸੱਚੇ ਪਾਤਸ਼ਾਹ ਜੀ ਦਾ ਦੁੱਧ ਛੱਕਣ ਨੂੰ ਜੀ...

ਕਰੇ। ਮੂੰਹ ਨੂੰ ਛੁਹਾਇ ਕੇ ਅਤੇ ਦੋ ਘੁੱਟਾਂ ਛੱਕ ਕੇ ਸੂਬਾ ਸਾਹਿਬ ਨੂੰ ਫੜਾ ਕੇ ਉਨ੍ਹਾਂ ਨੂੰ ਛੱਕਣ ਦਾ ਹੁਕਮ ਦਿੱਤਾ। ਬਾਬਾ ਜਵਾਹਰ ਸਿੰਘ ਜੀ ਕਿਹਾ ਕਿ, ''ਸਾਹਿਬ ਸਿੰਘ ਹੁਣ ਕੋਠੜੀ ਵਿਚ ਬੈਠ ਕੇ ਸਰਦਾਈ ਪੀਣੀ ਨਹੀਂ ਮਿਲਣੀ? ਹੁਣ ਸਾਨੂੰ ਤੁਹਾਨੂੰ ਏਥੇ ਸ੍ਰੀ ਭੈਣੀ ਸਾਹਿਬ ਵੀ ਬੈਠਣਾ ਨਹੀਂ ਮਿਲਣਾ।''

ਸ੍ਰੀ ਸਤਿਗੁਰੂ ਜੀ ਬਚਨ ਕੀਤਾ, ਸਾਹਿਬ ਸਿੰਘ ਫੌਜਾਂ ਦਾ ਅਫਸਰ ਹੋਇਆ ਤੇ ਸਾਹਿਬ ਸਿੰਘ ਦਾ ਅਫਸਰ ਬਾਬਾ ਜਵਾਹਰ ਸਿੰਘ।

17 ਜਨਵਰੀ, 1872 ਈ. ਦੀ ਸ਼ਾਮ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪ ਅਰਦਾਸ ਕਰਕੇ ਪ੍ਰਦੇਸ ਜਾਣ ਦੀ ਜਾ ਤਿਆਰੀ ਕੀਤੀ ਤਾਂ ਬਾਬੇ ਸਾਹਿਬ ਸਿੰਘ ਨੇ ਅਰਜ਼ ਕੀਤੀ, ਕੁਛ ਨਾਲ ਲੈ ਲਈਏ ? ਹੁਕਮ ਹੋਇਆ ਕਿ ਲੈ ਲਓ - ਪੰਜਾਹ ਸੱਠ ਰੁਪੈ ਲੈ ਲਏ।

ਸ੍ਰੀ ਸਤਿਗੁਰੂ ਜੀ ਨਾਲ ਭਾਈ ਨਾਨੂੰ ਸਿੰਘ ਗੜਵਈ, ਭਾਈ ਗੁਰਦਿੱਤ ਸਿੰਘ ਗੱਡੇ ਵਾਲਾ ਗਾਡੀ ਅਤੇ ਕੇਵਲ ਸੂਬਾ ਸਾਹਿਬ ਸਿੰਘ ਤੇ ਬਾਬਾ ਜਵਾਹਰ ਸਿੰਘ ਜੀ ਨੂੰ ਹੀ ਗੱਡੇ ਤੇ ਬੈਠਣ ਦਾ ਹੁਕਮ ਹੋਇਆ। ਸੂਬਾ ਬਾਬਾ ਸਾਹਿਬ ਸਿੰਘ ਤੇ ਸੂਬਾ ਬਾਬਾ ਕਾਨ੍ਹ ਸਿੰਘ ਜੀ ਨੂੰ ਪ੍ਰਯਾਗ (ਅਲਾਹਾਬਾਦ) ਤੋਂ ਅਦਨ ਜੇਲ੍ਹ ਵਿੱਚ ਭੇਜ ਦਿੱਤਾ।

ਅਦਨ ਜੇਲ੍ਹ 'ਚ ਰੱਖਣ ਤੋਂ ਕੁਝ ਚਿਰ ਬਾਦ ਸੂਬਾ ਸਾਹਿਬ ਸਿੰਘ ਜੀ ਤੇ ਬਾਬਾ ਕਾਨ੍ਹ ਸਿੰਘ ਨੂੰ ਹੋਰ ਸਖ਼ਤ ਸਜ਼ਾ ਦੇਣ ਵਾਸਤੇ ਹਜ਼ਾਰੀ ਬਾਗ (ਬਿਹਾਰ) ਦੀ ਜੇਲ੍ਹ ਵਿੱਚ ਲਿਆਂਦਾ ਗਿਆ। ਇਹ ਗੱਲ ਸੰਨ 1875 ਈ. ਦੀ ਹੈ। ਇਥੇ ਹੀ 21 ਮਈ, 1875 ਦੀ ਰਿਪੋਰਟ ਅਨੁਸਾਰ ਸੂਬਾ ਸਾਹਿਬ ਸਿੰਘ ਜੀ ਨੂੰ ਜਿਆਬਤੀਸ ਦੀ ਬਿਮਾਰੀ ਨੇ ਘੇਰ ਲਿਆ। ਇੰਸਪੈਕਟਰ ਜਨਰਲ ਦੇ ਧਿਆਨ ਵਿੱਚ ਇਹ ਗੱਲ ਲਿਆਂਦੀ ਗਈ। ਮਿਸਟਰ ਐਡਨ ਦਾ ਵੀਚਾਰ ਸੀ ਕਿ ਇਨ੍ਹਾਂ ਦੋਹਾਂ ਨੂੰ ਜੇਲ੍ਹ ਤੋਂ ਬਾਹਰ ਯੋਗ ਨਿਗਰਾਨੀ ਵਿੱਚ ਰੱਖਿਆ ਜਾਵੇ। ਪਰ ਪੰਜਾਬ ਸਰਕਾਰ ਕਹਿ ਰਹੀ ਸੀ ਕਿ ''ਸਾਹਿਬ ਸਿੰਘ ਪੰਥਕ ਪੱਧਰ ਤੇ ਗੁਰੂ ਰਾਮ ਸਿੰਘ ਤੋਂ ਦੂਜੇ ਦਰਜੇ ਤੇ ਹੈ ਤੇ ਕਾਹਨ ਸਿੰਘ ਵੀ ਬਹੁਤ ਕੱਟੜ ਤੇ ਸ਼ਕਤੀਸ਼ਾਲੀ ਕੂਕਾ ਹੈ। ਇਸ ਲਈ ਇਨ੍ਹਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਬਰਤਾਨਵੀ ਸਰਕਾਰ ਇਨ੍ਹਾਂ ਕੂਕੇ ਕੈਦੀਆਂ ਤੇ ਮੁਕਦਮਾ ਚਲਾਉਣ ਤੋਂ ਹਿਚਕਚਾਉਂਦੀ ਰਹੀ ਕਿ ਜੇਕਰ ਇਨ੍ਹਾਂ ਤੇ ਮੁਕੱਦਮਾ ਕਰ ਅਸੀਂ ਅਸਫਲ ਹੋ ਗਏ ਤਾਂ ਬਹੁਤ ਹੇਠੀ ਹੋਵੇਗੀ। ਫਿਰ ਬਗਾਵਤ ਦਾ ਖਤਰਾ ਪੈਦਾ ਹੋ ਜਾਵੇਗਾ।

ਏਧਰ ਸੂਬਾ ਸਾਹਿਬ ਸਿੰਘ ਜੀ ਦੀ ਸਿਹਤ ਹੋਰ ਵੀ ਜ਼ਿਆਦਾ ਵਿਗੜ ਗਈ। ਬਾਬਾ ਕਾਹਨ ਸਿੰਘ ਨੂੰ ਵੀ ਮਿਲਣ ਨਾ ਦਿੱਤਾ ਗਿਆ। ਅੰਤ 10 ਜੂਨ, 1879 ਨੂੰ ਨਾਮਧਾਰੀ ਪੰਥ ਦਾ ਇਹ ਨਿਧੜਕ ਜਰਨੈਲ ਹਜ਼ਾਰੀ ਬਾਗ (ਬਿਹਾਰ) ਦੀ ਇਸ ਜੇਲ੍ਹ ਵਿੱਚ ਗੁਰੂ ਦੇ ਹੁਕਮਾਂ ਦੀ ਅਡੋਲਤਾ ਸਹਿਤ ਪਾਲਣਾ ਕਰਦਾ ਹੋਇਆ ਗੁਰਪੁਰੀ ਨੂੰ ਸਿਧਾਰ ਗਿਆ।

# ਨਾਮਧਾਰੀ ਪੰਥ ਬਾਗ਼ੀ ਕਰਾਰ
# ਅਤੇ
# ਸਰਕਾਰੀ ਦਮਨ ਚੱਕਰ

ਅੰਗਰੇਜ਼ ਹਕੂਮਤ ਤਾਂ ਨਾਮਧਾਰੀ ਸਿੱਖਾਂ ਤੇ ਰੋਕ ਲਾਉਣ ਦਾ ਬਹਾਨਾ ਲੱਭ ਰਹੀ ਸੀ। ਮਲੇਰ ਕੋਟਲੇ ਦੇ ਸਾਕੇ ਨੇ ਉਸਨੂੰ ਮੌਕਾ ਦੇ ਦਿੱਤਾ। ਉਸਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਹਿਰਾਸਤ ਵਿੱਚ ਲੈ ਕੇ ਅਲਾਹਾਬਾਦ ਤੇ ਫਿਰ ਦੇਸ਼ ਨਿਕਾਲਾ ਦੇ ਕੇ ਬਰਮਾ ਵਿੱਚ ਰੰਗੂਨ ਅਤੇ ਮਰਗੋਈ ਵਿਖੇ ਕੈਦ ਵਿੱਚ ਰੱਖਿਆ। ਬਾਕੀ ਸੂਬਿਆਂ ਨੂੰ ਹਿਰਾਸਤ ਵਿੱਚ ਲੈ ਕੇ ਉਮਰ ਭਰ ਦੇਸ਼ ਵਿਦੇਸ਼ ਦੀਆਂ ਜੇਲ੍ਹਾਂ ਮੋਰਮਈ, ਅਸੀਰਗੜ੍ਹ, ਅਦਨ, ਚੁਨਾਰ ਅਤੇ ਹਜ਼ਾਰੀਬਾਗ ਆਦਿ ਵਿੱਚ ਕੈਦ ਕਰ ਦਿੱਤਾ। ਜਿਥੇ ਉਹ ਸ਼ਹੀਦੀਆਂ ਪਾ ਗਏ। ਨਾਮਧਾਰੀ ਸਿੱਖਾਂ ਦੇ ਮੁਖ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਗੁਰੂਦੁਆਰੇ ਦੀ ਡਿਉਢੀ ਅੱਗੇ ਪੁਲੀਸ ਚੌਂਕੀ ਬਿਠਾ ਦਿੱਤੀ ਗਈ, ਜੋ ਲਗਾਤਾਰ 51 ਸਾਲ 1872-1923 ਈ. ਤੱਕ ਰਹੀ। ਗੁਰਦੁਆਰੇ ਅੰਦਰ ਦਰਸ਼ਨ ਕਰਨ ਵਾਲਿਆਂ ਨੂੰ ਰਜਿਸਟਰ ਵਿੱਚ ਨਾਮ ਦਰਜ਼ ਕਰਾਕੇ 5 ਦੀ ਗਿਣਤੀ ਵਿੱਚ ਅੰਦਰ ਜਾਣ ਦਿੱਤਾ ਜਾਂਦਾ ਸੀ। ਸਮੂਹ ਨਾਮਧਾਰੀ ਸਿੱਖਾਂ ਨੂੰ ਬਾਗੀ ਕਰਾਰ ਦੇ ਕੇ, ਪਿੰਡੋ ਪਿੰਡੀ ਨਜ਼ਰਬੰਦ ਕਰ ਦਿੱਤਾ ਗਿਆ। ਪਿੰਡੋਂ ਬਾਹਰ ਜਾਣ ਲਈ, ਪੁਲੀਸ ਜਾਂ ਪਿੰਡ ਦੇ ਮੁੱਖੀ ਕੋਲ ਇਤਲਾਹ ਦੇਣਾ ਜਰੂਰੀ ਕਰ ਦਿੱਤਾ ਗਿਆ। ਨਾਮਧਾਰੀ ਸਿੱਖਾਂ ਦੇ ਦੀਵਾਨਾਂ ਅਤੇ ਪਾਠ ਕਰਨ ਤੇ ਪਾਬੰਦੀ ਲਾਗੂ ਕਰ ਦਿੱਤੀ ਗਈ। ਇੱਥੋਂ ਤੱਕ ਕਿ ਅਖੰਡ ਪਾਠ ਕਰਨਾ ਜੁਰਮ ਹੋ ਗਿਆ। ਪਾਠ ਕਰਨ ਦੇ ਜੁਰਮ ਵਿੱਚ, ਪਾਠ ਕਰਨ ਅਤੇ ਕਰਵਾਉਣ ਵਾਲੇ ਦੋਹਾਂ ਨੂੰ ਜੇਲ ਯਾਤਰਾ ਤੇ ਜੁਰਮਾਨਾ ਸਹਿਣਾ ਪੈਂਦਾ ਸੀ। ਇਸ ਤਰ੍ਹਾਂ ਪੰਜਾਬ ਭਰ ਵਿੱਚ ਨਾਮਧਾਰੀ ਸਿੱਖਾਂ ਤੇ ਸਰਕਾਰ ਦਾ ਦਮਨ ਚੱਕਰ ਚਲਿਆ।

ਅੰਗਰੇਜ਼ ਸਰਕਾਰ ਵਲੋਂ ਪਾਬੰਦੀਆਂ ਏਸ ਡਰ ਕਰਕੇ ਹੀ ਲਾਗੂ ਕੀਤੀਆਂ ਗਈਆਂ ਕਿ ਕਿਤੇ ਕੂਕੇ ਸਿੰਘ ਮੁੜ ਇਕੱਠੇ ਹੋ ਕੇ ਤਾਕਤ ਵਿੱਚ ਨਾ ਆ ਜਾਣ ਅਤੇ ਬਗਾਵਤ ਕਰ ਦੇਣ। ਇਸ ਦੀ ਪੁਸ਼ਟੀ ਪੰਜਾਬ ਸਰਕਾਰ ਦੇ ਸਕੱਤਰ ਸਰ ਲੈਪਲ ਗ੍ਰਿਫਨ ਦੀ ਚਿੱਠੀ ਨ: 391 ਮਿਤੀ 2 ਅਪ੍ਰੈਲ 1872 ਤੋਂ ਹੁੰਦੀ ਹੈ, ਜੋ ਹਿੰਦ ਸਰਕਾਰ ਦੇ ਸਕੱਤਰ ਐਚ. ਕ੍ਰਿਸਨ ਨੂੰ ਗਵਰਨਰ ਜਨਰਲ ਵਲੋਂ ਪੁੱਛੇ ਜਾਣ ਤੇ ਲਿਖੀ ਸੀ :-

ਕੂਕਾ ਪੰਥ ਦੇ ਖ਼ਾਸ ਆਗੂਆਂ ਨੂੰ ਸੂਬੇ ਵਿਚੋਂ ਜਲਾਵਤਨ ਕਰ ਦਿੱਤਾ ਗਿਆ ਹੈ। ਜੋ ਅਸਰ ਰਸੂਖ਼ ਵਾਲੇ ਰਹਿੰਦੇ ਹਨ ਉਹਨਾਂ ਤੇ ਕੜੀ ਨਿਗਰਾਨੀ ਹੈ ਅਤੇ ਉਹਨਾਂ ਦੀਆਂ ਸਰਗਰਮੀਆਂ ਦੀ ਹੁਸ਼ਿਆਰੀ ਨਾਲ ਦੇਖ ਭਾਲ ਕੀਤੀ ਜਾਂਦੀ ਹੈ। ਪੇਂਡੂ ਹਲਕਿਆਂ ਦੇ ਮੁੱਖੀਆਂ, ਜ਼ੈਲਦਾਰਾਂ ਅਤੇ ਨੰਬਰਦਾਰਾਂ ਨੂੰ ਉਹਨਾਂ ਬਾਬਤ ਰਿਪੋਰਟ ਕਰਨ ਦੀ ਹਦਾਇਤ ਕਰ ਦਿੱਤੀ ਗਈ ਹੈ। ਉਹ ਆਪਣੇ ਹਲਕਿਆਂ ਅਤੇ ਪਿੰਡਾਂ ਵਿੱਚ ਕੂਕਾ ਸਰਗਰਮੀਆਂ ਬਾਬਤ ਰਿਪੋਰਟ ਕਰਿਆ ਕਰਨਗੇ। ਪੰਜਾਂ ਤੋਂ ਵੱਧ ਕੂਕਿਆਂ ਦਾ ਇਕੱਠ ਸਾਰੇ ਦੇਸ਼ ਵਿੱਚ ਮਨ੍ਹਾ ਕਰ ਦਿੱਤਾ ਗਿਆ ਹੈ। ਕੁਹਾੜੀਆਂ, ਸੰਮਾਂ ਵਾਲੀਆਂ ਲਾਠੀਆਂ ਅਤੇ ਹੋਰ ਹਥਿਆਰ ਜੋ ਕਾਨੂੰਨੀ ਜ਼ਦ ਹੇਠਾਂ ਨਹੀਂ ਵੀ ਆਉਂਦੇ, ਪਬਲਿਕ ਥਾਵਾਂ ਤੇ ਲੈ ਜਾਣ ਦੀ ਮਨਾਹੀ ਕਰ ਦਿੱਤੀ ਗਈ ਹੈ। ਸਾਰੇ ਫਿਰਕੇ ਵਾਸਤੇ ਨਿਗਰਾਨੀ ਅਤੇ ਰਿਪੋਰਟਾਂ ਦਾ ਪੂਰਾ ਪ੍ਰਬੰਧ ਕਰ ਲਿਆ ਗਿਆ ਹੈ। ਪੰਜਾਬ ਦੇ ਲਾਟ ਸਾਹਿਬ ਨੂੰ ਹੁਣ ਇਹ ਯਕੀਨ ਹੋ ਗਿਆ ਹੈ ਕਿ ਹੁਣ ਕੂਕਿਆਂ ਦੀ ਕੋਈ ਛੋਟੀ ਤੋਂ ਛੋਟੀ ਸਰਗਰਮੀ ਵੀ ਅਜਿਹੀ ਨਹੀਂ ਹੋ ਸਕਦੀ ਜਿਸਦਾ ਸਰਕਾਰ ਨੂੰ ਝੱਟ ਪੱਟ ਪਤਾ ਨਾ ਲੱਗ ਸਕੇ। -ਕਾਨਫੀਡੈਂਸ਼ੀਅਲ ਪੇਪਰਜ਼ ਵਾਰ ਦੀ ਕੂਕਾ ਸੈਕਟ

ਸਮੂਹ ਨਾਮਧਾਰੀ ਸਿੱਖਾਂ ਨਾਲ ਜੁਰਾਇਮ ਪੇਸ਼ਾ ਲੋਕਾਂ ਵਾਲਾ ਸਲੂਕ ਸ਼ੁਰੂ ਹੋ ਗਿਆ। 1872 ਦੇ Criminal Procedure Act X ਦੀ ਧਾਰਾ 504-505 ਤਹਿਤ ਸਰਕਾਰ ਪ੍ਰਤੀ ਨੇਕ ਚਲਣੀ ਲਈ ਜ਼ਮਾਨਤਾਂ ਮੰਗੀਆਂ ਜਾਂਦੀਆਂ। ਜ਼ਮਾਨਤਾਂ ਨਾ ਦੇਣ ਕਰਕੇ ਅਨੇਕਾਂ ਇਨ੍ਹਾਂ ਦੇਸ਼ ਭਗਤ ਕੂਕਿਆਂ ਨੂੰ ਜੁਰਮਾਨੇ ਅਤੇ ਕੈਦਾਂ ਕੱਟਣੀਆਂ ਪਈਆਂ।

ਇਹਨਾਂ ਨਿਯਮਾਂ, ਕਾਨੂੰਨਾਂ ਦੀ ਉਲੰਘਣਾ ਕਰਨ ਦੇ ਜੁਰਮ ਅਤੇ ਅੰਗਰੇਜ਼ੀ ਸਰਕਾਰ ਵਿਰੁੱਧ ਪ੍ਰਚਾਰ ਕਰਨ ਕਰਕੇ ਸੈਂਕੜੇ ਹਜ਼ਾਰਾਂ ਨਾਮਧਾਰੀ ਸਿੱਖਾਂ ਦੀਆਂ ਜਾਇਦਾਦਾਂ ਜ਼ਬਤ ਜਾਂ ਨੀਲਾਮ ਕਰ ਦਿੱਤੀਆਂ ਗਈਆਂ। ਹਜ਼ਾਰਾਂ ਨੇ ਜੇਲ-ਯਾਤਰਾਂ ਸਹੀਆਂ, ਅਣਗਿਣਤ ਨੂੰ ਕਾਲੇ ਪਾਣੀ ਦੀਆਂ ਸਜ਼ਾਵਾਂ ਹੋ ਗਈਆਂ, ਸਮੁੰਦਰ ਵਿੱਚ ਡੋਬ ਕੇ ਮਾਰ ਦਿੱਤਾ ਗਿਆ। ਕੂਕਾ ਅੰਦੋਲਨ ਪ੍ਰਚਾਰ ਕੇਂਦਰ ਸ੍ਰੀ ਭੈਣੀ ਸਾਹਿਬ ਵਿਖੇ ਅਤਿਅੰਤ ਸਖ਼ਤੀ ਹੋਣ ਦੇ ਬਾਵਜੂਦ, ਸਦਕੇ ਨਾਮਧਾਰੀ ਸਿੱਖਾਂ ਦੇ, ਜਿਨ੍ਹਾਂ ਸਭੇ ਦੁਖ ਤਕਲੀਫਾਂ ਸਹਾਰ ਲਈਆਂ, ਪਰ ਅੰਗਰੇਜ਼ੀ ਸਰਕਾਰ ਦੀ ਈਨ ਨਹੀਂ ਪਰਵਾਨੀ।

## ਕੂਕਾ, ਅੰਗਰੇਜ਼ ਦਾ ਵਫ਼ਾਦਾਰ ਨਹੀਂ ਹੋ ਸਕਦਾ :

ਰਹੀ ਗੱਲ ਅੰਗਰੇਜ਼ਾਂ ਦੀ ਵਫ਼ਾਦਾਰੀ ਦੀ, ਇਸ ਬਾਰੇ ਸਭ ਤੋਂ ਪਹਿਲਾਂ Encyclopaedia of Britanica. Ed. 1902 ਐਨਸਾਈਕਲੋ ਪੀਡੀਆ ਬ੍ਰਿਟੈਨਿਕਾ ਦੇ

ਮੇਡੀਸ਼ਨ 1902 ਵਿੱਚ ਕੂਕਿਆਂ ਬਾਰੇ ਲਿਖਿਆ ਪੜ੍ਹ ਲੈਣਾ ਕਾਫ਼ੀ ਹੋਵੇਗਾ :-

* ਕੂਕਾ ਝੂਠ ਨਹੀਂ ਬੋਲਦਾ।
* ਕੂਕਾ ਸ਼ਰਾਬ ਨਹੀਂ ਪੀਂਦਾ।
* ਕੂਕਾ ਗੁਰੂ ਗੋਬਿੰਦ ਸਿੰਘ ਦਾ ਕੱਟੜ ਸਿੱਖ ਹੈ।
* ਕੂਕਾ, ਅੰਗਰੇਜ਼ ਦਾ ਵਫ਼ਾਦਾਰ ਨਹੀਂ ਹੋ ਸਕਦਾ।

ਉਨ੍ਹੀਵੀਂ ਸਦੀ ਦੇ ਦੂਸਰੇ ਅੱਧ ਵਿੱਚ ਕੇਵਲ ਨਾਮਧਾਰੀ ਸਮਾਜ ਹੀ ਸੀ ਜੋ ਸੰਗਠਿਤ ਰੂਪ ਵਿੱਚ ਅੰਗਰੇਜ਼ੀ ਸਾਮਰਾਜ ਵਿਰੁੱਧ ਜੱਦੋ-ਜਹਿਦ ਕਰ ਰਿਹਾ ਸੀ। ਸਿੱਖ ਸਰਦਾਰਾਂ ਅਤੇ ਰਈਸਾਂ ਨੇ ਹਿੱਸਾ ਤਾਂ ਕੀ ਪਾਉਣਾ ਸੀ, ਸਗੋਂ ਉਹ ਤਾਂ ਅੰਗਰੇਜ਼ਾਂ ਨੂੰ ਕੂਕਾ ਅੰਦੋਲਨ ਬਾਰੇ ਗੁਪਤ ਜਾਣਕਾਰੀਆਂ ਪਹੁੰਚਾਉਂਦੇ ਰਹੇ। ਜਿੱਥੇ ਐਸੇ ਲੋਕਾਂ ਨੂੰ ਅੰਗਰੇਜ਼ਾਂ ਨੇ Most loyal subject of Her Majesty ਲਿਖਿਆ ਉਥੇ ਕੂਕਿਆਂ ਬਾਰੇ ਲਿੱਖ ਦਿੱਤਾ ਸੀ :-

The truth is that it is not possible for a Kuka to be a loyal subject of the British Govt.

ਇਹ ਸੱਚ ਹੈ ਕਿ ਕੂਕਿਆਂ ਲਈ ਅੰਗਰੇਜ਼ ਸਰਕਾਰ ਪ੍ਰਤੀ ਵਫ਼ਾਦਾਰ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। (ਲੁਧਿਆਣਾ-ਡਿਸਟ੍ਰਿਕਟ ਗਜ਼ਟੀਅਰ-1918)

ਇਕ ਸਿਰਲੱਥ, ਧਰਮੀ ਅਤੇ ਸੱਚੇ ਸੁੱਚੇ ਦੇਸ਼ ਭਗਤ ਬਾਬਾ ਗੁਰਚਰਨ ਸਿੰਘ ਜੋ ਕਿ ਉਸ ਵਕਤ ਰੂਸ ਨਾਲ ਸੰਪਰਕ ਬਣਾਈ ਰੱਖਣ ਲਈ ਕਈ ਵਾਰ ਰੂਸ ਗਏ, ਦੇ ਬਾਰੇ ਡਿਉਰੈਂਡ ਨੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਏ ਹਨ।

To talk of severing Gurcharan Singh's connection with Kookas seems to me useless. He is Kooka Suba and will remain so, untill he dies, doing mean while all the harm he can do to us.

ਭਾਵ : ਇਹ ਕਹਿਣਾ ਕਿ ਕਿਸੇ ਬਲ, ਛਲ ਜਾਂ ਕੌਸ਼ਲ ਨਾਲ ਗੁਰਚਰਨ ਸਿੰਘ ਦੇ ਸੰਬੰਧ ਕੂਕਿਆਂ ਨਾਲੋਂ ਵਿਛੇਦ ਕੀਤੇ ਜਾ ਸਕਦੇ ਹਨ, ਮੈਨੂੰ ਉੱਕਾ ਹੀ ਨਿਰਾਰਥਕ ਮਲੂਮ ਪੈਂਦਾ ਹੈ। ਉਹ ਕੂਕਾ ਸੂਬਾ ਹੈ ਅਤੇ ਆਪਣੇ ਮਰਨ ਉਪਰੰਤ ਵੀ ਕੂਕਾ ਰਹੇਗਾ। ਉਹ ਇਸ ਸਮੇਂ ਵਿੱਚ ਜਿਤਨਾ ਵੀ ਨੁਕਸਾਨ ਸਾਨੂੰ ਪਹੁੰਚਾ ਸਕਦਾ ਹੈ ਪਹੁੰਚਾਏਗਾ।

ਮਿਸਟਰ ਜੇ. ਡਬਲਯੂ ਮੈਕਨਾਬ ਕਮਿਸ਼ਨਰ ਅੰਬਾਲਾ ਡਿਵੀਜ਼ਨ, 4 ਨਵੰਬਰ ਸੰਨ 1871 ਦੀ ਖੁਫ਼ੀਆਂ ਰਿਪੋਰਟ ਵਿੱਚ ਲਿਖਦਾ ਹੈ।

It has next to be shown that (Guru) Ram Singh is not mere puppet in the hands of designing men. I have shown the state he keeps.

ਭਾਵ : ਹੁਣ ਅੱਗੇ ਇਹ ਦਸਣਾ ਹੈ ਕਿ (ਗੁਰੂ) ਰਾਮ ਸਿੰਘ ਚਲਾਕ ਆਦਮੀਆਂ ਹੱਥਾਂ ਦੀ ਕਠਪੁਤਲੀ ਨਹੀਂ ਹੈ। ਉਸਦੇ ਸੁਭਾਉ ਅਤੇ ਠਾਠ ਬਾਠ ਬਾਰੇ ਮੈਂ ਦੱਸ ਚੁੱਕਾ ਹਾਂ।

ਇਸੇ ਤਰ੍ਹਾਂ ਸ੍ਰ. ਨਾਹਰ ਸਿੰਘ ਐਮ. ਏ. ਆਪਣੀ ਪੁਸਤਕ Guru Ram Singh & the Kuka Sikh Vol. III, Pages XII ਤੇ ਲਿਖਦੇ ਹਨ :-

There is the only religio-political party in India, the leader and members of which refused to negotiate the terms of appeasement or conciliation with the British authorities on any basis. Their primary political aim was the expulsion of the malechhas from the holy land of Bharat.

ਭਾਵ, ਭਾਰਤ ਵਿੱਚ ਕੇਵਲ ਇਨ੍ਹਾਂ ਦੀ ਹੀ ਇਕ ਧਾਰਮਕ ਤੇ ਰਾਜਨੀਤਕ ਜਥੇਬੰਦੀ ਹੈ ਕਿ ਜਿਨ੍ਹਾਂ ਨੇ ਅੰਗਰੇਜ਼ ਸਰਕਾਰ ਨਾਲ ਕਿਸੇ ਵੀ ਸ਼ਰਤ ਤੇ ਸਮਝੌਤਾ ਕਰਨੋਂ ਇਨਕਾਰ ਕਰ ਦਿੱਤਾ। ਇਨ੍ਹਾਂ ਦਾ ਮੁਢਲਾ ਰਾਜਨੀਤਕ ਧੇਯ ਸੀ ਕਿ ਮਲੇਛਾਂ ਨੂੰ ਭਾਰਤ ਦੀ ਪਵਿੱਤਰ ਧਰਤੀ ਤੋਂ ਕੱਢਣਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਰਵਾਸਿਤ ਤੋਂ ਬਾਅਦ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਪੰਥ ਦਾ ਮਾਰਗ ਦਰਸ਼ਨ ਕੀਤਾ। ਅੰਗਰੇਜ਼ਾਂ ਨੇ ਆਪਜੀ ਨੂੰ 20 ਸਾਲ ਤੋਂ ਵੀ ਵੱਧ ਸਮੇਂ ਲਈ ਭੈਣੀ ਸਾਹਿਬ ਨਜ਼ਰਬੰਦ ਕਰ ਦਿੱਤਾ।

## ਸੂਬੇ ਸਾਹਿਬਾਨਾਂ ਨੂੰ ਨਜ਼ਰਬੰਦੀ

1. **24 ਮਾਰਚ 1872 ਈਃ ਨੂੰ ਸੂਬਾ ਸਾਹਿਬ ਸਿੰਘ ਤੇ ਸੂਬਾ ਕਾਨ੍ਹ ਸਿੰਘ ਜੀ ਨੂੰ ਪਹਿਲਾਂ ਅਦਨ (ਅਰਬ) ਜੇਲ੍ਹ ਵਿੱਚ ਤੇ ਸਿਹਤ ਠੀਕ ਨਾ ਰਹਿਣ ਕਾਰਣ ਫਿਰ ਮਈ, 1875 ਨੂੰ ਹਜ਼ਾਰੀ ਬਾਗ (ਬਿਹਾਰ) ਵਿਖੇ ਕੈਦ 'ਚ ਰੱਖਿਆ ਗਿਆ।**
2. **ਸੂਬਾ ਅਰੂੜ ਸਿੰਘ, ਸੂਬਾ ਮਲੂਕ ਸਿੰਘ ਤੇ ਸੂਬਾ ਪਹਾੜਾ ਸਿੰਘ ਜੀ ਨੂੰ ਬੰਬਈ ਪ੍ਰੈਜੀਡੈਂਸੀ ਦੇ ਕਿਲ੍ਹਾ ਅਸੀਰਗੜ੍ਹ 'ਚ ਕੈਦ ਰੱਖਿਆ ਗਿਆ।**
3. **ਸੂਬਾ ਜਵਾਹਰ ਸਿੰਘ, ਸੂਬਾ ਲੱਖਾ ਸਿੰਘ ਤੇ ਸੂਬਾ ਬ੍ਰਹਮਾ ਸਿੰਘ ਨੂੰ ਜਲਾਵਤਨ ਕਰਕੇ ਮੌਲਮੀਨ, ਲੋਇਰ ਬਰਮਾ ਦੀ ਜੇਲ੍ਹ ਵਿੱਚ ਨਜ਼ਰਬੰਦ ਕੀਤਾ ਗਿਆ।**
4. **ਸੂਬਾ ਮਾਨ ਸਿੰਘ ਅਤੇ ਸੂਬਾ ਹੁਕਮਾ ਸਿੰਘ ਜੀ ਨੂੰ ਚੁਨਾਰ (ਯੂ.ਪੀ.) ਦੀ ਜੇਲ੍ਹ ਵਿੱਚ ਬੰਦ ਕੀਤਾ ਗਿਆ।**

# ਨਾ-ਮਿਲਵਰਤਨ ਅਤੇ ਸਵਦੇਸ਼ੀ ਲਹਿਰ

## ਵੱਖ-ਵੱਖ ਦੇਸ਼ ਭਗਤਾਂ ਤੇ ਹੋਰ ਵਿਦਵਾਨਾਂ ਦੇ ਵਿਚਾਰ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਵਿਸ਼ਵ ਵਿੱਚ ਪਹਿਲੀ ਵਾਰ ਸ਼ਾਂਤਮਈ ਅਜ਼ਾਦ ਦੀ ਲੜਾਈ ਲੜਨ ਲਈ ਨਾ-ਮਿਲਵਰਤਨ ਅਤੇ ਸਵਦੇਸ਼ੀਅਤ ਦੇ ਹਥਿਆਰ ਦਾ ਆਗਾਜ਼ ਕੀਤਾ।

### ਸ਼ਹੀਦ ਭਗਤ ਸਿੰਘ

ਉਹਨਾਂ (ਗੁਰੂ ਰਾਮ ਸਿੰਘ ਜੀ) ਉਸ ਵੇਲੇ ਨਾ-ਮਿਲਵਰਤਨ ਲਹਿਰ ਦਾ ਪ੍ਰਚਾਰ ਸ਼ੁਰੂ ਕੀਤਾ, ਜੋ 1920 ਵਿੱਚ ਮਹਾਤਮਾ ਗਾਂਧੀ ਜੀ ਨੇ ਕੀਤਾ ਸੀ। ਉਹਨਾਂ ਦੀ ਨਾ-ਮਿਲਵਰਤਨ ਲਹਿਰ ਮਹਾਤਮਾ ਗਾਂਧੀ ਦੀ ਨਾ-ਮਿਲਵਰਤਨ ਨਾਲੋਂ ਕਈ ਗੱਲਾਂ ਵਿੱਚ ਵੱਧ ਕੇ ਸੀ। ਅਦਾਲਤਾਂ ਦਾ ਬਾਈਕਾਟ, ਆਪਣੀਆਂ ਪੰਚਾਇਤਾਂ ਦੀ ਕਾਇਮੀ, ਸਰਕਾਰੀ ਤਾਲੀਮ ਦਾ ਬਾਈਕਾਟ, ਵਿਦੇਸ਼ੀ ਸਰਕਾਰ ਦੇ ਬਾਈਕਾਟ ਦੇ ਨਾਲ ਨਾਲ ਰੇਲ, ਤਾਰ ਤੇ ਡਾਕ ਦੇ ਬਾਈਕਾਟ ਦਾ ਵੀ ਪੂਰਾ ਪ੍ਰਚਾਰ ਕੀਤਾ। ਉਸ ਵੇਲੇ ਦੇਸ਼ ਇੰਨਾਂ ਸਾਹ-ਸਤਹੀਣ ਹੋ ਗਿਆ ਸੀ ਕਿ ਉਨ੍ਹਾਂ ਦੇ ਬਾਈਕਾਟ ਦੀ ਗੱਲ ਸੋਚੀ ਹੀ ਨਹੀਂ ਜਾ ਸਕਦੀ ਸੀ। (ਮਹਾਨ ਕੂਕਾ ਲਹਿਰ ਵਿ)

### ਡਾ: ਰਾਜਿੰਦਰ ਪ੍ਰਸਾਦ

ਅਸਲ ਵਿੱਚ ਗੁਰੂ ਰਾਮ ਸਿੰਘ ਜੀ ਨੇ ਜੋ ਇਤਿਹਾਸਕ, ਨਾ-ਮਿਲਵਰਤਨ ਅ ਸਵਦੇਸ਼ੀ ਲਹਿਰ ਸ਼ੁਰੂ ਕੀਤੀ ਸੀ, ਉਸਨੇ ਭਾਰਤ ਵਿੱਚੋਂ ਅੰਗਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ ਅਤੇ ਇਸੇ ਨੀਤੀ ਦੀ ਮੱਦਦ ਨਾਲ ਮਹਾਤਮਾ ਗਾਂਧੀ ਜ ਭਾਰਤ ਚੋਂ ਗੁਲਾਮੀ ਦੇ ਗਲਬੇ ਨੂੰ ਹਟਾਉਣ ਵਿੱਚ ਕਾਮਯਾਬ ਹੋਏ।

(ਸਰਬ ਪ੍ਰਥਮ ਰਾਸ਼ਟਰਪਤੀ-ਭਾਰ)

ਦੇਸ਼ ਦੀ ਅਜ਼ਾਦੀ ਦੇ ਸੰਗਰਾਮ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਿਸ਼ਵ ਵਿ ਸਭ ਤੋਂ ਪਹਿਲੀ ਵਾਰ ਸ਼ਾਂਤਮਈ ਅਜ਼ਾਦੀ ਦੀ ਲੜਾਈ ਲੜਨ ਲਈ ਨਾ-ਮਿਲਵਰਤ ਅਤੇ ਪੂਰਨ ਬਾਈਕਾਟ ਦੇ ਸਿਧਾਂਤ ਨੂੰ ਸਭ ਤੋਂ ਪਹਿਲੇ ਵਰਤਣ ਵਾਲੇ ਭਾਰਤੀ ਹੋਏ ਹਨ

### ਐਨਸਾਈਕਲੋਪੀਡੀਆ ਆਫ ਬ੍ਰਿਟੈਨਿਕਾ

(ਗੁਰੂ) ਰਾਮ ਸਿੰਘ ਸਿੱਖ ਫ਼ਿਲਾਸਫ਼ਰ ਤੇ ਸੁਧਾਰਕ ਅਤੇ ਅੰਗ੍ਰੇਜ਼ੀ ਵਪਾਰ, ਮਾ ਅਤੇ ਨੌਕਰੀਆਂ ਪ੍ਰਤੀ ਨਾ-ਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦ ਹਥਿਆਰ ਬਣਾ ਕੇ ਵਰਤਨ ਵਾਲਾ ਪਹਿਲਾ ਭਾਰਤੀ ਹੈ।

## ਨੇਤਾ ਜੀ ਸੁਭਾਸ਼ ਚੰਦਰ ਬੋਸ

ਜੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਅਜ਼ਾਦ ਹਿੰਦ ਫ਼ੌਜ ਦਾ ਸੰਗਠਨ ਕੀਤਾ ਅਤੇ ਆਪਣਾ ਕੇਂਦਰ ਬੈਂਕੋਕ (ਥਾਈਲੈਂਡ) ਬਣਾਇਆ ਤਾਂ ਉਥੋਂ ਦੇ ਨਾਮਧਾਰੀ ਸਿੱਖਾਂ ਨੇ ਤਨ, ਮਨ ਅਤੇ ਧਨ ਨਾਲ ਨੇਤਾ ਜੀ ਦਾ ਸਾਥ ਦਿੱਤਾ। ਨੇਤਾ ਜੀ ਨੇ ਉਸ ਵਕਤ ਜੋ ਸ਼ਬਦ ਕਹੇ :

ਗੁਰੂ ਰਾਮ ਸਿੰਘ ਕੇ ਫਹਿਰਾਏ ਹੂਏ ਅਜ਼ਾਦੀ ਕੇ ਝੰਡੇ ਕੇ ਨੀਚੇ ਨਾਮਧਾਰੀ ਕੂਕੋਂ ਨੇ ਜੋ ਕੁਰਬਾਨੀਆਂ ਕੀ ਹੈਂ, ਉਨ ਪਰ ਦੇਸ਼ ਸਦਾ ਗੌਰਵ ਕਰੇਗਾ। ਅਬ ਫਿਰ ਭਾਰਤੀਓ ਕੇ ਦੇਸ਼ ਪ੍ਰੇਮ ਕੀ ਪਰੀਖਸ਼ਾ ਹੋਨੇ ਵਾਲੀ ਹੈ ਔਰ ਸਦੀਓਂ ਸੇ ਅਹਿੰਸਾਤਮਕ ਅਸਹਿਯੋਗ ਅੰਦੋਲਨ ਕਾ ਅਨੁਭਵ ਰਖਨੇ ਵਾਲੇ ਨਾਮਧਾਰੀ ਵੀਰ ਕੂਕੋਂ ਸੇ ਯਹੀ ਆਸ਼ਾ ਹੈ ਕਿ ਵੁਹ ਸਵਤੰਤਰਤਾ ਕਾ ਝੰਡਾ ਉਠਾ ਕਰ ਆਗੇ-ਆਗੇ ਬੜ੍ਹਤੇ ਦਿਖਾਈ ਦੇਤੇ ਰਹੇਂਗੇ ਔਰ ਦੂਸਰੇ ਦੇਸ਼ ਵਾਸੀਓਂ ਕੋ ਭੀ ਬਲੀਦਾਨ ਕੇ ਲੀਏ ਉਤਸਾਹਿਤ ਕਰਤੇ ਰਹੇਂਗੇ।

ਗ਼ਦਰ ਪਾਰਟੀ ਦੇ ਨਾਮ ਨਾਲ ਮਸ਼ਹੂਰ ਹੋਈ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਜੀ ਭਕਨਾ ਪ੍ਰਸਿੱਧ ਨਾਮਧਾਰੀ ਸੰਤ ਕੇਸਰ ਸਿੰਘ ਜੀ ਮੁਹਾਵੇ ਵਾਲਿਆਂ ਦੇ ਚੇਲੇ ਸਨ ਜਿਨ੍ਹਾਂ ਨੇ ਜੰਗ-ਏ-ਅਜ਼ਾਦੀ ਦਾ ਬਿਗਲ ਵਿਦੇਸ਼ਾਂ ਵਿੱਚ ਵੀ ਵਜਾ ਦਿੱਤਾ।

## ਬਾਬਾ ਸੋਹਣ ਸਿੰਘ ਜੀ ਭਕਨਾ

ਬਾਬਾ ਕੇਸਰ ਸਿੰਘ ਜੀ ਤੋਂ ਮੈਨੂੰ ਸੇਵਕ ਬਣਨ ਦੀ ਚੇਟਕ ਲੱਗੀ ਜੋ ਅਗਲਿਆਂ ਸਾਲਾਂ ਵਿਚ ਇਸ਼ਕ ਦੀ ਹੱਦ ਤੱਕ ਪੁੱਜ ਗਈ। ਨਾਮਧਾਰੀਆਂ ਵਲੋਂ ਅੰਗਰੇਜ਼ਾਂ ਦੀਆਂ ਕਚਹਿਰੀਆਂ, ਨੌਕਰੀਆਂ ਅਤੇ ਡਾਕਖਾਨਿਆਂ ਇਥੋਂ ਤੱਕ ਕਿ ਰੇਲਾਂ ਦਾ, ਜਿੰਨਾਂ ਮੁਕੰਮਲ ਬਾਈਕਾਟ ਮੈਂ ਡਿਠਾ ਹੈ, ਉਸ ਦੀ ਨਕਲ ਮਾਤਰ ਵੀ ਕਾਂਗਰਸ ਦੀ ਨਾ-ਮਿਲਵਰਤਨ ਲਹਿਰ ਨਹੀਂ ਸੀ। ਮੈਂ 1896 ਤੋਂ 1908 ਤੱਕ ਬਾਬਾ ਜੀ ਦੀ ਸੰਗਤ ਵਿੱਚ ਰਿਹਾ। ਸੱਚੀ ਗੱਲ ਤਾਂ ਇਹ ਹੈ ਕਿ ਹੁਣ ਮੈਂ ਜੋ ਜੀਵਨ ਜੀ ਰਿਹਾਂ ਹਾਂ ਇਹ ਸੱਭ ਉਹਨਾਂ ਦੀ ਸੰਗਤ ਦਾ ਹੀ ਪ੍ਰਤਾਪ ਹੈ। ਜੇ ਉਹ ਮੈਨੂੰ ਹਾਣੀਆਂ ਦੇ ਉਸ ਨਰਕੀ ਜਾਲ ਵਿੱਚੋਂ ਨਾ ਕਢਦੇ, ਤਾਂ ਮੈਂ ਗੋਹੇ ਦੀ ਸੁੰਡੀ ਵਾਂਗ ਕਦੇ ਦਾ ਮਰ ਖੱਪ ਗਿਆ ਹੁੰਦਾ।

ਭਾਰਤ ਦਾ ਇਤਿਹਾਸ ਲਿਖਦਿਆਂ ਸ੍ਰੀ ਬੀ. ਡੀ. ਸ਼ੈਦਾ ਤੇ ਸ੍ਰ. ਅਮਰ ਸਿੰਘ ਭਾਟੀਆ ਨੇ ਜ਼ੋਰਦਾਰ ਸ਼ਬਦਾਂ ਵਿੱਚ ਜੋ ਰਾਇ ਪ੍ਰਗਟ ਕੀਤੀ :-

ਅਸੀਂ ਵੇਖਦੇ ਹਾਂ ਕਿ ਨਾਮਧਾਰੀ ਨਾ ਕੇਵਲ ਆਜ਼ਾਦੀ ਦੀ ਜੰਗ ਦੇ ਮੋਢੀ ਹੀ ਸਨ ਸਗੋਂ ਉਨ੍ਹਾਂ ਨੇ ਹੀ ਨਾ-ਮਿਲਵਰਤਨ, ਸਵਦੇਸ਼ੀ, ਅਹਿੰਸਾ ਅਤੇ ਸਿਵਲ ਨਾ-ਫੁਰਮਾਨੀ ਆਦਿ ਦਾ ਆਰੰਭ ਕੀਤਾ ਜੋ ਬਾਅਦ ਵਿੱਚ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਅਸਰਦਾਰ ਰਾਜਸੀ ਹੱਥਿਆਰ ਵਜੋਂ ਬਰਤਾਨਵੀ ਸਾਮਰਾਜ ਵਿਰੁੱਧ ਅਪਣਾ ਲਏ।

- ਭਾਰਤ ਦਾ ਇਤਿਹਾਸ

ਬਾਬਾ ਰਾਮ ਸਿੰਘ ਗੁਰੂ ਸਾਹਿਬਾਂ ਦੇ ਚਲਾਏ ਹੋਏ ਮਾਰਗ ਦੇ ਬਾਨੀ ਹਨ, ਬਾਬਾ ਜੀ ਕਿਸੇ ਓਪਰੇ ਮਜ਼ਹਬ ਦੇ ਬਾਨੀ ਨਹੀਂ ਹੋਏ।

ਆਪ ਸਿੱਖ ਸੈਨਾ ਦੇ ਸਿਪਾਹੀ ਸਨ, ਜਦ ਲਹੌਰ ਦਰਬਾਰ ਨੇ ਸਰਹੱਦੀ ਇਲਾਕੇ ਦੀ ਸੁਧਾਈ ਲਈ ਚੜ੍ਹਾਈ ਕੀਤੀ ਸੀ, ਇਹ ਨਾਲ ਸਨ। ਹਜਰੋਂ ਦੇ ਮੁਕਾਮ ਤੇ ਆਪ ਦੀ ਬਾਬਾ ਬਾਲਕ ਸਿੰਘ ਜੀ ਨਾਲ ਭੇਂਟ ਹੋਈ। ਬਾਬਾ ਜੀ ਆਪਨੇ ਸਮੇਂ ਦੇ ਸਿਧ ਤੇ ਪੂਰਨ ਪੁਰਖ ਸਨ। ਵੇਖਦੇ ਹੀ ਸਮਝ ਗਏ ਕਿ ਇਹ ਸਿਪਾਹੀ ਕਲਗੀਧਰ ਜੀ ਦੀ ਮੁਕਤੀ ਫੌਜ ਦਾ ਜਰਨੈਲ ਬਣਗੋ, ਇਹਨਾਂ ਨੂੰ ਆਪਣੇ ਪਾਸ ਬਿਠਾਇਆ ਤੇ ਨਾਮ ਦਿੱਤਾ।

ਬਾਬਾ ਬਾਲਕ ਸਿੰਘ ਜੀ ਦੀ ਦਿੱਤੀ ਨਾਮ ਦੀ ਕਣੀ ਅਫੱਲ ਜਾਣ ਵਾਲੀ ਨਹੀਂ ਸੀ। ਉਹਨਾਂ ਨੇ ਵੇਖਕੇ ਬੀਜ ਪਾਇਆ ਸੀ। ਥੋੜ੍ਹੇ ਚਿਰ ਵਿਚ ਹੀ ਬਾਬਾ ਰਾਮ ਸਿੰਘ ਜੀ ਦੇ ਅੰਦਰ ਪ੍ਰੇਮ ਰੋਮ ਰੋਮ ਵਿਚ ਸਮਾ ਗਿਆ, ਚਿਹਰੇ ਤੇ ਜਲਾਲ ਛਾ ਗਿਆ, ਮੱਥੇ ਤੇ ਨੂਰ ਚਮਕਣ ਲੱਗਾ, ਅੱਖਾਂ ਸਰੂਰ ਵਿੱਚ ਹੋ ਗਈਆਂ। ਨਾਮ ਵਿਹੂਣੇ ਜਗਤ ਨੂੰ "ਵਾਹਿਗੁਰੂ" ਨਾਲ ਜੋੜਨ ਦੀ ਅਕਾਂਖਿਆ ਸੀਨੇ ਵਿੱਚ ਪ੍ਰਬਲ ਹੋ ਉਠੀ ਤੇ ਆਪ ਨੇ ਸਿੱਖੀ ਦੇ ਪ੍ਰਚਾਰ ਨੂੰ ਆਪਣਾ ਮੁੱਖ ਪ੍ਰਯੋਜਨ ਬਣਾ ਲਿਆ। ਪਿੰਡ ਪਿੰਡ ਦੀਵਾਨ ਸਜਨ ਲੱਗੇ, ਅੰਮ੍ਰਿਤ ਦੇ ਬਾਟੇ ਤਿਆਰ ਹੋਣ ਲੱਗੇ। ਜਿਸਨੇ ਆਪ ਦੀ ਪਵਿਤ੍ਰ ਰਸਨਾ ਤੋਂ ਉਪਦੇਸ਼ ਸੁਣਿਆ ਉਹ ਮੋਹਿਤ ਹੋ ਗਿਆ। ਜੋ ਉਹਨਾਂ ਦੀ ਸੰਗਤ ਵਿੱਚ ਆਇਆ ਸਿਦਕ ਨਾਲ ਭਰ ਗਿਆ। ਜਿਸਨੇ ਇਹਨਾਂ ਦੀ ਰਹਿਣੀ ਵੇਖੀ, ਚਲੂਲੇ ਰੰਗ ਵਿੱਚ ਰੰਗਿਆ ਗਿਆ। ਇਤਿਹਾਸ ਦਸਦਾ ਹੈ, ਨਾ ਕੇਵਲ ਇਤਿਹਾਸ ਦਸਦਾ ਹੈ ਬਲਕਿ ਇਸ ਅਲੌਕਿਕ ਦ੍ਰਿਸ਼ ਨੂੰ ਅੱਖੀ ਵੇਖਣ ਵਾਲੇ ਦਸਦੇ ਹਨ ਕਿ ਸੈਂਕੜੇ ਤੇ ਹਜ਼ਾਰਾਂ ਨਹੀਂ ਬਲਕਿ ਲੱਖਾਂ ਆਦਮੀ ਆਪ ਦੇ ਗਿਰਦ ਜਮ੍ਹਾਂ ਹੋਣ ਲੱਗੇ। ਜਿਨ੍ਹਾਂ ਨੇ ਨਾਮ ਨੂੰ ਆਧਾਰ ਬਣਾ ਲਿਆ ਤੇ ਨਾਮ ਦੇ ਰਸ ਵਿੱਚ ਸਰਸਾਰ ਹੋ ਗਏ।

ਹੁਣ ਭੀ ਦੇਖਣ ਵਿੱਚ ਆਉਂਦਾ ਹੈ ਕਿ ਗੁਰਬਾਣੀ ਸੁਣਦੇ ਹੀ ਨਾਮਧਾਰੀ ਬਿਹਬਲ ਹੋ ਉਠਦੇ ਹਨ। ਇਸ ਗਏ ਗੁਜ਼ਰੇ ਜਮਾਨੇ ਵਿਚ ਵੀ ਨਾਮਧਾਰੀ ਵੀਰਾਂ ਦੀ ਸਾਦਗੀ, ਗੁਰਬਾਣੀ ਪ੍ਰਤੀ ਪਿਆਰ, ਗੁਰ-ਮਰਿਯਾਦਾ ਵਿਚ ਪ੍ਰਪੱਕਤਾ ਤੇ ਰਹਿਤ ਬਹਿਤ ਦੀ ਦ੍ਰਿੜਤਾ ਅਜਿਹੇ ਗੁਣ ਹਨ, ਜਿਨ੍ਹਾਂ ਤੋਂ ਅਜ ਵੀ ਰਹਿਨੁਮਾਈ ਲਈ ਜਾ ਸਕਦੀ ਹੈ।

ਬਾਬਾ ਰਾਮ ਸਿੰਘ ਜੀ ਉਹ ਮਹਾਨ ਹਸਤੀ ਹਨ, ਜਿਨ੍ਹਾਂ ਦੀ ਰਾਹੀਂ ਸੈਂਕੜੇ ਨਹੀਂ ਹਜ਼ਾਰਾਂ ਤੇ ਲੱਖਾਂ ਰੂਹਾਂ ਸਿੱਖੀ ਮੰਡਲ ਵਿੱਚ ਆਈਆਂ। ਕਲਗੀ ਵਾਲੇ ਦੇ ਜਹਾਜ਼ ਤੇ ਚੜ੍ਹੀਆਂ ਤੇ ਸੁਖੀ ਹੋਈਆਂ। ਮੈਨੂੰ ਇਹ ਗਲ ਲਿਖਦਿਆਂ ਰਤਾ ਜਿੰਨੀ ਵੀ ਝਿਜਕ ਨਹੀਂ ਕਿ ਲਾਹੌਰ ਸਿੱਖ ਦਰਬਾਰ ਦਾ ਸੂਰਜ ਅਸਤ ਹੋਣ ਦੇ ਦਿਨ ਤੋਂ ਲੈ ਕੇ ਅਜ ਤਕ ਕੋਈ

ਵੀ ਅਜਿਹੀ ਵਿਅਕਤੀ ਵੇਖਣ ਵਿਚ ਨਹੀਂ ਆਈ, ਜਿਸਨੇ ਗੁਰਬਾਣੀ, ਗੁਰਮਤਿ ਅਤੇ ਅੰਮ੍ਰਿਤ ਦਾ ਇਤਨਾ ਪ੍ਰਚਾਰ ਕੀਤਾ ਹੋਵੇ, ਜਿੰਨਾਂ ਕਿ ਬਾਬਾ ਰਾਮ ਸਿੰਘ ਜੀ ਨੇ ਕੀਤਾ ਹੈ।" -ਨੰਦੇੜੋਂ ਬਾਦ ਦਾ ਜੀਵਨ, 1962 ਈ: ਸਫ਼ਾ 212 ਤੋਂ 215

## ਮਾ. ਤਾਰਾ ਸਿੰਘ ਜੀ

ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਉਹਨਾਂ ਨੇ ਸਿੱਖਾਂ ਵਿੱਚ ਗੁਰਮਤਿ ਨੂੰ ਪਰਵਿਰਤ ਕੀਤਾ ਅਤੇ ਬਦੇਸ਼ੀ ਸਰਕਾਰ ਦੇ ਵਿਰੁੱਧ ਨਾ-ਮਿਲਵਰਤਨ ਦੀ ਲਹਿਰ ਚਲਾ ਕੇ ਸਿੱਖਾਂ ਨੂੰ ਦੇਸ਼-ਭਗਤ ਦੀ ਸੰਥਾ ਪੜ੍ਹਾਈ।

## ਪ੍ਰਿੰਸੀਪਲ ਛਬੀਲ ਦਾਸ ਚਮਨ

ਇਹ ਠੀਕ ਹੈ ਕਿ ਆਪਣੇ ਪੈਰਾਂ ਉੱਤੇ ਖੜੇ ਹੋਣ ਦੀ ਸਿੱਖਿਆ ਦੇਸ਼ ਨੇ ਨਾ-ਮਿਲਵਰਤਨ ਦੇ ਬਾਨੀ ਮਹਾਤਮਾ ਗਾਂਧੀ ਤੋਂ ਪ੍ਰਾਪਤ ਕੀਤੀ। ਪਰ ਸੱਚ ਪੁੱਛਿਆ ਜਾਵੇ ਤਾਂ ਇਸ ਸਿੱਖਿਆ ਦੇ ਦਾਤਾ ਸਭ ਤੋਂ ਪਹਿਲੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਹੀ ਹਨ।

## ਪੰਥ ਰਤਨ ਗਿਆਨੀ ਹੀਰਾ ਸਿੰਘ ਜੀ 'ਦਰਦ' ਐਡੀਟਰ 'ਫੁਲਵਾੜੀ'

ਮੇਰੇ ਹਿਰਦੇ ਵਿੱਚ ਦਿਨੋਂ ਦਿਨ ਸ੍ਰੀ ਬਾਬਾ ਰਾਮ ਸਿੰਘ ਜੀ ਲਈ ਪਿਆਰ ਤੇ ਸ਼ਰਧਾ ਵਧ ਰਹੀ ਹੈ। ਮੈਂ ਇਉਂ ਮਹਿਸੂਸ ਕਰ ਰਿਹਾ ਹਾਂ ਕਿ ਬਾਬਾ ਜੀ ਨਾਲ ਪੰਥ ਨੇ ਇਨਸਾਫ਼ ਨਹੀਂ ਕੀਤਾ ਅਤੇ ਉਨ੍ਹਾਂ ਨੇ ਪੰਥ ਵਿੱਚ ਜਾਗਰਤੀ ਲਿਆਉਣ ਲਈ, ਨਵੇਂ ਸਿਰੇ ਜਥੇਬੰਦੀ ਕਰਨ ਲਈ ਅਤੇ ਪੰਥ ਦੀ ਗਿਰੀ ਹੋਈ ਅਵਸਥਾ ਨੂੰ ਉੱਚਾ ਕਰਨ ਲਈ ਜੋ ਭਾਰੀ ਕੁਰਬਾਨੀ ਕੀਤੀ ਹੈ, ਉਸ ਦੀ ਯੋਗ ਕਦਰ ਨਹੀਂ ਹੋਈ।

*-ਸਤਿਜੁਗ ਸੰਨ 1931*

"ਸਿੱਖ ਰਾਜ ਤੋਂ ਮਗਰੋਂ ਅਤੇ ਅਕਾਲੀ ਲਹਿਰ ਤੋਂ ਪਹਿਲਾਂ ਅਰਥਾਤ 1850 ਤੋਂ 1920 ਦੇ ਵਿਚਕਾਰਲੇ ਸੱਤਰ ਵਰ੍ਹਿਆਂ ਵਿਚ ਪੰਥ ਨੇ ਜੋ ਸਭ ਤੋਂ ਵੱਡਾ ਮਹਾਂਪੁਰਸ਼ ਸੂਰਬੀਰ ਅਤੇ ਆਗੂ ਪੈਦਾ ਕੀਤਾ ਉਹ ਬਾਬਾ ਰਾਮ ਸਿੰਘ ਜੀ ਸਨ।"

ਸਤਿਜੁਗ ਮਾਘ 1994

## ਸ੍ਰ: ਲਹੌਰਾ ਸਿੰਘ ਸਕੱਤਰ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ,

"ਇਹ ਗੱਲ ਅਸੀਂ ਡੰਕੇ ਦੀ ਚੋਟ ਨਾਲ ਆਖਣ ਨੂੰ ਤਿਆਰ ਹਾਂ ਕਿ ਗੁਰਸਿੱਖੀ ਦਾ ਨਮੂਨਾ, ਸਿਦਕ ਦਾ ਖਜ਼ਾਨਾ, ਸੱਤ ਧਰਮ ਦਾ ਪ੍ਰਚਾਰਕ, ਹਿਰਦੇ ਦਰਦ, ਅਰ ਦੇਸ਼ ਸੇਵਾ ਦਾ ਚਾਊ ਰੱਖਣ ਵਾਲਾ, ਪਾਪ ਕਰਮ ਤੋਂ ਹੋੜਨ ਵਾਲਾ, ਉਧਾਰ ਤੇ ਸੁਧਾਰ ਲਈ ਜਨਮ ਲੈਣ ਵਾਲਾ, ਸ੍ਰੀ ਬਾਬਾ ਰਾਮ ਸਿੰਘ ਜੀ ਹੀ ਆਪਣੇ ਨਮੂਨੇ ਸਮੇਂ ਦਾ ਅਵਤਾਰ ਅਤੇ ਦੇਸ਼ ਰਖਿਅਕ ਸੀ।" ਸਤਿਜੁਗ ਮਾਘ 1988

## ਭਾਈ ਸੇਵਾ ਸਿੰਘ ਸੰਪਾਦਕ ਖਾਲਸਾ ਸਮਾਚਾਰ

"ਬਾਬਾ ਰਾਮ ਸਿੰਘ ਜੀ ਉਹ ਮਹਾਨ ਹਸਤੀ ਸਨ, ਜਿਨ੍ਹਾਂ ਦੇ ਰਾਹੀਂ ਸੈਂਕੜੇ ਨਹੀਂ, ਹਜ਼ਾਰਾਂ ਰੂਹਾਂ ਸਿੱਖੀ ਮੰਡਲ ਵਿਚ ਆਈਆਂ। ਕਲਗੀ ਵਾਲੇ ਦੇ ਜਹਾਜ਼ ਚੜ੍ਹੀਆਂ ਤੇ ਸੁਖੀ ਹੋਈਆਂ। ਮੈਨੂੰ ਇਹ ਗਲ ਲਿਖਦਿਆਂ ਰਤਾ ਜਿੰਨਾ ਵੀ ਸੰਕੋਚ ਨਹੀਂ ਕਿ ਲਹੌਰ ਸਿੱਖ ਦਰਬਾਰ ਦਾ ਸੂਰਜ ਅਸਤ ਹੋਣ ਦੇ ਦਿਨ ਤੋਂ ਲੈ ਕੇ ਅਜ ਤੱਕ ਕੋਈ ਵੀ ਅਜਿਹਾ ਵਿਅਕਤੀ ਵੇਖਣ ਵਿੱਚ ਨਹੀਂ ਆਇਆ, ਜਿਸਨੇ ਗੁਰਬਾਣੀ, ਗੁਰਮਤ ਤੇ ਅੰਮ੍ਰਿਤ ਦਾ ਏਨਾ ਪ੍ਰਚਾਰ ਕੀਤਾ ਹੋਵੇ, ਜਿੰਨਾ ਕਿ ਬਾਬਾ ਰਾਮ ਸਿੰਘ ਜੀ ਨੇ ਕੀਤਾ ਸੀ।"

ਸਤਿਜੁਗ ਮਾਘ, 1988

## ਸ. ਸ. ਚਰਨ ਸਿੰਘ ਜੀ ਚੀਫ਼ ਐਡੀਟਰ "ਮੌਜੀ"

ਜੇ ਉਸ ਵੇਲੇ ਬਾਬਾ ਰਾਮ ਸਿੰਘ ਜੀ ਨਾਮ ਤੇ ਗੁਰਬਾਣੀ ਕੀਰਤਨ ਦੀ ਲਹਿਰ ਨਾ ਚਲਾਉਂਦੇ ਤਾਂ ਪਤਾ ਨਹੀਂ ਅਸੀਂ ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਅਰ ਬਾਣੀ ਤੇ ਸਿੱਖੀ ਪ੍ਰਚਾਰ ਨੂੰ ਮੌਜੂਦਾ ਸ਼ਕਲ ਵਿੱਚ ਦੇਖ ਸਕਦੇ ਜਾਂ ਨਾ ?

*- ਸਤਿਜੁਗ ਸੰਨ 1933*

## ਸ੍ਰ. ਗੁਰਬਖਸ਼ ਸਿੰਘ 'ਪ੍ਰੀਤਲੜੀ'

ਇਹ ਕ੍ਰਿਸ਼ਮਾ ਮਹਾਰਾਜ ਰਾਮ ਸਿੰਘ ਜੀ ਦੀ ਬਸੰਤੀ ਰੀਝ ਦਾ ਹੈ, ਜਿਸ ਰੀਝ ਨਾਲ ਉਹਨਾਂ ਹਿੰਦੁਸਤਾਨ ਨੂੰ ਇੱਕ ਸੁਤੰਤ੍ਰ ਦੇਸ਼ ਬਣਾਉਣ ਲਈ ਆਪਣਾ ਸਭ ਕੁੱਝ ਅਰਪਣ ਕਰ ਦਿੱਤਾ। ਏਸੇ ਰੀਝ ਨੂੰ ਪੂਰਿਆਂ ਕਰਨ ਲਈ ਉਹਨਾਂ ਆਪਣੇ ਸਿੱਖਾਂ ਨੂੰ ਸੇਵਾ ਦਾ ਸਬਕ ਦਿੱਤਾ। ਮੁੜ ਗੁਰੂ ਗੋਬਿੰਦ ਸਿੰਘ ਸਾਹਿਬ ਵਾਲੀ ਖਾਲਸਾ ਫੌਜ ਸਾਜਣ ਦਾ ਯਤਨ ਕੀਤਾ, ਉਹ ਫੌਜ ਜਿਹੜੀ ਆਪਣੇ ਸੁਆਦਾਂ ਤੇ ਅਰਥਾਂ ਨੂੰ ਲੋਕ ਸੇਵਾ ਤੋਂ ਵਾਰ ਸਕੇ। *- ਸਤਿਜੁਗ ਸੰਨ 1936*

## ਪੰਡਿਤ ਜਵਾਹਰ ਲਾਲ ਨਹਿਰੂ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਮਾਤ੍ਰੀ-ਭੂਮੀ ਨੂੰ ਸੁਤੰਤ੍ਰਤਾ ਦਿਵਾਣ ਲਈ, ਅਜ ਤੋਂ ਪੌਣੀ ਸਦੀ ਪਹਿਲਾਂ, ਜੋ ਮਹਾਨ ਗੌਰਵਤਾ-ਸ਼ਾਲੀ ਪਰੀਸ਼੍ਰਮ ਕੀਤਾ ਸੀ, ਉਸ ਦੀ ਮਹਾਨਤਾ ਤੋਂ ਕੋਈ ਹਿੰਦੁਸਤਾਨੀ ਵੀ ਇਨਕਾਰ ਨਹੀਂ ਕਰ ਸਕਦਾ। ਕਾਂਗਰਸ ਨੇ ਆਪ ਦੇ ਦਿਖਾਏ ਹੋਏ ਰਸਤੇ ਨੂੰ ਅਖਤਿਆਰ ਕਰਕੇ ਸ਼ਾਨਦਾਰ ਕਾਮਯਾਬੀਆਂ ਪ੍ਰਾਪਤ ਕੀਤੀਆਂ ਹਨ ਅਤੇ 75 ਸਾਲ ਦੇ ਲਗਭਗ ਸਮਾਂ ਗੁਜ਼ਰਨ ਦੇ ਉਪਰੰਤ ਵੀ ਉਹ ਪ੍ਰੋਗਰਾਮ ਪੁਰਾਣਾ ਨਹੀਂ ਹੋਇਆ। ਜਿਸਨੂੰ ਅਮਲੀ ਸ਼ਕਲ ਦੇਣ ਹਿਤ ਆਪ ਨੂੰ ਕਠਿਨ ਘਾਲਣਾ ਘਾਲਣੀ ਪਈ ਸੀ। *- ਸਤਿਜੁਗ ਸੰਨ 193*

## ਪ੍ਰਸਿੱਧ ਦੇਸ਼ ਭਗਤ ਲਾਲਾ ਖੁਸ਼ਾਲ ਚੰਦ ਜੀ ਖੁਰਸੰਦ

ਮਾਲਕ ਅਖਬਾਰ ਰੋਜ਼ਾਨਾ 'ਮਿਲਾਪ' ਉਰਦੂ ਅਰ ਹਿੰਦੀ ਲਹੌਰ ਤੋਂ ਫਰਵਰੀ ਸੰਨ 1938 ਈ. ਵਿੱਚ ਲਿਖਦੇ ਹਨ:

ਪਿਛਲੇ ਸਾਲ (ਸੰਨ 1937) ਮੈਂ ਬਰਮਾ ਗਿਆ ਤਾਂ ਉਚੇਚਾ ਉਸ ਸਥਾਨ ਦੇ ਦਰਸ਼ਨ ਕਰਨ ਗਿਆ, ਜਿਥੇ ਗੁਰੂ ਰਾਮ ਸਿੰਘ ਜੀ ਮਹਾਰਾਜ ਨੂੰ ਨਜ਼ਰਬੰਦ ਰੱਖਿਆ ਗਿਆ ਸੀ। ਏਹ ਓਹੀ ਜਗਹ ਹੈ ਜਿਥੇ ਦਿੱਲੀ ਦੇ ਆਖਰੀ ਬਾਦਸ਼ਾਹ ਜ਼ਫਰ ਨੂੰ ਵੀ ਕੈਦ ਰੱਖਿਆ ਗਿਆ ਸੀ। ਏਹ ਜਗਹ ਹੁਣ ਬੰਗਲੇ ਦੇ ਰੂਪ ਵਿੱਚ ਨਜ਼ਰ ਔਂਦੀ ਹੈ। ਇਸ ਜਗਹ ਮਹਾਰਾਜ ਨੂੰ ਕੁੱਝ ਸਾਲ ਰੱਖਕੇ ਫੇਰ ਦੂਸਰੀ ਥਾਂ ਲੈ ਜਾਯਾ ਗਿਆ ਸੀ ਅਤੇ ਉਸੇ ਥਾਂ ਤੋਂ ਮਹਾਰਾਜ ਸੱਚੇ ਯੋਗੀਆਂ ਵਾਂਗ ਲੋਪ ਹੋ ਗਏ ਸਨ। ਅਜ ਤੱਕ ਕੁੱਝ ਪਤਾ ਨਹੀਂ ਲਗਾ ਕਿ ਮਹਾਰਾਜ ਕਿਥੇ ਹਨ। ਮੈਂ ਉਹ ਸਥਾਨ ਵੀ ਦੇਖਿਆ ਹੈ ਅਤੇ ਘੰਟਿਆਂ ਬਧੀ ਖੜੇ ਰਹਿ ਕੇ ਮਹਾਰਾਜ ਦੇ ਤਪ, ਮਹਾਰਾਜ ਦੀਆਂ ਕੁਰਬਾਨੀਆਂ ਅਤੇ ਪਵਿਤ੍ਰ ਸਿਖਿਆ ਨੂੰ ਯਾਦ ਕਰਦੇ ਹੋਏ ਆਂਸੂ ਬਹਾਏ ਹਨ। ਅੰਤ ਮੇਰੇ ਅੰਦਰੋਂ ਏਹੀ ਪ੍ਰਾਰਥਨਾ ਨਿਕਲੀ ਕਿ ਹੇ ਭਗਵਾਨ ! ਭਾਰਤ ਮਾਤਾ ਦਾ ਏਹ ਰਤਨ, ਹਿੰਦੁਸਤਾਨੀਆਂ ਦਾ ਪਿਆਰਾ, ਗਊ ਮਾਤਾ ਦਾ ਏਹ ਰਖਯਕ ਅਰ ਸੱਚਾ ਤੱਪਸਵੀ ਕਿਥੇ ਹੈ। ਕੀ ਫੇਰ ਭੀ ਸਾਨੂੰ ਦਰਸ਼ਨ ਦੇਵੇਗਾ।

## ਸ੍ਰੀ ਮਾਨ ਭਾਈ ਪਰਮਾਨੰਦ ਜੀ M.L.A.

ਅਜ ਭਾਵੇਂ ਇਸਨੂੰ ਅਚਰਜ ਗਲ ਸਮਝਿਆ ਜਾਵੇ ਪਰ ਏਹ ਸਚਾਈ ਹੈ ਕਿ ਉਸ ਜ਼ਮਾਨੇ ਵਿੱਚ ਜਦ ਪੰਜਾਬ ਵਿੱਚ ਅੰਗ੍ਰੇਜ਼ੀ ਰਾਜ ਅਜੇ ਆਯਾ ਹੀ ਸੀ, ਸਤਿਗੁਰੂ ਰਾਮ ਸਿੰਘ ਜੀ ਨੇ ਏਹੀ ਗੁਰ ਦਸਿਆ ਸੀ ਕਿ ਜੇ ਸਭ ਲੋਕ ਸਰਕਾਰ ਨਾਲ ਸਹਿਯੋਗ ਕਰਨਾਂ ਛੱਡ ਦੇਣ ਤਾਂ ਇਸ ਰਾਜ ਦਾ ਚਲਣਾ ਅਸੰਭਵ ਹੋ ਜਾਵੇ। ਉਹਨਾਂ ਨੇ ਆਪਣੇ ਦੇਸ਼ ਵਿੱਚ ਇਨਕਲਾਬ ਲਿਔਣ ਵਾਸਤੇ ਬੜੇ-ਬੜੇ ਸਿਧਾਂਤ ਬਣਾਏ ਜਿਨ੍ਹਾਂ ਦੇ ਅੰਦਰ ਦੇਸ਼ ਦੀ ਅਜ਼ਾਦੀ ਦਾ ਹੀ ਇੱਕ ਭਾਵ ਕੰਮ ਕਰ ਰਿਹਾ ਸੀ। ਏਹ ਹੈ ਸਤਿਗੁਰੂ ਰਾਮ ਸਿੰਘ ਜੀ ਦਾ ਦੱਸਿਆ ਹੋਇਆ ਅਸਹਿਯੋਗ ਯਾ ਨਾਨ-ਕੋ-ਆਪਰੇਸ਼ਨ। ਇਸ ਸਾਮ੍ਹਣੇ ਮਹਾਤਮਾ ਗਾਂਧੀ ਦਾ ਅਸਹਿਯੋਗ ਮਾਤ ਹੋ ਜਾਂਦਾ ਹੈ। *- ਸਤਿਜੁਗ ਸੰਨ 1939*

## ਪ੍ਰਸਿੱਧ ਲੇਖਕ ਸ੍ਰ. ਖੁਸ਼ਵੰਤ ਸਿੰਘ

ਨਾਮਧਾਰੀ ਸਿੱਖਾਂ ਦਾ ਭਾਰਤ ਦੇ ਸੁਤੰਤਰਤਾ ਸੰਘਰਸ਼ ਦੇ ਇਤਿਹਾਸ ਵਿੱਚ ਸ਼ਾਨਦਾਰ ਸਥਾਨ ਹੈ। ਇਹ ਨਾ-ਮਿਲਵਰਤਨ ਅਤੇ ਸੁਦੇਸ਼ੀ ਪ੍ਰਚਾਰ ਨੂੰ ਰਾਜਨੈਤਕੀ ਸ਼ਸਤਰ ਵਰਤਣ ਦੇ ਮੋਢੀ ਹਨ। ਇਹਨਾਂ ਨੇ ਸੰਨ 1860 ਤੋਂ ਪਹਿਲਾਂ ਬਦੇਸ਼ੀ ਮਾਲ, ਸਰਕਾਰੀ ਸਕੂਲ, ਕਚਹਿਰੀਆਂ ਅਤੇ ਡਾਕ ਦਾ ਬਾਈਕਾਟ ਕੀਤਾ। ਇਹਨਾਂ ਨੇ ਮਹਾਤਮਾ ਗਾਂਧੀ

ਦੇ ਖਾਦੀ ਦੇ ਪ੍ਰਚਾਰ ਤੋਂ 90 ਸਾਲ ਪਹਿਲਾਂ ਹੱਥ ਨਾਲ ਬਣੇ ਖੱਦਰ ਨੂੰ ਪਾਉਣ ਤੇ ਜ਼ੋ
ਦਿੱਤਾ।

### ਡਾ: ਦਵਿੰਦਰ ਸਿੰਘ

ਨਾਮਧਾਰੀ ਪੰਥ ਦੀ ਬੁਨਿਆਦ ਵਧੇਰੇ ਕਰਕੇ, ਗੁਰਮਤਿ ਪਰੰਪਰਾ ਦੇ ਪਰਿਪੇਖ ਵਿੱਚ ਹੀ ਮਹੱਤਵ ਰੱਖਦੀ ਹੈ ਅਤੇ ਇਸਦਾ ਅਧਿਆਤਮਕ ਤੇ ਸਮਾਜਕ ਆਧਾਰ, ਗੁਰਮਤਿ ਆਦਰਸ਼ਾਂ ਉਪਰ ਹੀ ਆਧਾਰਿਤ ਹੈ। ਇਸੇ ਲਈ ਬਾਬਾ ਰਾਮ ਸਿੰਘ ਦੁਆਰਾ ਸਥਾਪਤ ਇਹ ਸੰਗਠਨ, ਗੁਰੂ ਨਾਨਕ ਦੁਆਰਾ ਸਥਾਪਤ ਸਿਧਾਂਤਾ ਦੇ ਨਾਲ ਨਾਲ ਜੋ ਵਧੇਰੇ ਕਰਕੇ ਆਤਮਿਕ ਜਾਗ੍ਰਿਤੀ ਦੇ ਸੂਚਕ ਹੋ ਕੇ, ਸਮਾਜਿਕ ਜਾਗ੍ਰਿਤੀ ਲਿਆਉਣ ਲਈ ਪ੍ਰਯਤਨ ਸੀ, ਗੁਰੂ ਗੋਬਿੰਦ ਸਿੰਘ ਦੇ ਰਾਜਨੀਤਕ ਚੇਤਨਾ ਸੰਬੰਧੀ ਉਦੇਸ਼ਾਂ ਨਾਲ ਵੀ ਓਤਪ੍ਰੋਤ ਹੈ। ਇਸੇ ਲਈ ਨਾਮਧਾਰੀ ਪੰਥ ਦੇ ਸਿਧਾਂਤਾ ਨੂੰ ਗੁਰੂ ਨਾਨਕ ਦੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾ ਦਾ ਸਮਨਵੈ ਪ੍ਰਵਾਨ ਕੀਤਾ ਜਾ ਸਕਦਾ ਹੈ।

*- ਪ੍ਰੋਫੈਸਰ ਤੇ ਮੁਖੀ ਪੰਜਾਬੀ ਵਿਭਾਗ, ਜੰਮੂ ਯੂਨੀਵਰਸਿਟੀ*

### ਡਾ: ਕਰਮ ਸਿੰਘ ਕਪੂਰ

ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲਾਂ ਪੰਜਾਬ ਵਿੱਚ ਪ੍ਰਚਾਰ ਦੌਰੇ ਕਰਦਿਆਂ, ਸਿੱਖੀ ਦੀ ਦਾਤ ਦੋਹੀਂ ਹੱਥੀਂ ਲੁਟਾਈ ਅਤੇ ਲੋਕ ਹਿੱਤ ਨੂੰ ਮੁਖ ਰਖਦਿਆਂ ਅੰਮ੍ਰਿਤ ਦੇ ਖੁੱਲ੍ਹੇ ਪ੍ਰਚਾਰ ਲਈ, ਹਰ ਥਾਂ ਖੰਡੇ ਦਾ ਅੰਮ੍ਰਿਤ ਤਿਆਰ ਕਰ, ਛਕਾ ਦੇਣ ਦੀ ਆਗਿਆ ਦਿੱਤੀ। ਇਸਤਰੀਆਂ ਨੂੰ ਖੰਡੇ ਦਾ ਅੰਮ੍ਰਿਤ ਬਖਸ਼ਿਆ ਅਤੇ ਵਿਦਿਆ ਪ੍ਰਾਪਤ ਕਰਨ ਦੀ ਖੁਲ੍ਹ ਦਿੱਤੀ। ਇੱਕ ਅਕਾਲ ਤੇ ਭਰੋਸਾ ਰੱਖਣ ਅਤੇ ਬੁੱਤ ਪੂਜਾ ਨੂੰ ਤਿਆਗਣ ਦਾ ਉਪਦੇਸ਼, ਸਦਾ ਸੱਚ ਬੋਲਣ ਅਤੇ ਬੋਲ-ਕੁਬੋਲ ਸਹਿ ਜਾਣ ਦੀ ਪ੍ਰੇਰਨਾ ਦਿੱਤੀ। ਪੰਜ ਗ੍ਰੰਥੀ ਦੇ ਨਿਤ ਨੇਮ ਨੂੰ ਪ੍ਰਮਾਣਿਕਤਾ ਦਿਤੀ। ਇਸਤਰੀਆਂ ਨੂੰ ਘੁੰਡ ਚੁੱਕ, ਮਰਦਾਂ ਨਾਲ ਬਰਾਬਰ ਦਾ ਮੋਢਾ ਜੋੜਨ ਦਾ ਜ਼ੇਰਾ ਬਖਸ਼ਿਆ। ਜੰਮਦੀਆਂ ਕੁੜੀਆਂ ਨੂੰ ਮਾਰਨ, ਵੱਟੇ ਦੇ ਸਾਕ ਕਰਨ ਅਤੇ ਵਿਆਜ ਲੈਣ ਦੇਣ ਤੋਂ ਹੋੜਿਆ। ਵੇਦੀ ਗੱਡ ਕੇ, ਹਵਨ ਕਰਕੇ, ਸਿੱਧੇ ਸਾਦੇ ਤਰੀਕੇ ਨਾਲ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਤੋਂ ਲਾਵਾਂ ਪੜ੍ਹ ਕੇ ਆਨੰਦ ਕਾਰਜ ਕਰਨ ਦੀ ਮਰਯਾਦਾ ਬੰਨੀ ਅਤੇ ਵਿਆਹ ਦੇ ਸਮੇਂ ਦੇ ਹਰ ਪ੍ਰਕਾਰ ਦੇ ਫਜ਼ੂਲ ਖਰਚ ਦੀ ਮਨਾਹੀ ਕਰ ਦਿੱਤੀ। ਸਰਕਾਰੀ ਅਦਾਲਤ ਵੀ ਉਨ੍ਹਾਂ ਨੂੰ ਇਸ ਮੁਜੱਸ. ਇਰਾਦੇ ਤੋਂ ਵਰਜ ਨਾ ਸਕੀ । ਵਿਧਵਾ ਵਿਆਹ ਦੀ ਰੀਤੀ ਚਲਾਈ ਅਤੇ ਛੋਟੀ ਉਮਰ ਦੀ ਲੜਕੀ ਦੀ ਸ਼ਾਦੀ ਨੂੰ ਮਾਣਤਾ ਦੇਣ ਤੋਂ ਇਨਕਾਰ ਕਰ ਦਿੱਤਾ।

*- ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ*

## ਪ੍ਰਸਿੱਧ ਲੇਖਕ ਗੁਲਵੰਤ ਫਾਰਿਗ

ਅਸਲ ਵਿੱਚ ਦੇਸ਼ ਦੀ ਜੰਗੇ-ਅਜ਼ਾਦੀ ਵਿੱਚ ਮਹਾਤਮਾ ਗਾਂਧੀ ਵਲੋਂ ਚਲਾਈ ਗਈ ਅਹਿੰਸਾ, ਅਸਹਿਯੋਗ, ਬਾਈਕਾਟ, ਸੁਦੇਸ਼ੀ, ਖਾਦੀ, ਸਤਿਆਗ੍ਰਹਿ ਅਤੇ ਸ਼ਾਂਤੀ ਮਾਰਚ ਆਦਿ ਲਹਿਰ ਦੇ ਜਨਮਦਾਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਨ। ਸ਼ਾਂਤੀ, ਸਤਿਆਗ੍ਰਹਿ ਤੇ ਨਾ-ਮਿਲਵਰਤਨ ਦਾ ਜੋ ਰਾਹ ਮਹਾਤਮਾ ਗਾਂਧੀ ਜੀ ਨੇ ਅਪਨਾਇਆ, ਉਸ ਦੇ ਬੀਜ-ਰੂਪ ਸਤਿਗੁਰੂ ਰਾਮ ਸਿੰਘ ਜੀ ਦੇ ਸਤਿਆਗ੍ਰਹਿ ਤੇ ਅਸਹਿਯੋਗ ਆਦਿ ਦੇ ਸਿਧਾਂਤ ਵਿੱਚ ਲੁਪਤ ਸਨ, ਜਿਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਅਨੁਯਾਈਆਂ ਨੇ ਅਮਲੀ ਰੂਪ ਵਿੱਚ ਅਪਨਾਇਆ। ਇਸ ਮਹਾਂਪੁਰਸ਼ ਦੀ ਅਦਭੁਤ-ਅਦੁੱਤੀ ਦੇਣ ਨੇ, ਉਨ੍ਹੀਵੀਂ ਸਦੀ ਦੇ ਦੂਸਰੇ ਅੱਧ ਵਿੱਚ ਅੰਗਰੇਜ਼ ਸਾਮਰਾਜ ਦੀ ਗੁਲਾਮੀ ਦੀ ਘੁੱਪ-ਘੋਰ ਹਨੇਰੀ ਰਾਤ ਵਿੱਚ, ਲਟ-ਲਟ ਬਲਦੇ ਜੀਵਨ ਲਕਸ਼ਾਂ ਤੇ ਅਦਰਸ਼ਾਂ ਦੀ ਇੱਕ ਅਸਲੋਂ ਨਵੀਂ ਸ਼ਮਾਂ ਫ਼ਰੋਸ਼ ਕੀਤੀ।

ਸਤਿਗੁਰੂ ਰਾਮ ਸਿੰਘ ਜੀ ਦੀ ਇਕੋ ਕੂਕ ਨੇ ਇੱਕ ਪਾਸੇ ਆਪਣੇ ਧਰਮ, ਆਚਰਣ ਅਤੇ ਨੈਤਿਕਤਾ ਵਲੋਂ ਅਵੇਸਲੀ ਸਿੱਖ ਕੌਮ ਨੂੰ ਟੁੰਬ ਕੇ ਜਗਾ ਦਿੱਤਾ ਅਤੇ ਦੂਸਰੇ ਪਾਸੇ ਅੰਗਰੇਜ਼ਾਂ ਨੂੰ ਹਿਲਾ ਕੇ ਰੱਖ ਦਿੱਤਾ, ਅੰਦਰੋ ਵੀ ਅਤੇ ਬਾਹਰੋਂ ਵੀ।

ਕੂਕਾ ਲਹਿਰ ਤੋਂ ਅੰਗਰੇਜ਼ ਇੰਨੇ ਬੁਖਲਾ ਗਏ ਕਿ ਸਤਿਗੁਰੂ ਰਾਮ ਸਿੰਘ ਜੀ ਤੋਂ ਇੱਕ ਉੱਚ ਅਧਿਕਾਰੀ ਪੁੱਛਦਾ ਹੈ, ''ਤੁਹਾਡੇ ਏਥੇ ਤੋਪਾਂ ਕਿੱਥੇ ਬਣਦੀਆਂ ਹਨ ?'' ਸਤਿਗੁਰੂ ਜੀ ਨੇ ਆਪਣੀ 108 ਮਣਕਿਆਂ ਦੀ ਮਾਲਾ ਵਿਖਾ ਕੇ ਆਖਿਆ, ''ਇਹੀ ਸਾਡੇ ਕਾਰਖਾਨੇ ਦੀ ਤੋਪ ਹੈ। ਇਸਦੇ 108 ਗੋਲੇ ਹਨ। ਇਹਨਾਂ ਦਾ ਵਾਰ ਕਦੇ ਖਾਲੀ ਨਹੀਂ ਜਾਂਦਾ।''

*-ਸਮਕਾਲੀ ਲੇਖਕ*

ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸੂਬਿਆਂ ਨੂੰ ਜਲਾਵਤਨੀ ਦੇ ਹੁਕਮ ਅਤੇ ਸ੍ਰੀ ਭੈਣੀ ਸਾਹਿਬ ਵਿਖੇ ਪੁਲੀਸ ਦੀ ਚੌਂਕੀ ਦਾ 19 ਫਰਵਰੀ, 1872 ਈ. ਤੋਂ 50 ਸਾਲ ਤੱਕ ਬੈਠਾਈ ਰਖਣਾ, ਇਹ ਪ੍ਰਮਾਣਤ ਕਰਦਾ ਹੈ ਕਿ ਅੰਗਰੇਜ਼ ਹਕੂਮਤ 'ਕੂਕਾ ਲਹਿਰ' ਨੂੰ ਕਿੰਨਾਂ ਖਤਰਨਾਕ ਸਮਝਦੀ ਸੀ। ਪਰ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਮਹਾਨ ਸ਼ਖਸ਼ੀਅਤ ਸਦਕਾ ਜੋ ਅਜ਼ਾਦੀ ਦੀ ਰੂਹ ਦੇਸ਼ ਦੇ ਲੱਖਾਂ ਲੋਕਾਂ ਵਿੱਚ ਉਤਪੰਨ ਕਰ ਦਿੱਤੀ ਸੀ, ਉਹ ਅਖੰਡ ਜੋਤ ਤੇ ਸ਼ਕਤੀ, ਅਬੁੱਝ ਤੇ ਸਦਾ ਰੋਸ਼ਨੀ ਦੇਣ ਵਾਲੀ ਸੀ। ਇਸੇ ਰੋਸ਼ਨੀ ਨੂੰ ਲੈਕੇ ਸ਼ਹੀਦ ਭਗਤ ਸਿੰਘ, ਸ੍ਰ. ਕਰਤਾਰ ਸਿੰਘ ਸਰਾਭਾ, ਸ੍ਰ. ਊਧਮ ਸਿੰਘ ਤੇ ਹੋਰ ਅਨੇਕਾਂ ਮਰਜੀਵੜੇ ਪੈਦਾ ਹੋ ਗਏ, ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਖਾਤਿਰ ਆਪਣਾ ਆਪ ਨਿਛਾਵਰ ਕਰ ਦਿੱਤਾ ਅਤੇ ਹੋਰ ਕਈ ਲਹਿਰਾਂ ਨੂੰ ਜਨਮ ਦਿੱਤਾ।

# ਭਾਰਤ ਦੇਸ਼ ਦਾ ਪਿਤਾਮਾ

## ਪ੍ਰਸਿੱਧ ਦੇਸ਼ ਭਗਤ, ਗਾਂਧੀਵਾਦੀ, ਪੰ: ਸੁੰਦਰ ਲਾਲ ਜੀ

''ਗੁਰੂ ਰਾਮ ਸਿੰਘ ਮੇਰੇ ਦਾਦਾ ਗੁਰੂ ਹਨ, ਕਿਉਂ ਜੁ ਮਹਾਤਮਾ ਗਾਂਧੀ ਜੀ ਮੇਰੇ ਗੁਰੂ ਹਨ ਅਤੇ ਗਾਂਧੀ ਜੀ ਦੇ ਗੁਰੂ ਸਤਿਗੁਰੂ ਰਾਮ ਸਿੰਘ ਜੀ ਹਨ।''

ਜਿਸ ਸਬਰ ਨਾਲ ਇਹ ਸੰਗਠਨ ਸੁਦ੍ਰਿੜ ਤੇ ਇਕਮੁੱਠ ਹੋ ਕੇ ਤੁਰਦਾ ਆਇਆ ਹੈ, ਉਸ ਨਾਲ ਨਾਮਧਾਰੀ ਸੰਪ੍ਰਦਾਏ ਅਤੇ ਭਾਰਤ ਦੀ ਸੁਤੰਤਰਤਾ ਸੰਗ੍ਰਾਮ ਦੇ ਇਸ ਮਹਾਨ ਯੋਧੇ ਨੂੰ **'ਭਾਰਤ ਦੇਸ਼ ਦਾ ਪਿਤਾਮਾ'** ਕਿਹਾ ਜਾਣਾ ਬਣਦਾ ਹੈ। ਕਿਉਂ ਜੁ ਇਸ ਸਮਾਜ ਦਾ ਅਜ਼ਾਦੀ ਸੰਗ੍ਰਾਮ ਵਿੱਚ ਪਾਇਆ ਗਿਆ ਵਿਸ਼ੇਸ਼ ਯੋਗਦਾਨ ਦਾ ਲੇਖਾ ਜੋਖਾ ਬਹੁਤ ਹੀ ਮੁੱਲਵਾਨ ਤੇ ਮਹਾਨ ਹੋ ਨਿਬੜਦਾ ਹੈ।

## ਗੁਰਦੁਆਰਾ ਗਜ਼ਟ

ਭਾਰਤ ਦੀ ਅਜ਼ਾਦੀ ਦੇ ਸੰਗਰਾਮ ਦੀ ਸਾਰੇ ਸੰਸਾਰ ਵਿੱਚ ਸਰਕਾਰੀ ਪੱਧਰ ਤੇ ਜੋ ਪਬਲਿਸਟੀ ਵੀ ਕੀਤੀ ਜਾਵੇ, ਉਸ ਵਿੱਚ ਇਹ ਠੋਕ ਵਜਾ ਕੇ ਦਸਿਆ ਜਾਵੇ ਕਿ ਦੇਸ਼ ਦੀ ਅਜ਼ਾਦੀ ਦੀ ਬੁਨਿਆਦ ਰੱਖਣ ਵਾਲੇ ਬਾਬਾ ਰਾਮ ਸਿੰਘ ਜੀ ਸਨ। ਜਿਨ੍ਹਾਂ ਕਾਂਗਰਸ ਦੇ ਜਨਮ ਤੋਂ ਵੀ ਬਹੁਤ ਪਹਿਲਾਂ ਜ਼ਾਬਰ ਅੰਗਰੇਜ਼ ਸਰਕਾਰ ਨਾਲ ਲੋਹਾ ਲਿਆ। ਸ਼ਾਂਤਮਈ ਦੀ ਸ਼ਾਨਦਾਰ ਜੰਗ ਲੜੀ। ਅੰਗਰੇਜ਼ ਵਿਰੁੱਧ ਨਾ-ਮਿਲਵਰਤਨ ਦੀ ਲਹਿਰ ਚਲਾਈ। ਸਰਕਾਰੀ ਡਾਕਖਾਨਿਆਂ ਦਾ, ਕਾਰਖਾਨਿਆਂ ਦਾ, ਰੇਲਾਂ ਦਾ ਅਤੇ ਹੋਰ ਸਰਕਾਰੀ ਦਫ਼ਤਰਾਂ ਦਾ ਬਾਈਕਾਟ ਕੀਤਾ। ਸੁਦੇਸ਼ੀ ਲਹਿਰ ਦੇ ਵੀ ਬਾਨੀ ਬਾਬਾ ਰਾਮ ਸਿੰਘ ਜੀ ਹੀ ਸਨ ਅਤੇ ਜੋ ਜਲਾਵਤਨ ਕੀਤੇ ਗਏ ਪਹਿਲੇ ਸਿਆਸੀ ਆਗੂ ਸਨ।......... ਜੇ ਸਾਡੇ ਦੇਸ਼ ਵਿੱਚ ਤੰਗ-ਨਜ਼ਰੀਆਂ ਨਾ ਹੁੰਦਾ ਅੱਜ ਆਪ ''ਫਾਦਰ ਆਫ਼ ਦੀ ਨੇਸ਼ਨ'' ਕਰਕੇ ਪੂਜੇ ਜਾਂਦੇ। - *ਜੂਨ 1972 ਈ:*

## ਸ੍ਰ: ਸੰਤੋਖ ਸਿੰਘ ਧੀਰ

ਇਹ ਸਵਦੇਸ਼ੀ ਲਹਿਰ ਸੀ ਜੋ ਅੱਜਕਲ੍ਹ ਮਹਾਤਮਾ ਗਾਂਧੀ ਜੀ ਦੇ ਨਾਂ ਨਾਲ ਜੁੜੀ ਹੋਈ ਹੈ। ਪਰ ਇਸਦੇ ਸਭ ਤੋਂ ਪਹਿਲੇ ਸਿਰਜਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਨ। ਜੇ ਮਹਾਤਮਾ ਗਾਂਧੀ ਸਾਡੇ ''ਰਾਸ਼ਟਰ ਪਿਤਾ'' ਹਨ ਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ''ਰਾਸ਼ਟਰ ਦੇ ਪਿਤਾਮਾ'' ਹਨ। ਰਾਸ਼ਟਰ ਨੂੰ ਉਹਨਾਂ ਅੱਗੇ ਸਿਰ ਝੁਕਾਉਣਾ ਚਾਹੀਦਾ ਹੈ। -*''ਭੈਣੀ ਸਾਹਿਬ ਦੀ ਜਵਾਲਾ''* ਵਿੱਚੋਂ

## ਡਾ. ਫ਼ੌਜਾ ਸਿੰਘ

The Kukas dreamt of Independence from the British Yoke, planned for it, devised a technique of struggle, Threw themselves zealously into it and showed no faltering in sacrifices how so ever great for it.

ਕੂਕਿਆਂ ਨੇ ਅੰਗ੍ਰੇਜ਼ੀ ਸਾਮਰਾਜ ਦੇ ਜੂਲੇ ਤੋਂ ਆਜ਼ਾਦੀ ਦਾ ਸੁਪਨਾ ਲਿਆ, ਇਸ ਦੇ ਲਈ ਯੋਜਨਾ ਬਣਾਈ, ਜਦੋਜਹਿਦ ਦੀ ਤਕਨੀਕ ਏਜਾਦ ਕੀਤੀ, ਆਪਣੇ ਆਪ ਨੂੰ ਗਰਮ ਜੋਸ਼ੀ ਨਾਲ ਇਸ ਵਿੱਚ ਸੁੱਟ ਦਿੱਤਾ ਅਤੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਤੋਂ ਜ਼ਰਾ ਵੀ ਝਿਜਕ ਨਹੀਂ ਵਿਖਾਈ। -*'ਕੂਕਾ ਮੂਵਮੈਂਟ' ਦੀ ਭੂਮਿਕਾ*

## ਕਾ. ਸੋਹਨ ਸਿੰਘ ਜੋਸ਼

ਸਤਿਗੁਰੂ ਰਾਮ ਸਿੰਘ ਦੇਸ਼ ਦੀ ਆਜ਼ਾਦੀ ਦਾ ਪ੍ਰੇਰਣਾਸ਼ੀਲ ਚਿੰਨ੍ਹ ਬਣ ਗਿਆ ਅਤੇ ਜਿਸ ਬਹਾਦਰੀ ਨਾਲ ਕੂਕਿਆਂ ਨੇ ਆਪਣੇ ਸੀਸ ਦਿੱਤੇ ਸਨ, ਉਹ ਬਹਾਦਰੀ ਨਵੀਆਂ ਰਾਜਸੀ ਲਹਿਰਾਂ ਦਾ ਉਤਸ਼ਾਹਜਨਕ ਝੰਡਾ ਬਣ ਗਈ। ਆਖੀਰ ਸਦੀਵੀ ਰਾਜ ਕਰਨ ਦੇ ਖ਼੍ਵਾਬ ਲੈਣ ਵਾਲੇ ਅੰਗ੍ਰੇਜ਼ ਹਾਕਮਾਂ ਨੂੰ ਬੋਰੀਆਂ ਬਿਸਤਰਾ ਵਲੇਟ ਕੇ ਹਿੰਦੁਸਤਾਨ ਵਿੱਚੋਂ ਜਾਣਾ ਪਿਆ ਅਤੇ ਭਾਰਤ ਆਜ਼ਾਦ ਹੋ ਗਿਆ।

# ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਤੇ ਮਹੱਤ...

## ਸਿੱਖਾਂ ਦੀ ਵੈਰਾਗਮਈ ਦਸ਼ਾ :

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਨੂੰ ਅਜ਼ਾਦੀ ਦੀ ਲਹਿਰ ਬਣਾ ਦਿੱਤਾ ਸੀ। ਧਾਰਮਿਕ, ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਖਾਤਿਰ ਉਸ ਵਕਤ ਦੇ ਧਰਮ ਦੇ ਠੇਕੇਦਾਰਾਂ, ਮਹੰਤਾਂ, ਪੁਜਾਰੀਆਂ ਦਾ ਵਿਰੋਧ ਪੂਰੇ ਜ਼ੋਰਾਂ ਤੇ ਸੀ। ਅੰਗ੍ਰੇਜ਼ੀ ਸਾਮਰਾਜ ਦੇ ਵਿਰੁੱਧ ਰਾਜਸੀ ਚੇਤਨਾ ਰਾਹੀਂ ਸੁਦੇਸ਼ੀ ਲਹਿਰ ਅਤੇ ਅੰਗ੍ਰੇਜ਼ ਸਲਤਨਤ ਨਾਲ ਸੰਪੂਰਨ ਬਾਈਕਾਟ ਕਰਕੇ ਇਹ ਸਾਬਤ ਕਰ ਦਿੱਤਾ ਸੀ ਕਿ ਉਹ ਹੀ ਅਜ਼ਾਦੀ ਲਹਿਰ ਦੇ ਪ੍ਰਤੀਕ ਹਨ। ਲੋਕਾਂ ਅੰਦਰ ਅਜ਼ਾਦੀ ਦੇ ਸੰਗ੍ਰਾਮ ਲਈ ਜੋ ਰੂਹ ਫੂਕੀ ਅਤੇ ਜੋ ਇਸ ਲਹਿਰ ਨੇ ਵਿਦਰੋਹ ਪੈਦਾ ਕੀਤਾ, ਦੇ ਸੰਦਰਭ ਨੂੰ ਮੁੱਖ ਰਖਦਿਆਂ ਹੀ ਬਰਤਾਨਵੀ ਸਾਮਰਾਜ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਤੋਂ ਬਾਹਰ ਕਿਸੇ ਐਸੀ ਜਗ੍ਹਾ ਤੇ ਜਲਾਵਤਨ ਕਰਕੇ ਕੈਦ ਵਿੱਚ ਰੱਖਿਆ, ਜਿਥੇ ਨਾਮਧਾਰੀ ਸੰਗਤਾਂ ਨਾਲ ਉਨ੍ਹਾਂ ਦਾ ਸੰਬੰਧ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ। ਇਸ ਅਨਿਆਂ ਕਰਕੇ ਅਤੇ ਦੂਜਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਕਰਕੇ ਨਾਮਧਾਰੀ ਸੰਗਤ ਵਿਆਕੁਲ ਹੋ ਗਈ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦਾ ਦੁੱਖ ਸੰਗਤਾਂ ਵਿੱਚ ਵਰਤ ਰਿਹਾ ਸੀ ਅਤੇ ਉਸ ਵਕਤ ਉਨ੍ਹਾਂ ਦੀ ਦਸ਼ਾ ਬਹੁਤ ਹੀ ਵੈਰਾਗਮਈ ਹੋ ਗਈ ਸੀ। ਆਪਣੇ ਇਸ਼ਟ ਗੁਰੂ ਪ੍ਰਤੀ ਆਪਾਰ ਸ਼ਰਧਾ ਤੇ ਬਿਰਹੋਂ ਭਾਵਨਾ ਦੀ ਤੀਖਣ ਵੇਦਨਾ, ਭਾਈ ਚੰਦਾ ਸਿੰਘ ਜੀ "ਬਾਰ੍ਹਾਂ ਮਾਂਹ" ਵਿੱਚ ਇੰਝ ਵਰਨਣ ਕਰਦੇ ਹਨ :-

**ਸਤਿਗੁਰ ਬਾਝੋਂ ਚੈਨ ਨ ਕੋਈ।**
**ਸੰਗਤ ਸਭ ਉਦਾਸੀ ਹੋਈ।**
**ਰਾਤੀਂ ਨੈਣੀ ਨੀਂਦ ਨ ਆਵੇ।**
**ਤਾਰੇ ਗਿਣਦਿਆਂ ਰੈਣ ਵਿਹਾਣੇ।**
**ਸਾਨੂੰ ਪਾਣੀ ਅੰਨ ਨਾ ਭਾਵੇ।**
**ਦਿਨ-ਦਿਨ ਗਮ ਗੁਰਾਂ ਦਾ ਖਾਵੇ।**
**ਐਸਾ ਕੌਣ ਜੋ ਆਣ ਮਿਲਾਵੇ।**
**ਮੈਂ ਕਰਾਂ ਸਿਰਵਾਰਨੇ।**

ਇਸ ਤਰ੍ਹਾਂ ਵਿਛੋੜੇ ਵਿੱਚ ਦੁੱਖੀ ਸੰਗਤ ਕਿਵੇਂ ਕੁਰਲਾਂਦੀ ਹੈ ਅਤੇ ਵਿਯੋਗੀ ਹੋਈ ਸੰਗਤ ਬਾਰੇ ਸੰਤ ਨਿਹਾਲ ਸਿੰਘ ਜੀ ਬਾਰ੍ਹਾਂ ਮਾਂਹ ਵਿੱਚ ਇੰਝ ਵਰਨਣ ਕਰਦੇ ਹਨ :-

**ਫਗਣ ਫੇਰ ਕਦੀ ਆਵੀਂ, ਮੁਖ ਆਪਣਾ ਦਿਖਾਵੀਂ,**
**ਰਤਾ ਚੈਨ ਨਹੀਂ ਆਵੇ, ਤੇਰੀ ਸੰਗਤ ਕੁਰਲਾਂਵਦੀ।**
**ਬੁਰਾ ਗੁਰਾਂ ਦਾ ਵਿਛੋੜਾ, ਜੈਸੇ ਜਿਗਰ ਵਿਚ ਫੋੜਾ,**
**ਦਿਨ ਰਾਤ ਇਹੋ ਝੋਰਾ, ਕੋਈ ਗਲ ਨਹੀਂ ਭਾਂਵਦੀ।**
**ਹੋਈ ਹਾਲ ਤੋਂ ਬਿਹਾਲ, ਖੁਲ੍ਹੇ ਗਲ ਵਿਚ ਵਾਲ,**
**ਫਿਰ ਥਕੀ ਢੂੰਢ ਭਾਲ, ਨੈਣੀ ਨੀਂਦ ਨਹੀਂ ਆਂਵਦੀ।**

ਕੁੱਝ ਸਮੇਂ ਬਾਅਦ ਕਾਫ਼ੀ ਖੋਜ ਕਰਨ ਤੇ ਜਦੋਂ ਪਤਾ ਲੱਗਿਆ ਕਿ ਇਸ ਵਕਤ ਸ੍ਰੀ ਸਤਿਗੁਰੂ ਜੀ ਰੰਗੂਨ ਦੇ ਉਸ ਕਿਲੇ ਵਿੱਚ ਨਜ਼ਰਬੰਦ ਹਨ ਜਿੱਥੇ ਪਹਿਲਾਂ ਹਿੰਦੁਸਤਾਨ ਦਾ ਆਖੀਰਲਾ ਬਾਦਸ਼ਾਹ ਬਹਾਦਰ ਸ਼ਾਹ 'ਜ਼ਫ਼ਰ' ਨੂੰ ਕੈਦ ਕੀਤਾ ਗਿਆ ਸੀ। ਬਸ ਪਤਾ ਲੱਗਣ ਦੀ ਦੇਰ ਸੀ ਕਿ ਨਾਮਧਾਰੀ ਸਿੰਘਾਂ ਨੂੰ ਉਸ ਵਿਛੜੀ ਮੀਨ ਵਾਂਗੂ ਤੜਫਦਿਆਂ ਆਪਣੇ ਮਾਹੀ ਤੱਕ ਪਹੁੰਚਣ ਲਈ ਸਾਧਨ ਜੁਟਾਣੇ ਸ਼ੁਰੂ ਕਰ ਦਿੱਤੇ। ਜ਼ਮੀਨਾ-ਜਾਇਦਾਦਾਂ ਵੇਚ ਵੱਟ, ਭੇਸ ਬਦਲ, ਲੰਬੇ ਪੰਧ ਤੇ ਸਮੁੰਦਰ ਦੇ ਪਾਣੀਆਂ ਨੂੰ ਚੀਰ, ਕਿੰਨੀਆਂ ਮੁਸ਼ਕਲਾਤਾਂ ਨੂੰ ਪਾਰ ਕਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੱਕ ਜਦੋਂ ਸਿੱਖ ਪੁਜਦੇ ਤਾਂ ਉਥੇ ਸਖ਼ਤ ਪਹਿਰਾ ਹੋਣ ਕਰਕੇ ਮਿਲਣ ਨ ਦਿੱਤਾ ਜਾਂਦਾ। ਅੰਦਰ ਬਾਹਰ ਚਾਰ ਚੁਫੇਰੇ ਪੁਲੀਸ ਵਾਲੇ ਚੱਕਰ ਮਾਰਦੇ ਰਹਿੰਦੇ। ਪਹਿਰੇ ਵਾਲਿਆਂ ਨੂੰ ਇਹ ਖਾਸ ਤਾਕੀਦ ਹੁੰਦੀ ਸੀ ਕਿ ਸਤਿਗੁਰੂ ਜੀ ਦੇ ਬੰਗਲੇ ਨੇੜੇ ਨਾ ਕੋਈ ਆ ਸਕੇ ਨਾ ਖੜ੍ਹ ਕੇ ਗੱਲ ਹੀ ਕਰ ਸਕੇ। ਨਾਮਧਾਰੀ ਸਿੰਘਾਂ ਨੇ ਗੁਰਬਾਣੀ ਦੇ ਇਸ ਸ਼ਬਦ ਦੀ ਪਾਲਣਾ ਹੀ ਕੀਤੀ ਲਗਦੀ ਹੈ :-

**ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ।।**
**ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ।।**

(ਮ: 4) ਪੰ: 757

## ਹੁਕਮਨਾਮੇ :

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੁਕਮਨਾਮਿਆਂ ਵਿੱਚ ਲਿਖਦੇ ਹਨ :-

**ਜਿਸ ਜਗਾ ਮੈਂ ਅਸੀਂ ਰਹਿੰਦੇ ਹਾ, ਏਥੇ ਅਗੇ ਦਿਲੀ ਬਾਲਾ ਬਾਦਸਾਹੁ ਰਹਿੰਦਾ ਸੀ। ਉਹ ਮਰ ਗਿਆ, ਜਾਗਾ ਉਸੀ ਮੈਂ ਹੁਣ ਅਸੀਂ ਰਹਿੰਦੇ ਹਾਂ।**

**ਹੋਰ ਭਾਈ ਏਥੇ ਸਾਡੇ ਪਾਸ ਕਿਸੇ ਨੂੰ ਨਾ ਬੋਲਣ ਦਿੰਦੇ ਹੈ ਨਾ ਖੜਾ ਹੋਣ ਦਿੰਦੇ ਹੈ।** - ਹੁਕਮਨਾਮਾ 5

ਕਿੰਨਾਂ ਕਿੰਨਾਂ ਚਿਰ ਉਥੇ ਦੂਰੋਂ ਹੀ ਦਰਸ਼ਨ ਕਰ ਵਾਪਸ ਮੁੜ ਆਉਂਣਾ ਪੈਂਦਾ ·

**ਏਤਨੀ ਦੂਰ ਆ ਕੇ ਆਪਣੇ ਸਿੰਘ ਬਿਨਾ ਮਿਲੇ ਚਲੇ ਜਾਂਦੇ ਹੈ ਤਾਂ ਸਾਨੂੰ ਬੜ ਅਫਸੋਸ ਹੁੰਦਾ ਹੈ ਏਸ ਬਾਤ ਦਾ।** - ਹੁਕਮਨਾਮਾ 45

**ਜਦ ਸਿੰਘ ਏਨੀ ਦੂਰ, ਏਨਾ ਖਰਚ ਕਰਕੇ ਆਉਂਦੇ ਹੈਨ ਅਰੁ ਏਥੇ ਸਾਡੇ ਪਾਸ ਢੁਕਣੇ ਨਹੀਂ ਮਿਲਦੇ ਤਾ ਜੇਹੜਾ ਮੇਰੇ ਸਰੀਰ ਨੂੰ ਦੁਖ ਹੁੰਦਾ ਹੈ ਏਨਾ ਦੇ ਸਰੀਰ ਨੂੰ ਦੇਖਕੇ, ਸੋ ਮੈਂ ਆਖ ਨਹੀਂ ਸਕਦਾ।** - ਹੁਕਮਨਾਮਾ 56

ਕਈ ਵਾਰ ਤਾਂ ਸਿੰਘ ਦੂਰੋਂ ਹੀ, ਇੱਕ ਵੱਟੇ ਨਾਲ ਆਪਣੀ ਚਿੱਠੀ ਬੰਨ ਕੇ ਅੰਦਰ ਸੁੱਟ ਦਿਆ ਕਰਦੇ ਸਨ ਅਤੇ ਉਧਰੋਂ ਸ੍ਰੀ ਸਤਿਗੁਰੂ ਜੀ ਵੀ ਇਸ ਤਰ੍ਹਾਂ ਹੁਕਮਨਾਮਾ ਲਿਖ ਵਾਪਸ ਸਿੱਖਾਂ ਵਲ ਸੁੱਟ ਦਿਆ ਕਰਦੇ ਸਨ। ਉਸ ਵਕਤ ਸਖਤੀ ਦਾ ਦੌਰ ਕਿੰਨਾ ਸੀ, ਇਸ ਬਾਰੇ ਆਪ ਜੀ ਇੰਨ੍ਹਾ ਸ਼ਬਦਾਂ ਦੁਆਰਾ ਹੁਕਮਨਾਮੇ ਰਾਹੀਂ ਲਿਖ ਰਹੇ ਹਨ :-

**ਏਨਾ ਨੂ ਏਹੁ ਹੁਕਮ ਦਿੰਦੇ ਹੈਨ ਏਨਾ ਦੇ ਉਹੁਦੇਦਾਰ, ਜੋ ਕੋਈ ਬਾਤ ਕਰੇ ਇਨ ਕੇ ਨਾਲ ਉਨਕੋ ਫਕੜੋ ਅਰੁ ਕੋਈ ਚੀਜ਼ ਬਾਹਰ ਤੇ ਸਿਟੇ ਤਾਂ ਉਸਕੋ ਫਕੜੋ। ਜੇ ਕੋਈ ਅੰਦਰ ਤੇ ਕਿਸੇ ਕੋ ਦੇਵੈ ਤਾਂ ਉਸਕੋ ਫਕੜੋ।** - ਹੁਕਮਨਾਮਾ 12

ਇਸ ਤਰ੍ਹਾਂ ਇਹ ਚਿੱਠੀਆਂ ਦਾ ਆਦਾਨ-ਪ੍ਰਦਾਨ ਬੜੀਆਂ ਕਠਿਨਾਈਆਂ ਨਾਲ ਹੋ ਜਾਇਆ ਕਰਦਾ। ਜੇਕਰ ਕੋਈ-ਕੋਈ ਸਿੱਖ ਫੜਿਆ ਜਾਣਾ ਤਾਂ ਉਨ੍ਹਾਂ ਨੂੰ ਕੈਦ ਦਾ ਹੁਕਮ ਹੋ ਜਾਇਆ ਕਰਦਾ ਸੀ। ਭਾਵੇ **4-9-1872** ਦੇ ਸਰਕਾਰੀ ਪੱਤਰ ਦਾ ਭਾਵ **ਲੈਫਟੀਨੈਂਟ ਗਵਰਨਰ ਦਾ ਇੱਕ ਸਖ਼ਤ ਹੁਕਮ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪੰਜਾਬ ਦੀਆਂ ਸੰਗਤਾਂ ਪ੍ਰਤੀ ਲਿਖਿਆ ਹੋਇਆ ਕੋਈ ਵੀ ਚਿੱਠੀ ਪੱਤਰ ਸੰਗਤਾਂ ਤੱਕ** ਨਹੀਂ ਪੁਜਣਾ ਚਾਹੀਦਾ :-

Even in the case of unsealed letters containing nothing of any political significance, the Lt. Governor thinks that at present it is unadvisable to permit any communication whatever between the Kuka leader and his friends in the Punjab.

ਇਸ ਆਰਡਰ ਦੇ ਬਾਵਜੂਦ ਅਨੇਕਾਂ ਸਿੱਖਾਂ ਨੇ ਉਥੋਂ ਸ੍ਰੀ ਸਤਿਗੁਰੂ ਜੀ ਦੁਆਰਾ ਲਿਖੇ ਹੁਕਮਨਾਮੇ ਲਿਆਂਦੇ। ਭਾਵੇਂ ਕਿੰਨੇ ਵੀ ਯਤਨ ਕੀਤੇ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਕੋਈ ਨਾ ਮਿਲ ਸਕੇ ਪਰ ਪੰਜਾਬ ਤੋਂ ਨਾਮਧਾਰੀ ਸਿੰਘਾਂ ਨੂੰ ਔਕੜਾਂ, ਮੁਸੀਬਤਾਂ ਤੇ ਜੇਲ੍ਹਾਂ ਦੀਆਂ ਕੈਦਾਂ ਵੀ ਨਾ ਰੋਕ ਸਕੀਆਂ। ਕਿਸੇ ਨ ਕਿਸੇ ਢੰਗ ਰਾਹੀਂ ਸਿੰਘ ਪੁਜਦੇ ਰਹੇ ਅਤੇ ਆਪਣੀਆਂ ਅਰਦਾਸਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੋਲ ਪਹੁੰਚਾ ਕੇ, ਹੁਕਮਨਾਮੇ ਪ੍ਰਾਪਤ ਕਰ ਵਾਪਸ ਦੇਸ ਪਰਤਦੇ ਰਹੇ।

ਇਨ੍ਹਾਂ ਚਿੱਠੀਆਂ-ਪੱਤਰਾਂ ਨੂੰ ਰੋਕਣ ਲਈ ਸਰਕਾਰ ਨੇ ਬਥੇਰਾ ਜ਼ੋਰ ਲਾਇਆ ਜਿਵੇਂ ਮਈ **1878** ਈ: ਨੂੰ ਇੱਕ ਪੱਤਰ ਰਾਹੀਂ ਸੁਚੇਤ ਕੀਤਾ ਹੈ।

"He is a very dangerous man, the most dangerous man, perhaps now in India and correspodence with him must be stopped by what ever means.

ਗੁਰਮਤਿ ਦਾ ਅਨੁਸਾਰੀ ਸਿੱਖ ਸਦਾ ਹੀ ਆਪਣੇ ਗੁਰੂ ਤੋਂ ਕੁਰਬਾਨ ਜਾਂਦਾ ਹੈ, ਕਿਉਂ ਜੁ ਉਹ (ਸਤਿਗੁਰੂ) ਆਪਣੇ ਸਿੱਖ ਨੂੰ ਦੁਖ, ਰੋਗ-ਸੋਗ ਸਮੇਂ ਛੱਡ ਕੇ ਨਹੀਂ ਜਾਇਆ ਕਰਦਾ। ਗੁਰੂ ਫਰਮਾਨ ਹੈ :-

**ਸਤਿਗੁਰ ਅਪਨੇ ਕਉ ਬਲਿਹਾਰੈ।।**

**ਛੋਡਿ ਨ ਜਾਈ ਸਰਪਰ ਤਾਰੈ।।** -ਗਉੜੀ ਮ: 5, ਪੰ: 186

ਇਸ ਤਰ੍ਹਾਂ ਦੀ ਅਵਸਥਾ ਵਿੱਚ ਪੁਜਿਆ ਹੋਇਆ ਇੱਕ ਗੁਰਸਿੱਖ ਭਾਈ ਮੀਂਹਾ ਸਿੰਘ ਆਪਣੀ ਅਰਦਾਸ ਕਰਨ ਤੇ ਹੁਕਮਨਾਮਾ ਪ੍ਰਾਪਤ ਕਰਨ ਸਮੁਦਰੋਂ ਪਾਰ ਬਰਮਾ ਦੇਸ਼ ਦੇ ਮਰਗੋਈ ਸ਼ਹਿਰ ਵਿਖੇ ਉਸ ਬੰਗਲੇ ਤੱਕ ਪੁੱਜ ਗਿਆ, ਜਿਥੇ ਸਤਿਗੁਰੂ ਰਾਮ ਸਿੰਘ ਜੀ ਨੂੰ ਨਜ਼ਰਬੰਦ ਰੱਖਿਆ ਹੋਇਆ ਸੀ। ਉਸ ਬੰਗਲੇ ਦੇ ਦੁਆਲੇ ਹੱਥਿਆਰਬੰਦ ਸਿਪਾਹੀਆਂ ਦਾ ਸਖਤ ਪਹਿਰਾ ਲਗਾ ਹੋਇਆ ਸੀ। ਉਥੇ ਆਉਣ ਵਾਲਿਆਂ ਨੂੰ ਸਾਵਧਾਨ (ਖਬਰਦਾਰ) ਕਰਨ ਲਈ ਬਾਹਰ ਕੰਧ ਤੇ ਲਿਖ ਕੇ ਲਾਇਆ ਹੋਇਆ ਸੀ :

**ਜਦੋਂ ਕੋਈ ਆਦਮੀ ਏਸਦੇ ਨਾਲ ਬਾਤ ਕਰੇ ਤਾ ਉਸਨੂੰ ਕੈਦ ਕਰੋ। ਅਰ ਜੇ ਕੁਛ ਬਾਹਰ ਤੇ ਸਿੱਟੇ ਅੰਦਰ, ਕੇ ਤਾਂ ਅੰਦਰੋਂ ਬਾਹਰ ਸਿੱਟੇ ਤਾ ਉਸਨੂੰ ਵੀ ਕੈਦ ਕਰੋ। ਅਰ ਕੋਈ ਆਦਮੀ ਨਾ ਏਧੇ ਸੌਹੇ ਖੜਾ ਹੋਣ ਦਿਓ।** - ਹੁਕਮਨਾਮਾ - 9

ਇਸ ਸਭ ਕਾਸੇ ਤੋਂ ਬੇਪਰਵਾਹ ਭਾਈ ਮੀਂਹਾ ਸਿੰਘ ਸ਼ਰਧਾ ਤੇ ਨਿਰਭਉ ਅਵਸਥਾ ਵਿੱਚ ਜੰਗਲੇ ਦੇ ਬਾਹਰ ਖੜਾ ਇੱਕ ਦਰਖਤ ਦੀ ਓਟ ਲੈ ਉਨ੍ਹਾਂ ਪਹਿਰੇਦਾਰਾਂ ਨੂੰ ਦੇਖ ਪਰਖ ਰਿਹਾ ਸੀ। ਜਿਉਂ ਹੀ ਛਿਣ ਮਾਤਰ ਲਈ ਪਹਿਰੇਦਾਰਾਂ ਦੀ ਇੱਕ ਦੂਜੇ ਵੱਲ ਪਿੱਠ ਹੋਈ ਤਾਂ ਭਾਈ ਜੀ ਜੋ ਸਤਿਗੁਰੂ ਦੇ ਪ੍ਰੇਮ ਵਿੱਚ ਰੰਗਿਆ ਹੋਇਆ ਸੀ, ਬਿਨਾਂ ਕਿਸੇ ਡਰ ਭਉ ਦੇ, ਛਾਲ ਮਾਰ ਕੇ ਜੰਗਲਾ ਟੱਪ ਕੇ, ਬੰਗਲੇ ਵਿੱਚ ਪੁੱਜ ਗਿਆ, ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕੀਤੀ ਕਿ ਮੇਰੇ ਤੇ ਗੋਲੀ ਚਲ ਜਾਵੇਗੀ। ਬੱਸ ਆਪਣੇ ਸਤਿਗੁਰੂ ਤੱਕ ਪੁੱਜਣ ਦੀ ਤੀਬਰ ਇੱਛਾ, ਹੋਰ ਕੋਈ ਵਿਚਾਰ ਜਾਂ ਸ਼ੰਕਾ ਨਹੀਂ ਸੀ। ਇਹੋ ਜਿਹੇ ਪ੍ਰੇਮ ਰੱਤੇ ਗੁਰਸਿੱਖਾਂ ਲਈ ਹੀ ਕਿਸੇ ਕਵੀ ਨੇ ਕਿਹਾ ਹੈ :-

**ਨਾਗਾ ਵਾੜ ਸੰਮੁਦ ਘਰ ਕੇਹਰ ਖੜੇ ਬੁਕੰਨ।**

**ਜੇ ਜਮ ਹੋਵੇ ਪਾਹਰੂ ਪ੍ਰੇਮੀ ਜਾਏ ਮਿਲੰਨ।**

ਅਸਲ ਵਿੱਚ ਅੰਗ੍ਰੇਜ਼ ਸਰਕਾਰ ਇਹ ਸਮਝ ਹੀ ਨਹੀਂ ਸੀ ਸਕੀ ਕਿ ਗੁਰੂ ਅਤੇ

ਸਿੱਖ ਵਿਚਲਾ ਸੰਬੰਧ ਕਿਸ ਤਰ੍ਹਾਂ ਦਾ ਹੁੰਦਾ ਹੈ। ਇਹੀ ਇੱਕ ਕਾਰਨ ਸੀ ਕਿ ਸਤਿਗੁਰੂ ਜੀ ਦੇ ਪਿਆਰੇ ਗੁਰਸਿੱਖ ਸੈਂਕੜੇ ਹਜ਼ਾਰਾਂ ਮੀਲਾਂ ਦਾ ਪੰਧ ਬੜੇ ਔਖੇ ਹੋ ਕੇ ਵੀ ਤਹਿ ਕਰ ਕੇ ਆਪਣੇ ਪ੍ਰੀਤਮ ਪਿਆਰੇ ਦੇ ਦਰਸ਼ਨ ਕਰਨ ਲਈ ਪੁਜ ਜਾਂਦੇ ਅਤੇ ਉਥੇ ਜਾ ਕੇ ਵੀ ਬੋਲ ਚਾਲ ਨਾਲ ਨਹੀਂ ਬਲਕਿ ਲਿਖਤ ਰਾਹੀਂ ਹੀ ਆਪਣੇ ਭਾਵ ਪ੍ਰਗਟ ਕਰਦੇ।

ਇਨ੍ਹਾਂ ਗੁਰਸਿੱਖਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਧੰਨ ਆਖਿਆ ਹੈ :-

**ਤੁਸਾ ਦਾ ਧੰਨ ਜਨਮ ਹੈ ਜੋ ਤੁਸੀ ਸਾਨੂੰ ਐਤਨੀ ਦੂਰ ਸਮੁੰਦਰੋ ਪਾਰ ਚਲ ਕੇ ਦਰਸ਼ਨ ਦਿੱਤੇ ਨਾਲੇ ਪਦਾਰਥ ਦੀਆ।** - ਹੁਕਮਨਾਮਾ - 6

**ਭਾਈ ਤੁਸੀ ਧੰਨ ਹੋ, ਤੁਸੀ ਸਿੱਖੀ ਦਾ ਕੰਮ ਪੂਰਾ ਕੀਤਾ ਜੋ ਬੜੀ ਦੂਰ ਸਮੁਦ੍ਰ ਲੰਘ ਕੇ ਦਰਸ਼ਨ ਦੀਆ ਹੈ।** - ਹੁਕਮਨਾਮਾ - 7

ਸੰਗਤ ਦੇ ਵਿਛੋੜੇ ਦਾ ਦੁੱਖ ਸ੍ਰੀ ਸਤਿਗੁਰੂ ਜੀ ਵੀ ਉਨ੍ਹਾ ਹੀ ਮਹਿਸੂਸ ਕਰਦੇ ਹਨ ਜਿੰਨਾਂ ਕਿ ਸਿੱਖ :-

**ਹੋਰ ਖਾਣ ਪੈਨਣ ਦੀ ਕੋਈ ਕਮੀ ਨਹੀਂ ਪਰ ਸੰਗਤਿ ਦੇ ਵਿਛੋੜੇ ਦਾ ਬਡਾ ਦੁੱਖ ਹੈ। ਏਹੁ ਦੁੱਖ ਗੁਰੂ ਮੇਟੂਗਾ ਤਾ ਮਿਟ ਜਾਊ।**

ਇੱਕ ਹੋਰ ਹੁਕਮਨਾਮੇ ਵਿੱਚ ਆਪ ਜੀ ਲਿਖਦੇ ਹਨ :-

**ਹੋਰ ਸਾਨੂੰ ਕੋਈ ਦੁੱਖ ਨਹੀਂ ਇੱਕ ਸੰਗਤਿ ਦੇ ਵਿਛੋੜੇ ਦਾ ਦੁੱਖ ਹੈ, ਸੰਗਤਿ ਨੂੰ ਬੀ। ਸੋ ਜੀ ਸਾਰੇ ਗੁਰੂ ਜੀ ਅਗੇ ਬੇਨਤੀ ਕਰੋ ਤਾ ਉਹ ਦੁੱਖ ਕੱਟਿਆ ਜਾਊਗਾ। ਗੁਰੂ ਦਾ ਬਿਰਦ ਪਤਿਤ ਪਾਵਨ ਹੈ।**

**ਹੋਰ ਜੀ ਅਸੀਂ ਅਨੰਦ ਹਾ, ਸਭ ਤਰਾ ਕਰਕੇ ਸੁੱਖੀ ਹਾ, ਇੱਕ ਸੰਗਤ ਦੇ ਵਿਛੋੜੇ ਦਾ ਬਡਾ ਦੁੱਖੁ ਹੈ।** ਆਦਿ ਇਹੋ ਜਿਹੇ ਕਠਿਨ ਪੰਧ ਨੂੰ ਕਠਿਨ ਤਰੀਕਿਆਂ ਨਾਲ ਆਪਣੀ ਜਾਨ ਹੂਲ ਕੇ ਗੁਰੂ ਦੇ ਇਹ ਸਿੰਘ ਆਪਣੇ ਮਾਹੀ ਦੀ ਇੱਕ ਝਲਕ ਵੇਖਣ ਲਈ, ਉਸਦਾ ਇੱਕ ਬੋਲ ਸੁਣਨ ਲਈ, ਉਸ ਰਸਤੇ ਵਿੱਚ ਕਿੰਨੇ ਕਿੰਨੇ ਦਿਨ ਬੈਠੇ ਰਹਿੰਦੇ, ਜਿਸ ਰਸਤੇ ਤੋਂ ਸ੍ਰੀ ਸਤਿਗੁਰੂ ਜੀ ਸੈਰ ਕਰਨ ਜਾਇਆ ਕਰਦੇ ਸਨ। ਪਰ ਲਾਚਾਰੀ ਅਤੇ ਮਜਬੂਰੀ ਕਰਕੇ ਸ੍ਰੀ ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਦੇਖ ਤਾਂ ਲਿਆ ਕਰਦੇ ਸਨ ਪਰ ਕੋਈ ਬਚਨ ਨਹੀਂ ਕਰ ਸਕਦੇ ਸਨ। ਸਤਿਗੁਰੂ ਜੀ ਦਾ ਉਪਦੇਸ਼ ਸਰਬਸਾਂਝਾ ਹੈ। ਸਾਰੀ ਲੋਕਾਈ ਲਈ ਹੈ। ਆਪ ਜੀ ਦੇ ਆਦੇਸ਼ ਸੰਗਤਾਂ ਨੂੰ ਇਨ੍ਹਾਂ ਹੁਕਮਨਾਮਿਆਂ ਰਾਹੀਂ ਮਿਲਦੇ ਰਹੇ।

- **ਅਰ ਸਾਰੇ ਈ ਭਜਨ ਬਾਣੀ ਕਰੋ ਤਕੜੇ ਹੋਕੇ, ਅਰ ਏਹ ਹੁਕਮ ਦੇਣਾ ਸਭ ਨੂ ਜੋ ਡੇਰੇ ਆਵੇ, ਉਸਨੂੰ ਆਖਣਾ ਭਾਈ ਜਿਤਨਾ ਪੁਜ ਆਵੇ ਓਤਨਾ ਪੁਨ ਕਰਨਾ। ਭੁਖੇ ਨੂ ਰੋਟੀ ਕਪੜਾ ਜੋੜਾ, ਕਿਸੇ ਭੇਖ ਦਾ ਹੋਵੇ, ਪਰ**

ਲੋੜਮਾਨ ਦੇਖਕੇ ਉਸਨੂ ਬੀ ਦੇਣਾ ਜਿਤਨਾ ਕੁ ਸਰੇ ਆਪਤੇ । ਪੁੰਨ ਤੇ ਘਾਟਾ ਨਹੀਂ ਆਉਂਦਾ ਪਰ ਦੇਣਾ ਅਉਖਾ ਹੈ। - ਹੁਕਮਨਾਮਾ - 18

- ਖਾਲਸਾ ਜੀ ਸਭ ਨੇ ਬਾਣੀ ਕੰਠ ਕਰਨੀ ਕੁੜੀ ਮੁੰਡੇ ਨੇ, ਨਾਲੇ ਮਾਲਾ ਫੇਰਨੀ। ਪੰਜ ਗ੍ਰੰਥ ਜੋ ਪੜੂਗਾ ਓਸਨੂ ਬਹੁਤ ਫਾਇਦਾ ਹੋਊਗਾ।

- ਹੁਕਮਨਾਮਾ - 18

- ਹੋਰ ਭਾਈ ਏਹੁ ਬੀ ਸਿੰਘ ਨੂੰ ਚਾਹੀਦਾ ਹੈ ਜਰੂਰ ਜਥਾ ਸਕਤ ਭੁਖੇ ਨੂ ਅੰਨ ਬੀ ਦੇਣਾ, ਨੰਗੇ ਨੂ ਕਪੜਾ ਜੋੜਾ ਬੀ ਦੇਣਾ ਜਿਨਾ ਸਰੇ। ਪੁੰਨ ਦਾਨ ਤੇ ਧਨ ਨਹੀਂ ਘਟਦਾ। ਧਨ ਤੇ ਕੁਚਾਲ ਚਲਣ ਤੇ ਘਾਟ ਜਾਂਦਾ ਹੈ।

- ਹੁਕਮਨਾਮਾ - 20

- ਗੁਰੂ ਜੀ ਦਾ ਬੀ ਏਹੋ ਹੁਕਮੁ ਹੈ ਜੋ ਅਠਾਰਾ ਬਰਸਾ ਦੀ ਲੜਕੀ, ਬੀਸ ਬਰਸ ਦਾ ਲੜਕਾ ਹੋਵੇ ਤਾ ਬਿਆਹੁ ਕਰਨਾ, ਉਰੇ ਨਹੀਂ ਕਰਨਾ। ਓਹ ਹੁਕਮ ਗੁਰੂ ਜੀ ਨੇ ਏਸੇ ਸੰਤ ਖਾਲਸੇ ਵਾਸਤੇ ਲਿਖਿਆ ਹੈ।

- ਹੁਕਮਨਾਮਾ - 23

- ਅਰੁ ਲੜਿਕੇ ਲੜਿਕੀਆ ਕੋ, ਸਭ ਕੋ ਅਖਰ ਪੜਾ ਦੇਣੇ ਨਾਲੇ ਬਾਣੀ ਕੰਠ ਕਰਾਉਣੀ ਬਾਲਿਆ ਦੇ।
- ਹੋਰ ਬਗਾਨੀ ਅੰਸ ਕਿਸੇ ਤਰਾ ਬੀ ਨਾ ਲੈਣੀ, ਚੁਰਾ ਕੇ ਨਾ ਖੋਹ ਕੇ, ਨਾ ਠੱਗੀ ਕਰਕੇ। ਜੇ ਡਿਗੀ ਪਈ ਬੀ ਲਭੇ ਤਾ ਜਿਸਦੀ ਹੋਵੇ ਓਸਕੋ ਦੇ ਦੇਣੀ। ਅਰੁ ਕਰਿਜਾ ਲੈ ਕੇ ਨਾ ਦੇਣਾ ਏਹੁ ਚੋਰੀ ਧਾੜੇ ਤੇ ਬੀ ਬਡਾ ਪਾਪੁ ਹੈ। ਸੋ ਖਾਲਸਾ ਜੀ ਬਗਾਨੀ ਅੰਸ ਦਾ ਸਦਾ ਤਿਆਗੁ ਕਰਨਾ ਏਹੁ ਬਡਾ ਧਰਮੁ ਹੈ। ਗੁਰੂ ਜੀ ਦਾ ਹੁਕਮੁ ਹੈ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।। - ਹੁਕਮਨਾਮਾ - 28
- ਸੋ ਜੀ ਸਾਰਾ ਮਤਲਬ ਏਹੁ ਹੈ ਬਾਣੀ ਬੀ ਪੜਨੀ ਤੇ ਭਜਨੁ ਬੀ ਕਰਨਾ, ਅਰ ਮੰਗਣਾ ਬੀ ਏਹੋ ਗੁਰੂ ਜੀ ਤੇ ਨਾਮੁ ਤੇ ਸਿਦਕੁ । ਸਿਦਕੁ ਏਸ ਦਾ ਨਾਉ ਹੈ ਜੋ ਕਦੇ ਨਾ ਫਿਰੀਏ ਗੁਰੂ ਜੀ ਤੇਰੇ ਹੁਕਮ ਤੇ । ਏਹੁ ਬਚਨ ਤਾ ਇਕ ਦੇ ਬਾਸਤੇ ਨਹੀ ਸਭ ਦੇ ਬਾਸਤੇ ਹਨ। - ਹੁਕਮਨਾਮਾ - 32
- ਹੋਰ ਭਾਈ ਖਾਲਸਾ ਜੀ ਸ੍ਰਬਤ ਨੇ ਭਜਨ ਬਾਣੀ ਕਰਨਾ ਤਕੜੇ ਹੋਕੇ।
- ਹੋਰ ਭਾਈ ਧਾਰਨਾ ਏਹੁ ਹੈ ਭਜਨ ਬਾਣੀ ਦੀ, ਜੇ ਕੰਮਕਾਰ ਤੇ ਬੇਲ ਹੋਵੇ ਤਾ ਏਕੰਤ ਹੋ ਕੇ ਭਜਨ ਬਾਣੀ ਕਰਨਾ । ਹੋਰ ਨਹੀ ਕੁਛ ਮੰਗਣਾ, ਇਕੁ ਨਾਮੁ ਈ ਮੰਗਣਾ । ਜੇ ਨਾਮੁ ਹੋਊ ਆਪਣੇ ਪਾਸ ਤਾ ਜਿਥੇ ਨਾਮ ਹੋਊ ਓਥੇ ਸਾਰੇ ਸੁਖ ਆਇ ਜਾਣਗੇ। - ਹੁਕਮਨਾਮਾ - 33

# ਗੁਰਬਾਣੀ ਦਾ ਪਾਠ ਕਰਨ ਤੇ ਨਾਮ ਜਪਣ ਸੰਬੰਧੀ ਆਦੇਸ਼

ਅੰਗ੍ਰੇਜ਼ ਸਰਕਾਰ ਇਸ ਕੂਕਾ ਵਿਦਰੋਹ ਤੋਂ ਇੰਨੀ ਭੈ-ਭੀਤ ਹੋ ਚੁੱਕੀ ਸੀ ਕਿ ਉਹ ਵਕਤ ਆਖੰਡ ਪਾਠ ਵੀ ਨਹੀਂ ਹੋਣ ਦਿੰਦੇ ਸੀ। ਕਿਉਂਕਿ ਸਰਕਾਰ ਜਾਣਦੀ ਸੀ ਕਿ ਇਸ ਬਹਾਨੇ ਸਿੰਘ ਇਕੱਠੇ ਹੋ ਕੇ ਅਰਦਾਸ ਕਰਦੇ ਹਨ ਅਤੇ ਕਹਿੰਦੇ ਹਨ. ''ਹੇ ਅਕਾਲ ਪੁਰਖ ! ਸੰਤ ਖਾਲਸੇ ਦਾ ਪ੍ਰਕਾਸ਼ ਕਰ, ਮਹਾਂ ਮਲੇਸ਼ ਦਾ ਨਾਸ ਕਰ' ਸਰਕਾਰ ਇਹ ਸਭ ਕੁਝ ਸੁਣਨਾ ਨਹੀਂ ਸੀ ਚਾਹੁੰਦੀ ਅਤੇ ਸਾਧ ਸੰਗਤ ਦੇ ਇਕੱਠ ਨੂੰ ਜੁੜਿਆ ਨਹੀਂ ਸੀ ਵੇਖਣਾ ਚਾਹੁੰਦੀ। ਇਕ ਸਮੇਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਜੋ ਸ੍ਰੀ ਭੈਣੀ ਸਾਹਿਬ ਡੇਰੇ ਵਿਖੇ ਪੂਰੀ ਸੁੱਚ ਸੋਧ ਮਰਿਆਦਾ ਨਾਲ ਆਖੰਡ ਪਾਠ ਦਾ ਪ੍ਰਾਰੰਭ ਕਰਾਇਆ, ਪਰ ਕਿਸੇ ਮੁਖੱਬਰ ਨੇ ਜਾ ਸ਼ਿਕਾਇਤ ਲਾਈ। ਜਿਸ ਵੇਲੇ ਸਿੰਘਾਂ ਨੂੰ ਪੁਲੀਸ ਦੇ ਛਾਪਾ ਮਾਰਨ ਦਾ ਪਤਾ ਲੱਗਿਆ ਤਾਂ ਹੇਠਾਂ ਜਿਸ ਜਗ੍ਹਾਂ ਤੋਂ ਪਾਠ ਛੱਡਿਆ ਸੀ, ਉਸੇ ਵਕਤ ਉਪਰ ਚੁਬਾਰੇ ਤੇ ਜਾਕੇ ਉਸ ਜਗ੍ਹਾਂ ਤੋਂ ਹੀ ਪਾਠ ਸ਼ੁਰੂ ਕਰ ਅਤੇ ਪੂਰੇ ਸਮੇਂ ਵਿੱਚ ਸਮਾਪਤ ਕਰਕੇ ਅਰਦਾਸ ਕੀਤੀ ਗਈ। ਪਰ ਰੰਗੂਨ ਵਿਖੇ ਬੈਠੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਪਾਠ ਵਿੱਚ ਪਏ ਵਿਘਨ ਨੂੰ ਇਸ ਤਰ੍ਹਾਂ ਮਹਿਸੂਸ ਕੀਤਾ :-

**ਹੋਰ ਜਿਸ ਦਿਨ ਪਾਠ ਟੁਟੇ ਹੈ ਆਖੰਡ, ਉਸ ਦਿਨ ਮੈਨੂੰ ਵਡਾ ਖੇਦ ਹੋਆ। ਦੋ ਚਾਰ ਦਿਨ ਤਕ ਵਡਾ ਮਰਨ ਵਾਲਾ ਹੋ ਗਯਾ ਥਾ ਪਰ ਗੁਰੂ ਜੀ ਨੇ ਰਖ ਲੀਆ। ਪਾਣੀ ਅੰਨ ਲੰਘੇ ਨਾਹੀ ਅੰਦਰ, ਗਲ ਬੰਦ ਹੋਆ ਸੀ।** - ਹੁਕਮਨਾਮਾ - 44

ਜਿਥੇ ਆਪ ਜੀ ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਨੂੰ ਵਿਚਾਰਨ ਲਈ ਵਾਰ ਵਾਰ ਉਪਦੇਸ਼ ਕਰਦੇ ਹਨ, ਉਥੇ ਗੁਰੂ ਗੋਬਿੰਦ ਸਿੰਘ ਜੀ ਰਚਿਤ ਦਸਮ ਸ੍ਰੀ ਗ੍ਰੰਥ ਸਾਹਿਬ ਵਿਚਲੀਆਂ ਬਾਣੀਆਂ ਨੂੰ ਪੜ੍ਹਨ ਲਈ ਹੁਕਮ ਕਰਦੇ ਹਨ। ਚੰਡੀ ਦੀ ਵਾਰ ਬਾਰੇ ਡਾ. ਹਰਿ ਭਜਨ ਸਿੰਘ ਜੀ ਲਿਖਦੇ ਹਨ :-

ਚੰਡੀ ਦੀ ਵਾਰ ਨਿਰੋਲ ਬੀਰ ਰਸੀ ਰਚਨਾ ਨਹੀ ਇਹ ਤਾਂ ਗੁਰਬਾਣੀ ਦੇ ਮੂਲ ਉਦੇਸ਼ ਜਨਮ ਮਰਨ ਤੋਂ ਮੁਕਤੀ ਨਾਲ ਸੰਬੰਧਤ ਹੈ। ਵਾਰ ਦੇ ਅੰਤ ਉਤੇ ਗੁਰੂ ਸਾਹਿਬ ਫਰਮਾਂਦੇ ਹਨ :-

ਦੁਰਗਾ ਪਾਠ ਬਣਾਇਆ ਸਭੇ ਪਉੜੀਆ। ਫੇਰਿ ਨਾ ਜੂਨੀ ਆਇਆ ਜਿਨਿ ਇਹੁ ਗਾਇਆ।'' ਬੀਰ ਰਸ ਤੇ ਸਾਂਤ ਰਸ ਦਾ ਅਦੁਤੀ ਸੁਮੇਲ ਹੈ ਚੰਡੀ ਦੀ ਵਾਰ। ਐਸਾ ਸੁਮੇਲ ਹੋਰ ਥੇ ਮਿਲਣਾ ਮੁਸ਼ਕਲ ਹੈ। ਦਸਮ ਗ੍ਰੰਥ ਵਿੱਚ ਇਕ ਹੋਰ ਰਚਨਾ ਹੈ। ਸ੍ਰੀ

ਭਗਉਤੀ ਬਾਰੇ, ਇਸ ਰਚਨਾ ਦਾ ਨਾਂ ਹੈ ਉਗ੍ਰਦੰਤੀ। ਉਸ ਵਿੱਚ ਸੂਰਬੀਰਤਾ ਅਤੇ ਅਧਿਆਤਮਿਕਤਾ ਦੇ ਸੁਮੇਲ ਦਾ ਯਤਨ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੁਕਮਨਾਮੇ ਵਿੱਚ ਗੁਰਬਾਣੀ ਦੇ ਪਾਠ ਕਰਨ ਸੰਬੰਧੀ ਫਰਮਾਂਦੇ ਹਨ :-

- ''ਪਾਠ ਹਮੇਸਾ ਈ ਗ੍ਰੰਥ ਸਾਹਿਬ ਦਾ ਕਰਨਾ।'' - ਹੁਕਮਨਾਮਾ - 4
- ''ਜੇ ਉਗ੍ਰਦੰਤੀ ਚੰਡੀ ਚਰਿਤ੍ਰ ਦਾ ਹੋਵੇ ਤਾ ਅਛਾ ਹੈ। ਨਹੀਂ ਤਾਂ ਚੰਡੀ ਦੀ ਵਾਰ ਦਾ ਪਾਠ ਜਰੂਰੀ ਕਰਨਾ ਲਿਖਾ ਹੈ ਗੁਰੂ ਜੀ ਨੇ।'' - ਹੁਕਮਨਾਮਾ 20

''ਖਾਲਸਾ ਜੀ ਤਕੜੇ ਹੋ ਕੇ ਭਜਨ ਬਾਣੀ ਕਰੋ। ਬਾਣੀ ਦਾ ਉਚਾਰ ਕਰੋ ਪ੍ਰਭਾਤੇ। ਭੋਗ ਗ੍ਰੰਥ ਸਾਹਿਬ ਦੇ ਪਾਓ ਜਿਤਨੇ ਪੁਜ ਆਵਨ। ਸੋ ਇੱਕ ਦੁਖ ਕਿਆ ਸਭੀ ਦੁਖ ਮਿਟ ਜਾਵਨਗੇ, ਸਤਿ ਕਰ ਮੰਨਣਾ।'' - ਹੁਕਮਨਾਮਾ - 3

ਬਾਣੀ ਕੰਠ ਕਰਨੀ ਅਰੁ ਗ੍ਰੰਥ ਸਾਹਿਬ ਦਾ ਭੋਗ ਪਾਉਣਾ, ਜਥਾ ਸਕਤਿ ਪ੍ਰਸਾਦਿ ਕਰਨਾ। - ਹੁਕਮਨਾਮਾ - 10

ਸਭਨੂ ਬਾਣੀ ਕੰਠ ਕਰਨ ਦਾ ਹੁਕਮ ਸੁਣਾਈ। ਜੇ ਪੁਜ ਆਉਣ ਤਾ ਪੰਜ ਗ੍ਰੰਥ ਕੰਠ ਕਰਨ, ਨਹੀ ਤਾ ਜਪੁ, ਜਾਪ, ਰਹਿਰਾਸ, ਆਰਤੀ ਸੋਹਿਲਾ, ਸੁਖਮਨੀ, ਆਸਾ ਦੀ ਬਾਰ ਸਭ ਕੰਠ ਕਰਨ ਜਨਾਨੇ ਮਰਦਾਨੇ, ਨਾਲੇ ਪਿਛਲੀ ਰਾਤ ਨਾਇਕੇ ਪੜਨਾ। ਨਾਲੇ ਫੇਰ ਬਾਣੀ ਪੜਕੇ ਜਿਤਨਾ ਬਣਿ ਆਵੇ ਉਤਨਾ ਭਜਨ ਕਰਨਾ। - ਹੁਕਮਨਾਮਾ - 13

ਸੋ ਜੀ ਮੇਰਾ ਤਾ ਏਹੋ ਕਹਣਾ ਹੈ ਬਾਰੰਬਾਰ ਦਾ ਜੋ ਬਾਣੀ ਨਾਲ ਭਜਨ ਕਰੋ, ਦੋਮੇ ਕਰਨੇ ਭਜਨ ਬਿਨਾ ਬਾਣੀ ਨਾਲ ਪਰੀਤੀ ਨਹੀਂ ਲਗਦੀ ਤੇ ਬਾਣੀ ਬਿਨਾ ਭਜਨ ਨਾਲ ਪਰੀਤੀ ਨਹੀਂ ਲਗਦੀ। ਭਜਨੁ ਬਿਨਾ ਬਾਣੀ ਭਾਮੇ ਪੜੇ ਈ, ਪਰ ਬਾਣੀ ਦੇ ਮਤ ਨੂੰ ਨਹੀਂ ਸਮਝਾ ਜਾਦਾ। - ਹੁਕਮਨਾਮਾ - 33

ਹੋਰ ਹੁਣ ਇਉ ਕਰੋ ਜੋ ਅਖੰਡ ਪਾਠ ਨਹੀਂ ਹੁੰਦੇ ਹੈ ਤਾ ਖੁਲੇ ਪਾਠ ਕਰੋ। ਹੋਰ ਭਜਨ ਕੀਤਾ ਜਿਤਨਾ ਹੋਵੇ, ਨਹੀਂ ਤਾ ਜਪੁ ਜਾਪੁ ਜਰੂਰ ਕਰ ਲੈਣਾ। ਫੇਰ ਜਿਸ ਵੇਲੇ ਸੂਰਜ ਦੀਆਂ ਰਿਸਮਾ ਨਿਕਲਣ ਲਗਨ ਤਾ ਉਸ ਵੇਲੇ ਚੰਡੀ ਦੀ ਵਾਰ ਦਾ ਪਾਠ ਕਰਨ ਲਗਨਾ। ਅਰਦਾਸ ਕਰਕੇ ਪਾਠ ਤੋਰਨਾ ਫੇਰ। ਪਾਠ ਕਰਕੇ ਫੇਰ ਬੇਨਤੀ ਕਰਨੀ। - ਹੁਕਮਨਾਮਾ - 17

- ਅਰ ਬਾਣੀ ਪੜਨੀ ਗੁਰੂ ਜੀ ਦੀ ਪੰਜ ਗਰੰਥ ਤਾਈ। ਪੰਜ ਗਰੰਥ ਨਾ ਪੁਜਣਿ ਤਾ ਜਪੁ ਜਾਪੁ ਰਹਿਰਾਸ, ਸੋਹਿਲਾ, ਚੰਡੀ ਦੀ ਬਾਰ, ਸੁਖਮਨੀ, ਉਗਰ ਦੰਤੀ। ਬਹੁਤ ਨਾ ਪੁਜੇ ਤਾ ਜਪੁ, ਜਾਪ, ਚੰਡੀ ਦੀ ਬਾਰ, ਉਗਰਦੰਤੀ ਏਹੁ ਤਾ ਜਰੂਰਿ ਪੜਨਾ। - ਹੁਕਮਨਾਮਾ - 28

  ਗੁਰੂ ਜੀ ਦਾ ਹੁਕਮੁ ਹੈ ਸਰਬ ਰੋਗ ਕਾ ਅਉਖਧੁ ਨਾਮੁ ।।
- ਸੋ ਜੀ ਨਾਮ ਦਾ ਤੇ ਬਾਣੀ ਪੜਨ ਦਾ ਏਹੁ ਬਡਾ ਮਹਾਤਮੁ ਹੈ ਜੋ ਸਵਾ ਪਹਿਰੁ ਰਾਤ ਤੇ ਉਠ ਕੇ ਹਮੇਸਾ ਸਨਾਨੁ ਕਰਨਾ, ਬਾਣੀ ਪੜ੍ਹਨੀ, ਫੇਰ ਭਜਨ ਕਰਨਾ ਦਿਨ ਰਾਤ ਕੰਮ ਕਾਰ ਮੈਂ ਜਿੰਨਾ ਹੋਇ ਆਵੈ। ਅਰੁ ਜਥਾ ਸਕਤ ਦਾਨੁ ਕਰਨਾ ਅਰੁ ਕਿਸੇ ਦੀ ਕੋਈ ਬੀ ਚੀਜ ਚਕਣੀ ਚੁਰਾਉ ਨਾ,ਪਰੁ ਪਿਛਾ ਰਾਤ ਨਾਉਣਾ ਜਰੂਰ, ਤਾ ਸਾਰੇ ਈ, ਸਭਿ ਦੇ ਦੁਖ ਕਟਿ ਜਾਣਗੇ । - ਹੁਕਮਨਾਮਾ - 62

ਇਨ੍ਹਾਂ ਉਪ੍ਰੋਕਤ ਹੁਕਮਨਾਮਿਆਂ ਪ੍ਰਤੀ ਸਿਰਦਾਰ ਕਪੂਰ ਸਿੰਘ ਆਈ.ਸੀ.ਐੱਸ. ਆਪਣੀ ਪੁਸਤਕ ''ਸਪਤ ਸ੍ਰਿੰਗ'' ਵਿਚ ਆਪਣੇ ਵਿਚਾਰ ਲਿਖਦੇ ਹਨ :

''ਉਹਨਾਂ ਸੁਨੇਹੇ ਪੱਤਰਾਂ ਨੂੰ ਜਿਨ੍ਹਾਂ ਨੂੰ ਕਿ ਬਾਬਾ ਜੀ ਆਪਣੀ ਨਿਮਰਤਾ ਦੇ ਕਾਰਨ ਸਿੰਘ ਵਲ ਅਰਦਾਸਾਂ ਕਹਿੰਦੇ ਸਨ, ਵਾਚਣ ਤੋਂ ਪਤਾ ਲਗਦਾ ਹੈ ਜੁ ਆਪ ਇਸ ਜਲਾਵਤਨੀ ਦੇ ਸਮੇਂ ਵਿਚ ਬੜੀਆਂ ਚੜ੍ਹਦੀਆਂ ਕਲਾਂ ਵਿੱਚ ਰਹੇ ਤੇ ਆਪਣਾ ਸਾਰਾ ਜਾਗਰਿਤ ਸਮਾਂ ਅਕਾਲਪੁਰਖ ਦੇ ਭਜਨ ਤੇ ਗੁਰਬਾਣੀ ਦੇ ਵਿਚਾਰ ਕਰਨ ਉਤੇ ਖਰਚ ਕਰਦੇ ਰਹੇ। ਉਹਨਾਂ ਦੇ ਮਨ ਉੱਤੇ ਦੋ ਇਛਾਵਾਂ ਹਮੇਸ਼ਾਂ ਹੀ ਪ੍ਰਬਲ ਪ੍ਰਭਾਵ ਪਾਂਦੀਆਂ ਰਹੀਆਂ। ਇਕ, ਜੁ ਸਿੱਖ, ਪੰਜਾਬ ਵਾਸੀ ਤੇ ਹਿੰਦੀ, ਆਤਮਿਕ ਤੇ ਧਾਰਮਿਕ ਤੌਰ ਉਤੇ ਇਤਨੇ ਸੁੱਚੇ ਤੇ ਬੁਲੰਦ ਹੋ ਜਾਣ ਜਿਤਨੇ ਕਿ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪ੍ਰਾਣੀ ਮਾਤਰ ਸਭ ਸੰਸਾਰ ਦੇ ਮਨੁੱਖਾਂ ਨੂੰ ਕਰਨਾ ਲੋਚਦੇ ਸਨ। ਦੂਜੀ ਇਹ ਕਿ ਭਾਰਤ ਵਰਸ਼ ਬਿਦੇਸ਼ੀ ਰਾਜ ਹੇਠੋਂ ਨਿਕਲ ਆਵੇ ਤੇ ਇਸ ਦੇਸ਼ ਵਿਚ ਸਵੈਰਾਜ ਅਸਥਾਪਤ ਹੋ ਜਾਵੇ।''

## ਅੰਗ੍ਰੇਜ਼ਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਤੋਂ ਭੈਅ ਲੱਗਣਾ

ਆਪ ਜੀ ਦੇ ਨਾਮ ਤੋਂ ਬਰਤਾਨਵੀ ਸਾਮਰਾਜ ਏਨਾ ਡਰਨ ਲੱਗ ਪਿਆ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਨ ਤੋਂ ਬਾਅਦ ਦੋ ਦਿਨ 18 ਤੇ 19 ਜਨਵਰੀ 1872 ਨੂੰ ਸ੍ਰੀ ਭੈਣੀ ਸਾਹਿਬ ਦੀ ਤਲਾਸ਼ੀ ਹੁੰਦੀ ਰਹੀ ਅਤੇ ਆਦਿ ਤੋਂ ਅੰਤ ਤੱਕ ਹਰ ਇਕ ਚੀਜ਼ ਦੀ ਕਰਨਲ ਬੇਲੀ ਨੇ ਆਪਣੀ ਦੇਖ ਰੇਖ ਵਿੱਚ ਭਾਲ ਕੀਤੀ, ਸੰਗਤ ਨੂੰ ਘਰੋਂ ਘਰੀਂ ਭੇਜ ਦਿੱਤਾ ਗਿਆ ਤੇ ਫਿਰ ਰਿਪੋਰਟ ਕਰ ਦਿੱਤੀ ਕਿ ਅੰਗਰੇਜ਼ੀ ਸਰਕਾਰ ਵਿਰੁੱਧ ਇਨ੍ਹਾਂ ਕੂਕਿਆਂ ਵਲੋਂ ਫਸਾਦ ਖੜ੍ਹਾ ਕਰਨ ਵਿਚ ਬਹੁਤਾ ਸਾਰਾ ਹੱਥ ਮੁਖੀ ਸਿੰਘਾਂ ਦਾ ਹੈ। ਇਹ ਤਾਰ ਪੁੱਜਣ ਤੇ ਮਿ: ਕਾਵਨ ਨੇ ਅਸਿਸਟੈਂਟ ਸੁਪਰਟੈਂਡੈਂਟ ਪੁਲਿਸ ਮਿ: ਜੈਕਸਨ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ। ਜਿਸ ਨੇ ਤਿੰਨ ਵਾਰ ਉਹ ਸਾਰੀਆਂ ਥਾਵਾਂ ਬੜੀਆਂ ਡੂੰਘੀਆਂ ਭਾਵ ਪਾਣੀ ਹਾਂਡੇ ਤਕ ਪੁੱਟਵਾ ਵੇਖੀਆਂ ਕਿ ਕਿਤੇ ਕੋਈ ਖਜ਼ਾਨਾ ਜਾਂ ਅਸਲਾ ਨਾ ਲੁਕਾਇਆ ਹੋਵੇ। ਪਰ ਮਿਲਿਆ ਕੁਝ ਵੀ ਨਾ।

ਜੇ ਕਿਧਰੇ ਅੱਠ, ਦੱਸ ਕੂਕੇ ਇੱਕਠੇ ਹੋਏ ਦਿਸ ਪੈਂਦੇ ਤਾਂ ਝੱਟ ਹੀ ਕੂਕਿਆਂ ਦੇ ਵਧੇ ਚਲੇ ਆ ਰਹੇ ਹੋਣ ਦੀਆਂ ਸਰਕਾਰੇ ਤਾਰਾਂ ਖੜਕ ਜਾਇਆ ਕਰਦੀਆਂ। ਅਫਸਰਾਂ ਨੂੰ ਅਫਰਾਤਫਰੀ ਪੈ ਜਾਇਆ ਕਰਦੀ, ਫੌਜ ਤੇ ਪੁਲਿਸ ਨੂੰ ਤਿਆਰੀ ਦੇ ਹੁਕਮ ਮਿਲ ਜਾਂਦੇ, ਰੇਲ ਦੇ ਸਟੇਸ਼ਨਾਂ ਤੇ ਪਹਿਰੇ ਲਾ ਦਿੱਤੇ ਜਾਂਦੇ ਅਤੇ ਦਰਿਆਵਾਂ ਦੇ ਪੱਤਣ ਰੋਕ ਲਏ ਜਾਂਦੇ। ਇਸ ਤਰ੍ਹਾਂ ਹਰ ਪਿੰਡ, ਹਰ ਕਸਬੇ ਤੇ ਸ਼ਹਿਰਾਂ ਵਿੱਚ ਕੂਕਿਆਂ ਦੀਆਂ ਸਰਗਰਮੀਆਂ ਤੇ ਸਖ਼ਤ ਨਿਗਰਾਨੀ ਕੀਤੀ ਜਾਣ ਲੱਗ ਪਈ। ਸਤਿਗੁਰੂ ਰਾਮ ਸਿੰਘ ਜੀ ਹੁਕਮਨਾਮੇ ਜੋ ਜਲਾਵਤਨੀ ਸਮੇਂ ਰੰਗੂਨ ਤੋਂ ਲਿਖ ਭੇਜਿਆ ਕਰਦੇ ਸੀ ਦੇ ਵਿਚ ਕਈ ਥਾਂਈਂ ਇਨ੍ਹਾਂ ਦੇ ਭੈਅ ਦਾ ਖੁਲਾਸਾ ਕੀਤਾ ਹੈ :

**''ਏਨਾਂ ਨੂੰ ਮੇਰਾ ਸਰੀਰ ਕਾਲ ਕੀ ਸਮਾਨ ਦਿਸਦਾ ਹੈ। ਆਂਧੇ ਹੈਂ ਏਨਾਂ ਮੁਲਖ ਬਿਗਾੜ ਦਿੱਤਾ ਹੈ।''**

**''ਜੇ ਏਥੇ ਰਹਾਂ ਤਾਂ ਚੌਦੇ ਵਰਗਾ ਕੰਮ ਕਰ ਦੇਊਗਾ, ਅਰ ਹੁਣ ਏਹ ਡਰ ਹੈ ਭਾਈ ਚਿੱਠੀ ਭੇਜ ਕੇ ਪਿਛੇ ਸੂੜ ਕਰਾ ਦੇਊ, ਏਹ ਭਰਮ ਹੈ। ਹੁਣ ਮੇਰੇ ਸਰੀਰ ਦਾ ਕਾਲ ਵਰਗਾ ਭੈ ਹੈ ਏਨਾ ਨੂੰ।''**

**''ਏਨਾਂ ਨੂੰ ਇਹ ਬੜਾ ਭਰਮ ਹੈ, ਚਿੱਠੀ (ਹੁਕਮਨਾਮਾ) ਦੀ ਬੜੀ ਤਕੜਾਈ ਰਖਦੇ ਹੈਨ ਮੇਰੀ, ਕਹਿੰਦੇ ਹੈਨ ਕਿਤੇ ਚਿੱਠੀ ਭੇਜ ਕੇ ਸੂੜ ਨਾ ਕਰਾਏਂ ਦੇਵੇ, ਏਧੇ ਪਿੱਛੇ ਬਹੁਤ ਆਦਮੀ ਹੈ।''**

**''ਪਰ ਜੀ ਤੁਸੀਂ ਇਹ ਬਾਤ ਪ੍ਰਤੀਤ ਕਰਕੇ ਜਾਨਣੀ, ਮੇਰੇ ਸਰੀਰ ਦਾ ਕਾਲ ਬਰਗਾ ਭੈ ਹੈ, ਪਰਮੇਸਰ ਨੇ ਪਾਏ ਛੋੜਾ ਹੈ ਏਨਾ ਨੂੰ।''**

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਉਤ੍ਰਾਧਿਕਾਰੀ
## ਸ੍ਰੀ ਸਤਿਗੁਰੂ ਹਰੀ ਸਿੰਘ ਜੀ

## ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਬਾਅਦ ਦਾ ਸਮਾਂ

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਤੋਂ ਬਾਅਦ ਸਾਰੇ ਪੰਥ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਛੋਟੇ ਭਾਈ ਬਾਬਾ ਬੁੱਧ ਸਿੰਘ ਜੀ ਨੇ ਸੰਭਾਲ ਲਈ। ਇਸ ਤਰ੍ਹਾਂ ਤਿੰਨ ਸਾਲ ਬੀਤ ਗਏ, ਇਲਾਹਾਬਾਦ ਦੇ ਨਿਵਾਸ ਤੋਂ ਬਾਅਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਇਹ ਪਤਾ ਨਾ ਲਗ ਸਕਿਆ ਕਿ ਉਹ ਕਿੱਥੇ ਨਿਵਾਸ ਰਖ ਰਹੇ ਹਨ। ਬਹੁਤ ਯਤਨ ਕਰਨ ਤੇ ਸ੍ਰ: ਦਰਬਾਰਾ ਸਿੰਘ ਜੀ ਨੂੰ ਬਾਰਬਟਨ ਦੀ ਮੇਮ ਤੋਂ ਪਤਾ ਲੱਗਿਆ ਕਿ ਸ੍ਰੀ ਸਤਿਗੁਰੂ ਜੀ ਇਸ ਸਮੇਂ ਰੰਗੂਨ ਦੇ ਉਸ ਕਿਲ੍ਹੇ ਵਿੱਚ ਠਹਿਰਾਏ ਗਏ ਹਨ ਜਿੱਥੇ ਕਦੀ ਬਹਾਦਰ ਸ਼ਾਹ ਜ਼ਫ਼ਰ ਕੈਦ ਵਿੱਚ ਰਿਹਾ ਕਰਦਾ ਸੀ। ਇਸ ਤਰ੍ਹਾਂ ਬਾਬਾ ਬੁੱਧ ਸਿੰਘ ਜੀ ਨੇ ਲਗਭਗ ਤਿੰਨ ਸਾਲਾਂ ਦਾ ਮੁਖਾਲਫਤ ਭਰਿਆ ਔਖਾ ਪੈਂਡਾ ਆਪਣੀ ਸਿਮਰਨ ਸ਼ਕਤੀ, ਧੀਰਜ ਤੇ ਸੀਤਲ ਸੁਭਾਉ ਕਰਕੇ ਤੈਅ ਕੀਤਾ।

ਬਾਬਾ ਦਰਬਾਰਾ ਸਿੰਘ ਜੀ ਨੂੰ ਜਦੋਂ ਪਤਾ ਲੱਗਿਆ ਤਾਂ ਉਹ ਰੰਗੂਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਗਏ। ਉਸ ਵਕਤ ਉਨ੍ਹਾਂ ਹੱਥ ਜੋ ਪਹਿਲਾ ਹੁਕਮਨਾਮਾ ਲਿਖਿਆ ਆਇਆ ਉਸ ਵਿੱਚ ਸਾਧ ਸੰਗਤ ਨੂੰ ਸੰਬੋਧਨ ਕਰਦਿਆਂ ਇਹ ਸ਼ਬਦ ਲਿਖੇ ਹੋਏ ਸਨ :-

**ਭਾਈ ਬੁੱਧ ਸਿੰਘ ਦਾ ਨਾਮ ਅੱਜ ਤੋਂ ''ਹਰੀ ਸਿੰਘ'' ਕਰਕੇ ਸਦਣਾ। ਇਹ ਨਾਮਧਾਰੀ ਸੰਗਤ (ਖੇਤੀ) ਨੂੰ ਹਰੀ ਰਖੇਗਾ। ਇਸਨੂੰ ਸਿਰ ਕਰਤਾ ਜਾਨਣਾ। ਇਹ ਮੇਰੇ ਧੱਕੇ ਨੂੰ ਬਖਸ਼ ਸਕੇਗਾ, ਪਰ ਮੈਂ ਇਸਦੇ ਧੱਕੇ ਹੋਏ ਨੂੰ ਨਹੀਂ ਬਖਸ਼ ਸਕਾਂਗਾ।''** ਅਰਦਾਸ ਵਿੱਚ ਇਸੇ ਲਈ ਜੋਤਿ ਕਾ ਜਾਮਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਆਖਿਆ ਜਾਂਦਾ ਹੈ। ਉਸ ਸਮੇਂ ਸਤਿਗੁਰੂ ਹਰੀ ਸਿੰਘ ਜੀ ਨੇ ਏਨੀਆਂ ਸਖਤੀਆਂ ਦੇ ਬਾਵਜੂਦ ਇਕ ਕੜੀ ਦਾ ਕੰਮ ਕੀਤਾ। ਸਦਾ ਵਰਤ ਲੰਗਰ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜੋ ਬਚਨ ਲਿਖ ਭੇਜੇ ਇਹ ਹਨ ::-

**ਲੰਗਰ ਵਿੱਚ ਮੋਟਾ ਪ੍ਰਸ਼ਾਦਾ ਤੇ ਕਰੜਾ ਦਾਲਾ ਹੋਵੇ। ਕੋਈ ਕਿਸੇ ਵੇਲੇ ਆ ਕੇ ਪ੍ਰਸ਼ਾਦਾ ਮੰਗੇ, ਉਸਨੂੰ ਉਸੇ ਵਕਤ ਪ੍ਰਸ਼ਾਦਾ ਦਾਲਾ ਦੇਣਾ ਭਾਵੇਂ ਉਸਦੇ ਹੱਥ ਵਿੱਚ ਗਊ ਦੀ ਰੱਤ ਨਾਲ ਲਿਬੜੀ ਛੁਰੀ ਕਿਉਂ ਨ ਹੋਵੇ।**

ਸ੍ਰੀ ਭੈਣੀ ਸਾਹਿਬ ਦੀ ਡਿਓਢੀ ਦੇ ਅੰਦਰ ਹੀ ਖੱਬੇ ਹੱਥ ਅਲਮਾਰੀ ਵਿੱਚ ਇੱਕ ਟੋਕਰਾ ਪ੍ਰਸ਼ਾਦਿਆਂ ਦਾ ਅਤੇ ਇੱਕ ਬਾਲਟੀ ਦਾਲੇ ਦੀ ਹਰ ਰਾਤ ਨੂੰ ਰੱਖੀ ਜਾਂਦੀ ਹੈ। ਇਸ ਉਪਰ ਲਿਖਿਆ ਹੋਇਆ ਹੈ :- ''ਇਹ ਸਦਾ ਬਰਤ ਲੰਗਰ ਸੰਮਤ 1981 ਤੋਂ ਚਲ ਰਿਹਾ ਹੈ।''

## ਸ੍ਰੀ ਭੈਣੀ ਸਾਹਿਬ ਇਕ ''ਬੰਦੀਖਾਨਾ''

18 ਜਨਵਰੀ 1872 ਈ: ਦੀ ਸਵੇਰ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਹੋਣ ਤੋ ਬਾਅਦ 20 ਜਨਵਰੀ 1872 ਈ: ਨੂੰ ਕਰਨਲ ਬੇਲੀ ਨੇ ਭੈਣੀ ਸਾਹਿਬ ਦੀ ਤਲਾਸ਼ੀ ਲਈ। ਡੇਰੇ ਵਿੱਚੋਂ ਸਭ ਸੰਗਤਾਂ ਨੂੰ ਕੱਢ ਦਿੱਤਾ ਗਿਆ। ਡੇਰੇ ਵਿੱਚ ਸਿਰਫ ਬਾਬਾ ਜੱਸਾ ਸਿੰਘ ਜੀ, ਬਾਬਾ ਬੁੱਧ ਸਿੰਘ ਜੀ (ਸਤਿਗੁਰੂ ਹਰੀ ਸਿੰਘ ਜੀ), ਬੀਬੀ ਨੰਦਾ ਬੱਚਿਆਂ ਸਮੇਤ, ਦੁਕਾਨ ਦਾ ਮੈਨੇਜਰ ਵਰਿਆਮ ਸਿੰਘ ਤੇ ਨਿੱਜੀ ਸੇਵਕ ਮੱਖਣ ਸਿੰਘ ਹੀ ਰਹਿਣ ਦਿੱਤੇ ਗਏ। ਗੁਰਦੁਆਰੇ ਦੀ ਤਲਾਸ਼ੀ ਲਈ ਗਈ, ਪਾਣੀ ਹਾਂਡੇ ਤੱਕ ਪੁੱਟ ਕੇ ਵੇਖਿਆ ਗਿਆ, ਪਰ ਕੋਈ ਇਤਰਾਜ਼ ਯੋਗ ਹਥਿਆਰ ਆਦਿ ਨਾ ਮਿਲਿਆ। ਫਿਰ ਵੀ 'ਕ੍ਰਾਂਤੀਕਾਰੀ ਮੰਦਿਰ' ਦੇ ਬਾਹਰ ਡਿਓਢੀ ਵਿਚ ਪੁਲਿਸ ਦੀ ਚੌਂਕੀ ਬਿਠਾ ਦਿੱਤੀ ਗਈ। ਸ੍ਰੀ ਭੈਣੀ ਸਾਹਿਬ ਆਉਣ ਵਾਲੀਆਂ ਸੰਗਤਾਂ ਦਾ ਰਜਿਸਟਰ ਵਿਚ ਨਾਮ ਦਰਜ ਕੀਤਾ ਜਾਂਦਾ। ਪੂਰੇ 50 ਸਾਲ ਡਿਓਢੀ ਦੇ ਬਾਹਰ ਪੁਲੀਸ ਦਾ ਸਖ਼ਤ ਪਹਿਰਾ ਹੋਣ ਦੇ ਬਾਵਜੂਦ ਵੀ ਸੰਗਤਾਂ ਦਰਸ਼ਨ ਕਰਨ ਨੂੰ ਆਉਂਦੀਆਂ ਪਰ ਪੰਜ ਸਿੰਘਾਂ ਨੂੰ ਹੀ ਅੰਦਰ ਜਾਣ ਦਿੱਤਾ ਜਾਂਦਾ। ਉਹ ਪੰਜ ਬਾਹਰ ਆਉਂਦੇ ਫਿਰ ਹੋਰ ਜਾਂਦੇ। ਇਸ ਤਰ੍ਹਾਂ ਸੰਗਤਾ ਬਾਹਰ ਟਿੱਬਿਆਂ 'ਤੇ ਹੀ ਰਾਤਾਂ ਗੁਜ਼ਾਰ ਲਿਆ ਕਰਦੀਆਂ ਸਨ। ਲੰਗਰ ਉਨ੍ਹਾਂ ਤੀਕ ਪਹੁੰਚਾਉਣ ਲਈ ਕਈ ਢੰਗ ਤਰੀਕੇ ਵਰਤੇ ਜਾਂਦੇ ਸਨ। ਸਰਕਾਰ ਨੇ ਸਤਿਗੁਰੂ ਹਰੀ ਸਿੰਘ ਜੀ ਦੇ ਬਾਹਰ ਜਾਣ 'ਤੇ ਪਾਬੰਦੀ ਲਗਾਈ ਹੋਈ ਸੀ ਪਰ ਉਨ੍ਹਾਂ ਦਾ ਤਪ ਤੇਜ਼ ਸੂਰਜ ਵਤ ਪ੍ਰਕਾਸ਼ ਦੇਣ ਲੱਗਾ ਅਤੇ ਸੰਗਤਾਂ ਵਹੀਰਾਂ ਘੱਤ ਸ੍ਰੀ ਭੈਣੀ ਸਾਹਿਬ ਨੂੰ ਆਉਣ ਲੱਗ ਪਈਆਂ। ਉਸ ਵੇਲੇ ਉਸਤਾਦ ਹਰਨਾਮ ਸਿੰਘ ਜੀ ਚਵਿੰਡੇ ਵਾਲੇ ਅਤੇ ਹੋਰ ਅਨੇਕਾਂ ਸਿੱਖ ਬੜੇ ਨਿਧੜਕ ਹੋ ਕੇ ਤੇ ਉੱਚੀਆਂ ਸੁਰਾਂ ਵਿੱਚ ਗਾਇਆ ਕਰਦੇ ਸੀ:

**ਉਹ ਮਰਨੋ ਮੂਲ ਨਾ ਡਰਦੇ, ਜਿਨ੍ਹਾਂ ਨੇ ਨੈਣ ਲਗਾ ਲਏ ਨੇ।**
**ਉਹ ਜਾਨ ਕਰਨ ਕੁਰਬਾਨ, ਜਿਨ੍ਹਾਂ ਨੇ ਦਰਸ਼ਨ ਪਾ ਲਏ ਨੇ।**

ਇਹ ਉਹ ਸਮਾਂ ਸੀ ਜਦੋਂ ਨਾਮਧਾਰੀ ਸਿੱਖਾਂ ਨੇ ਆਪਣੀਆਂ ਜ਼ਮੀਨਾਂ ਜਾਇਦਾਦਾਂ ਵੇਚ ਕੇ ਰੰਗੂਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਜਾਇਆ ਕਰਦੇ ਸਨ। ਪੰਜਾਬ ਦੇ ਹਾਲਾਤ ਲਿਖ ਕੇ ਉਨ੍ਹਾਂ ਨੂੰ ਭੇਜਿਆ ਜਾਂਦਾ ਅਤੇ ਉਨ੍ਹਾਂ ਵਲੋਂ ਲਿਖੇ ਹੁਕਮਨਾਮੇ ਲੈ ਕੇ ਇਥੇ ਆਉਂਦੇ ਸਨ। ਚੌਥੇ ਗੁਰੂ ਸਤਿਗੁਰੂ ਰਾਮਦਾਸ ਜੀ ਦੇ ਇਸ ਸ਼ਬਦ ਨੂੰ

ਅਮਲੀ ਰੂਪ ਵਿੱਚ ਇਨ੍ਹਾਂ ਨਾਮਧਾਰੀ ਮਰਜੀਵੜੇ ਸਿੰਘਾਂ ਨੇ ਅਪਣਾਇਆ।

**ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥**

**ਸਮੁੰਦੁ ਸਾਗਰੁ ਹੋਵੈ ਬਹੁਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥** ਪੰਨਾ 757

ਯਾਦ ਰਹੇ : ਸ੍ਰੀ ਭੈਣੀ ਸਾਹਿਬ ਜੋ ਉਸ ਵਕਤ ਮਥਰਾ ਵਾਲੀ ਕੰਸ ਦੀ ਜੇਲ੍ਹ ਦਾ ਨਮੂਨਾ ਬਣਿਆ ਹੋਇਆ ਸੀ, ਚੇਤ ਵਦੀ ਤੀਜ ਸੰਮਤ 1946 (9 ਮਾਰਚ 1890) ਦਿਨ ਐਤਵਾਰ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੇ ਮਾਤਾ ਜੀਵਨ ਕੌਰ ਜੀ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਹੋਇਆ ਅਤੇ ਇਸੇ ਬੰਦੀਖਾਨੇ ਦੌਰਾਨ 22 ਨਵੰਬਰ 1920 ਈ: (8 ਮੱਘਰ ਸੰਮਤ 1977) ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਘਰ ਮਾਤਾ ਭੁਪਿੰਦਰ ਕੌਰ ਦੇ ਉਦਰ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਹੋਇਆ।

## ਛਿਪੰਜਾ ਦਾ ਕਾਲ :

ਸੰਮਤ 1956 ਨੂੰ ਬਾਰਸ਼ਾਂ ਨਾ ਹੋਣ ਕਾਰਨ ਸਾਰੇ ਭਾਰਤ ਵਿੱਚ ਅੰਨ ਦਾ ਸੰਕਟ ਪੈਦਾ ਹੋ ਗਿਆ। ਰਾਜਸਥਾਨ ਦੇ ਬੀਕਾਨੇਰ ਦੇ ਗ਼ਰੀਬ ਬਾਗੜੀ ਲੋਕ ਇਸ ਸੰਕਟ ਨੂੰ ਨਾ ਸਹਿਣ ਕਰਦੇ ਹੋਏ ਹਜ਼ਾਰਾਂ ਦੀ ਗਿਣਤੀ ਵਿੱਚ ਲੁਧਿਆਣੇ ਤੇ ਉਥੋਂ ਫਿਰ ਭੈਣੀ ਸਾਹਿਬ ਆ ਗਏ। ਲੰਗਰ ਦਾ ਪ੍ਰਸ਼ਾਦਾ ਮਿਲਦਾ ਵੇਖ ਉਨ੍ਹਾਂ ਸਭ ਨੇ ਉਥੇ ਹੀ ਡੇਰੇ ਲਾ ਲਏ। ਪੁਲਿਸ ਨੇ ਡੀ.ਸੀ. ਨੂੰ ਰਿਪੋਰਟ ਕੀਤੀ। ਜਦੋਂ ਡੀ.ਸੀ. ਨੇ ਆ ਕੇ ਲੰਗਰ ਨੂੰ ਵਰਤਾਂਦਿਆਂ ਹੋਇਆਂ ਵੇਖਿਆ ਤਾਂ ਹੈਰਾਨ ਹੋ ਕੇ ਪੁੱਛਣ ਲੱਗਾ ਕਿ ਮਹਾਰਾਜ ਜੀ ਇੰਨਾ ਅਨਾਜ ਕਿਥੋਂ ਆ ਰਿਹਾ ਹੈ ? ਸਤਿਗੁਰੂ ਹਰੀ ਸਿੰਘ ਜੀ ਬਚਨ ਕੀਤਾ : **ਜੋ ਇਹ ਲੰਗਰ ਸਤਿਗੁਰੂ ਰਾਮ ਸਿੰਘ ਜੀ ਦਾ ਹੈ। ਉਹ ਪਤਾ ਨਹੀਂ ਕਿਧਰੋਂ ਅਨਾਜ ਭੇਜ ਦਿੰਦੇ ਹਨ।** ਡੀ.ਸੀ. ਫਿਰ ਪੁੱਛਣ ਲੱਗਾ ਕਿ ਇਹ ਲੰਗਰ ਕਿੰਨਾਂ ਚਿਰ ਇਸ ਤਰ੍ਹਾਂ ਚਲੇਗਾ ? ਤਾਂ ਆਪ ਜੀ ਫੁਰਮਾਇਆ : **ਜਿਨਾਂ ਚਿਰ ਸਾਡੇ ਕੋਲ ਅਨਾਜ ਰਹੇਗਾ, ਉਨਾਂ ਚਿਰ ਇਹ ਇਸ ਤਰ੍ਹਾਂ ਹੀ ਚਲਦਾ ਰਹੇਗਾ।** ਡੀ.ਸੀ. ਦੇ ਇਹ ਕਹਿਣ ਤੇ ਕਿ ਅਨਾਜ ਖ਼ਤਮ ਹੋਣ ਤੇ ਕੀ ਕਰੋਗੇ ? ਤਾਂ ਆਪ ਜੀ ਨੇ ਬਚਨ ਕੀਤਾ ਕਿ **ਅਸੀਂ ਕੋਠੇ ਦੇ ਸ਼ਤੀਰ ਲਾਹ ਕੇ ਵੇਚ ਵੱਟ ਕੇ ਲੰਗਰ ਚਲਾਵਾਂਗੇ।** ਇਹ ਸੁਣ ਡੀ.ਸੀ. ਬਹੁਤ ਖ਼ੁਸ਼ ਹੋਇਆ ਤੇ ਆਖਣ ਲੱਗਾ ਕਿ, ''ਮੇਰੀ ਸਰਕਾਰ ਆਪ ਕੇ ਲੰਗਰ ਕੇ ਲੀਏ 80 ਮੁਰੱਬੇ ਜ਼ਮੀਨ ਮਿੰਟਗੁਮਰੀ ਜ਼ਿਲੇ ਮੇਂ ਦੇ ਸਕਤੀ ਹੈ, ਮੈਂ ਲਿਖ ਦੇਤਾ ਹੂੰ।'' ਸਤਿਗੁਰੂ ਜੀ ਬੜੇ ਰੋਹ ਵਿੱਚ ਆ ਕੇ ਆਖਣ ਲੱਗੇ ਕਿ **''80 ਮੁਰੱਬੇ ਲੈ ਕੇ ਮੈਂ ਮੰਨ ਲਵਾਂ ਕਿ ਬਾਕੀ ਹਿੰਦੁਸਤਾਨ ਤੁਹਾਡਾ ਹੈ ? ਇਹ ਹਿੰਦੁਸਤਾਨ ਸਾਡਾ ਹੈ। ਅਸੀਂ ਜਦੋਂ ਲਵਾਂਗੇ, ਸਾਰਾ ਹੀ ਲਵਾਂਗੇ।''** ਇਹ ਸੁਣ ਡੀ. ਸੀ. ਵਾਪਸ ਚਲਾ ਗਿਆ।

## ਰਾਮਸਰ ਸਰੋਵਰ :

ਰਾਮਸਰ ਸਰੋਵਰ ਵਾਲੇ ਸਥਾਨ ਦੇ ਆਸ ਪਾਸ ਸਤਿਗੁਰੂ ਰਾਮ ਸਿੰਘ ਜੀ ਪਿੱਪਲ-ਬੋਹੜ ਆਦਿ ਦੇ ਦਰਖਤ ਲਗਾ ਕੇ ਆਖਿਆ ਕਰਦੇ ਸਨ ਕਿ, ''ਇਥੇ ਤ੍ਰੇਤੇ ਵਿੱਚ ਸ੍ਰੀ ਰਾਮ ਚੰਦਰ ਜੀ ਹਵਨ ਯੱਗ ਕਰਿਆ ਕਰਦੇ ਸਨ।'' ਇਸ ਤਰ੍ਹਾਂ ਦੇ ਬਚਨ ਪਿੰਡਾਂ ਵਾਲਿਆਂ ਨੂੰ ਔਖੇ ਕਰਿਆ ਕਰਦੇ। ਸਤਿਗੁਰੂ ਰਾਮ ਸਿੰਘ ਜੀ ਇਸ ਸਮੇਂ ਦੌਰਾਨ ਜਲਾਵਤਨ ਹੋ ਗਏ ਤਾਂ ਸਤਿਗੁਰੂ ਹਰੀ ਸਿੰਘ ਜੀ ਇਹੀ ਬਚਨ ਦੁਹਰਾਇਆ ਕਰਦੇ ਸਨ। ਪਿੰਡ ਵਾਲਿਆਂ ਵਲੋਂ ਸ਼ਿਕਾਇਤ ਕਰਨ ਤੇ ਅੰਗ੍ਰੇਜ਼ ਅਫ਼ਸਰ ਲੁਧਿਆਣੇ ਤੋਂ ਆ ਕੇ ਪੁੱਛ ਗਿੱਛ ਕਰਨ ਲੱਗਾ। ਉਸ ਵਕਤ ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਕਹੇ ਹੋਏ ਸ਼ਬਦਾਂ ਨੂੰ ਹੀ ਦੁਹਰਾਇਆ ਕਿ ਇਸ ਜਗ੍ਹਾ ਤੇ ਤ੍ਰੇਤੇ ਵਿੱਚ ਸ੍ਰੀ ਰਾਮ ਜੀ ਇਥੇ ਬੈਠ ਕੇ ਤਪ ਕਰਿਆ ਕਰਦੇ ਸੀ ਅਤੇ ਹਵਨ ਕਰਿਆ ਕਰਦੇ ਸਨ। ਉਨ੍ਹਾਂ ਦੇ ਹਵਨ ਕਰਨ ਦਾ ਸਬੂਤ ਅੱਜ ਵੀ ਮਿਲ ਸਕਦਾ ਹੈ ਅਤੇ ਨਾਲ ਹੀ ਉਹ ਸਥਾਨ ਦੱਸਿਆ ਜਿਥੇ ਬੈਠ ਕੇ ਹਵਨ ਕੀਤਾ ਜਾਂਦਾ ਸੀ। ਅੰਗ੍ਰੇਜ਼ ਅਫ਼ਸਰ ਦੇ ਕਹਿਣ ਤੇ ਪਿੰਡ ਵਾਲਿਆਂ ਵਲੋਂ ਪੁਟਾਈ ਕਰਨੀ ਸ਼ੁਰੂ ਕਰ ਦਿੱਤੀ ਜਦੋਂ ਪਾਣੀ ਹਾਂਡੇ ਤਕ ਪੁਜੇ ਤਾਂ ਉਥੋਂ ਤਿਕੋਣਾ ਹਵਨ ਕੁੰਡ ਜਿਸ ਵਿੱਚ ਥਿੰਦੇ ਕੋਲੇ ਪਏ ਹੋਏ ਸਨ ਸਭ ਦੇ ਸ੍ਹਾਮਣੇ ਕਢਿਆ। ਇਸ ਜਗ੍ਹਾ ਨੂੰ ਰਾਮਦਾਸ ਪੁਰਾ ਆਖਿਆ ਜਾਣ ਲੱਗ ਪਿਆ ਤੇ ਸਰੋਵਰ ਨੂੰ ਰਾਮਸਰ।

## ਸਖ਼ਤੀ ਦਾ ਦੌਰ

ਪੁਲੀਸ ਚੌਂਕੀ ਦੇ ਸਿਪਾਹੀ ਸਿੱਖ ਸੰਗਤਾਂ ਨੂੰ ਕਾਫ਼ੀ ਤੰਗ ਕਰਿਆ ਕਰਦੇ ਸਨ। ਉਨ੍ਹਾਂ ਵਿਚੋਂ ਗੇਂਦਾ ਸਿਪਾਹੀ ਬਹੁਤ ਹੀ ਫਤੂਰ ਕਰਿਆ ਕਰਦਾ ਸੀ। ਭਗਵਾਨ ਸਿੰਘ ਅੜਬੰਗੀ ਨੂੰ ਪਤਾ ਲੱਗਾ ਤਾਂ ਉਹ ਭੈਣੀ ਸਾਹਿਬ ਆਇਆ। ਸਰਕਾਰ ਨੇ ਉਸ ਨੂੰ ਫੜਨ ਲਈ ਪਹਿਲਾਂ ਹੀ ਅੰਮ੍ਰਿਤਸਰ ਸਾਕੇ ਕਰਕੇ ਇਨਾਮ ਰੱਖਿਆ ਹੋਇਆ ਸੀ। ਜਦੋਂ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਕੇ ਵਾਪਸ ਜਾਣ ਲੱਗਾ ਤਾਂ ਗੇਂਦਾ ਸਿਪਾਹੀ ਜੋ ਆਪਣੇ ਆਪ ਨੂੰ ਬਹੁਤ ਤਾਕਤਵਰ ਸਮਝਿਆ ਕਰਦਾ ਸੀ ਉਸਦੇ ਮਗਰ ਲਗ ਤੁਰਿਆ। ਅੱਗੇ ਅੱਗੇ ਅੜਬੰਗੀ ਤੇ ਮਗਰ-ਮਗਰ ਗੇਂਦਾ ਸਿਪਾਹੀ। ਜਿਉਂ ਹੀ ਸ੍ਰੀ ਭੈਣੀ ਸਾਹਿਬ ਦੀ ਜੂਹ ਪਾਰ ਕੀਤੀ ਤਾਂ ਅੜਬੰਗੀ ਕੁੱਝ ਦੂਰ ਤੇ ਖਲੋ ਗਿਆ। ਗੇਂਦਾ ਉਸਨੂੰ ਕਾਬੂ ਕਰਨ ਲਈ ਜਿਉਂ ਹੀ ਅਗੇ ਹੋਇਆ ਕਿ ਅੜਬੰਗੀ ਨੇ ਐਸੀ ਡਾਂਗ ਚਲਾਈ ਜੋ ਉਸਦੀ ਪੁੜਪੁੜੀ 'ਚ ਵਜਦੀ ਹੋਈ ਉਸ ਨੂੰ ਉਥੇ ਹੀ ਢੇਰ ਕਰ ਗਈ ਅਤੇ ਅੜਬੰਗੀ ਹੋਰੀਂ ਹਰਨ ਹੋ ਗਏ।

ਏਸ ਸਮੇਂ ਆਖੰਡ ਪਾਠ ਮਰਿਆਦਾ ਨਾਲ ਪਿੰਡਾਂ ਪਿੰਡਾਂ ਵਿੱਚ ਸਿੱਖਾਂ ਨੇ ਕਰਾਉਣੇ

ਸ਼ੁਰੂ ਕਰ ਦਿੱਤੇ ਤਾਂ ਜੁ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਛੇਤੀ ਹੋਵਣ। ਪਰ ਸਰਕਾਰ ਨੇ ਇਨ੍ਹਾਂ ਪਾਠਾਂ ਵਿੱਚ ਲੱਗੇ ਹੋਏ ਪਾਠੀਆਂ, ਧੂਪੀਏ, ਲਾਂਗਰੀ ਸਿੰਘਾਂ ਤੋਂ ਇਲਾਵਾ ਕਰਾਉਣ ਵਾਲਿਆਂ ਸਾਰਿਆਂ ਨੂੰ 6 ਮਹੀਨੇ ਤੋਂ 7 ਸਾਲ ਤੱਕ ਦੀ ਸਖਤ ਸਜਾ ਦੇ ਜੁਰਮਾਨੇ ਕੀਤੇ ਜਾਂਦੇ। ਸਿੰਘ ਫਿਰ ਵੀ ਨਾ ਡਰਦੇ ਤੇ ਇਹ ਪਾਠ ਹੁੰਦੇ ਹੀ ਰਹਿੰਦੇ।

ਇਸ ਤਰ੍ਹਾਂ ਦੀਆਂ ਸਖਤੀਆਂ ਦੇ ਦੌਰ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੇ ਨਾਮਧਾਰੀ ਸਿੰਘਾਂ ਨੇ ਖਿੜੇ ਮੱਥੇ ਝੱਲਿਆ। ਬੜੀ ਸੂਝ ਸਿਆਣਪ ਦੇ ਨਾਲ ਬਦੇਸ਼ਾਂ ਵਿੱਚ ਰੂਸ ਅਤੇ ਕਾਬਲ ਨਾਲ ਸੰਪਰਕ ਬਣਾਈ ਰੱਖਿਆ। ਇਸ ਸਮੇਂ ਹੀ ਅੰਗਰੇਜ਼ਾਂ ਨੂੰ ਸਭ ਤੋਂ ਵੱਧ ਰੂਸ ਦੇ ਹਮਲੇ ਦਾ ਡਰ ਬਣਿਆ ਰਿਹਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚੋਂ ਇਸ ਗਲ ਦੇ ਸੰਕੇਤ ਮਿਲਦੇ ਹਨ। ਸਤਿਗੁਰੂ ਹਰੀ ਸਿੰਘ ਜੀ ਪੂਰਨ ਬ੍ਰਹਮ ਗਿਆਨੀਆਂ ਵਾਲੀ ਅਵਸਥਾ ਵਿੱਚ ਦੁੱਖ ਸੁੱਖ ਤੇ ਹਰਖ ਸੋਗ ਨੂੰ ਬਰਾਬਰ ਕਰ ਜਾਣਦੇ ਹੋਏ ਪੂਰੇ 34 ਵਰ੍ਹੇ ਪੂਰੀ ਜ਼ਿਮੇਵਾਰੀ ਨਾਲ ਇਸ ਕਾਰਜ ਨੂੰ ਸੰਭਾਲਿਆ ਤੇ ਨਾਮਧਾਰੀ ਪੰਥਕ ਫੁਲਵਾੜੀ ਨੂੰ ਹਰਿਆ ਭਰਿਆ ਰੱਖਿਆ। ਅੰਤ ਆਪ ਜੀ ਵੱਡੇ ਸਾਹਿਬਜ਼ਾਦੇ ਮਹਾਰਾਜ ਪ੍ਰਤਾਪ ਸਿੰਘ ਜੀ ਨੂੰ ਇਹ ਗੁਰਆਈ ਵਾਲੀ ਗੱਦੀ ਬਖਸ਼ ਕੇ ਜੇਠ ਵਦੀ ਦਸਵੀਂ ਸੰਮਤ 1963 ਬਿ: ਨੂੰ ਸ੍ਰੀ ਭੈਣੀ ਸਾਹਿਬ ਵਿਖੇ ਬ੍ਰਹਮ ਜੋਤ ਵਿੱਚ ਲੀਨ ਹੋ ਗਏ। ਜਿੱਥੇ ਸੰਸਕਾਰ ਕੀਤਾ ਗਿਆ, ਉਸ ਅਸਥਾਨ ਤੇ ਅਜ ''ਹਰੀ ਮੰਦਰ'' ਉਸਾਰਿਆ ਗਿਆ ਹੈ, ਜਿਥੇ ਅਜ ਵੀ ਨਿਰੰਤਰ ਭਜਨ-ਬਾਣੀ ਹੋ ਰਿਹਾ ਹੈ।

# ਅਟੱਲ ਪ੍ਰਤਾਪੀ

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ (9 ਮਾਰਚ 1890 ਈ.) ਸੰਮਤ 1946 ਦੀ ਚੇਤਵਦੀ ਤੀਜ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਮਾਤਾ ਜੀਵਨ ਕੌਰ ਜੀ ਦੇ ਗ੍ਰਿਹ ਵਿਖੇ ਹੋਇਆ। ਉਸ ਸਮੇਂ ਨਾਮਧਾਰੀ ਸਿੱਖਾਂ ਤੇ ਅਤਿ ਕਠਿਨਾਈ ਦਾ ਦੌਰ ਚਲ ਰਿਹਾ ਸੀ।

ਸਤਿਗੁਰੂ ਹਰੀ ਸਿੰਘ ਜੀ ਦੇ ਇਨ੍ਹਾਂ ਬਚਨਾਂ ਕਰਕੇ ਕਿ ''ਇਹ ਬਾਲਕ ਵੱਡੇ ਪ੍ਰਤਾਪ ਵਾਲਾ ਆਇਆ ਹੈ, ਘਰ ਦਾ ਮਾਲਕ ਆਇਆ ਹੈ।'' ਵੱਡੇ ਸਾਹਿਬਜ਼ਾਦਿਆਂ ਨੂੰ ਪਹਿਲੇ ਦਿਨ ਤੋਂ ਹੀ ਪ੍ਰਤਾਪ ਸਿੰਘ ਕਰਕੇ ਬੁਲਾਇਆ ਜਾਣ ਲੱਗ ਪਿਆ। ਆਪ ਜੀ 5-7 ਸਾਲ ਦੀ ਆਯੂ ਵਿੱਚ ਹੀ ਆਦਿ ਸ੍ਰੀ ਗ੍ਰੰਥ ਸਾਹਿਬ ਤੇ ਦਸਮ ਸ੍ਰੀ ਗ੍ਰੰਥ ਸਾਹਿਬ ਦਾ ਪਾਠ ਕਰਨ ਲਗ ਪਏ ਸਨ ਤੇ ਹੋਰ ਅਨੇਕਾਂ ਗ੍ਰੰਥ ਜਵਾਨ ਅਵਸਥਾ ਵਿੱਚ ਪੁਜਦਿਆਂ ਤੱਕ ਯਾਦ ਕਰ ਲਏ ਸਨ। ਖੇਡਾਂ ਦੇ ਖੇਤਰ ਵਿੱਚ ਚੰਗਿਆਂ ਤਗੜਿਆਂ ਨੂੰ ਪਛਾੜ ਦਿਆ ਕਰਦੇ ਸਨ। ਨਿਤਨੇਮ ਦੇ ਬੜੇ ਪੱਕੇ ਤੇ ਸੁੱਚ-ਸੋਧ ਮਰਯਾਦਾ ਦੇ ਧਾਰਨੀ ਸਨ। 16 ਸਾਲ ਦੀ ਅਵਸਥਾ ਪਾਰ ਕਰਦਿਆਂ ਹੀ ਆਪ ਜੀ ਨੂੰ ਗੁਰਿਆਈ ਵਾਲਾ ਭਾਰ ਸੰਭਾਲਨਾ ਪਿਆ। ਆਪ ਜੀ ਨੇ ਇਸ ਗੁਰਿਆਈ ਵਾਲੀ ਕਾਰ ਨੂੰ ਸੰਭਾਲਨ ਲਈ ਕਿੰਨੇ ਵਰ੍ਹੇ ਨੀਲੋਂ ਨਹਿਰ ਦੇ ਕੰਢੇ ਬੈਠ ਘੋਰ ਤੱਪ ਕੀਤਾ, ਜਿਥੇ ਅਜਕਲ ਨਾਮਧਾਰੀ ਡੇਰਾ ਬਣਿਆ ਹੋਇਆ ਹੈ। ਇਸ ਤੇਜ ਤਪ ਨਾਲ ਆਪ ਜੀ ਜਿਸ 'ਤੇ ਨਿਗ੍ਹਾ ਕਰਦੇ ਉਸਨੂੰ ਨਦਰੀ ਨਦਰ ਨਿਹਾਲ ਕਰ ਦਿੰਦੇ ਸਨ। ਫਿਰ ਅੰਮ੍ਰਿਤ ਰੂਪੀ ਬਚਨਾਂ ਨਾਲ ਆਪ ਜੀ ਸਿੱਖਾਂ ਨੂੰ ਪਰਮਾਰਥਕ, ਸਮਾਜਕ ਤੇ ਵਿਵਹਾਰਕ ਉਪਦੇਸ਼ਾਂ ਰਾਹੀਂ ਨਿਵਾਜਣ ਲੱਗ ਪਏ।

ਸਮਾਜ ਸੁਧਾਰ ਦੇ ਲਈ ਆਪ ਜੀ ਨੇ ਅਨੰਦ ਕਾਰਜ ਸਮੇਂ ਕੁੜਮਾਈ ਕਰਨ, ਦਾਜ ਲੈਣ ਤੇ ਦੇਣ, ਵਿਆਹ ਵਿੱਚ ਮਠਿਆਈ ਜਾਂ ਹੋਰ ਪਦਾਰਥ ਬਨਾਉਣ, ਰਿਸ਼ਤੇ ਨਾਤੇਦਾਰ ਬੁਲਾਉਣੇ ਅਤੇ ਹੋਰ ਰਸਮੋਂ ਰਿਵਾਜਾਂ ਨੂੰ ਪੂਰੀ ਤਰ੍ਹਾਂ ਬੰਦ ਕਰਵਾ ਦਿੱਤਾ। ਮੇਲਿਆਂ ਤੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸਮੂਹਿਕ ਅਨੰਦ ਕਾਰਜ ਕਰਾਉਣ ਦੀ ਪ੍ਰਥਾ ਨੂੰ ਹੀ ਅਗੇ ਤੋਰਿਆ।

## ਮੁਠੱਡਾ ਕਲਾਂ ਵਿਖੇ ਭਾਰੀ ਕਾਨਫਰੰਸ :

17 ਜਨਵਰੀ ਸੰਨ 1921 ਵਿੱਚ ਮੁਠੱਡਾਂ ਕਲਾਂ (ਜ਼ਿਲ੍ਹਾ ਜਲੰਧਰ) ਵਿਚ ਦੇਸ਼ ਭਗਤਾਂ ਦਾ ਭਾਰੀ ਇਕੱਠ ਹੋਇਆ। ਜਿਸ ਦੀ ਪ੍ਰਧਾਨਗੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤੀ। ਇਸ ਕਾਨਫਰੰਸ ਵਿੱਚ ਸ੍ਰੀ ਮਾਨ ਮਹਾਰਾਜ ਗੁਰਦਿਆਲ ਸਿੰਘ ਜੀ, ਚੌਧਰੀ ਗੁਲਾਮ ਹੈਦਰ ਖਾਂ ਐਡੀਟਰ 'ਸਦਾਕਤ' ਲਾਹੌਰ, ਸੰਤ ਨਿਧਾਨ ਸਿੰਘ 'ਆਲਮ', ਐਡੀਟਰ 'ਸਤਿਜੁਗ' ਲਾਹੌਰ, ਸੰਤ ਇੰਦ੍ਰ ਸਿੰਘ 'ਚਕ੍ਰਵਰਤੀ', ਪੰਡਿਤ ਅਮਰ ਸਿੰਘ, ਸ: ਕਿਸ਼ਨ ਸਿੰਘ, ਸ: ਸਰਦਾਰਾ ਸਿੰਘ ਐਡੀਟਰ 'ਖਾਲਸਾ ਅਖਬਾਰ' ਲਾਹੌਰ, ਮਹਿਤਾ ਅਨੰਦ ਕਿਸ਼ੋਰ, ਮਹਾਤਮਾ ਨੰਦ ਗੋਪਾਲ ਅਤੇ ਲਾਲਾ ਮੁਨਸ਼ੀ ਰਾਮ ਸਵਰਾਜ ਆਸ਼ਰਮ ਅੰਮ੍ਰਿਤਸਰ ਸ਼ਾਮਲ ਹੋਏ। ਫਿਲੌਰ ਤੋਂ ਇਕ ਜਲੂਸ ਦੀ ਸ਼ਕਲ ਵਿੱਚ ਮੁਠੱਡੇ ਬੜੀ ਧੂਮ ਧਾਮ ਨਾਲ ਪੁੱਜੇ। ਇਸ ਕਾਨਫਰੰਸ ਵਿਚ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਆਖਿਆ: ''ਸਜਣੋਂ ! ਭਾਵੇਂ ਅੱਜ ਸਾਨੂੰ ਆਖਿਆ ਜਾਂਦਾ ਹੈ ਕਿ ਤੁਹਾਡੇ ਉੱਤੋਂ ਪੁਲਿਸ ਦਾ ਪਹਿਰਾ ਉਠਾ ਲਿਆ ਗਿਆ ਹੈ ਪਰ ਅਸੀਂ ਓਨਾਂ ਚਿਰ ਸੁਖੀ ਨਹੀਂ ਹੋਵਾਂਗੇ ਜਿਨ੍ਹਾਂ ਚਿਰ ਖਿਲਾਫਤ ਦਾ ਮਾਮਲਾ ਅਤੇ ਪੰਜਾਬ ਦਾ ਸਵਾਲ ਹੱਲ ਨਹੀਂ ਹੋ ਜਾਂਦਾ। ਹਿੰਦੂਓ ਅਤੇ ਮੁਸਲਮਾਨੋਂ, ਅਸੀਂ ਜਦ ਤਕ ਜਿਊਂਦੇ ਹਾਂ ਤਦ ਤਕ ਤੁਹਾਡੇ ਨਾਲ ਹਾਂ। ਸਾਨੂੰ ਚਾਹੀਦਾ ਹੈ ਕਿ ਸਰਕਾਰ ਨਾਲ ਨਾ-ਮਿਲਵਰਤਨ ਕਰਨ ਲਈ ਸਾਡੀ ਆਪਸ ਵਿੱਚ ਗੂੜ੍ਹੀ ਮਿਲਵਰਤਨ ਹੋਵੇ। 1872 ਈ: ਵਿੱਚ ਨਾਮਧਾਰੀਆਂ ਦਾ ਇਹ ਹਾਲ ਹੋਇਆ। 1919 ਵਿੱਚ ਜਲ੍ਹਿਆਂ ਵਾਲੇ ਬਾਗ ਵਿਚ ਸਾਡੀ ਸਾਰਿਆਂ ਦੀ ਦੁਰਦਸ਼ਾ ਹੋਈ। ਮਹਾਤਮਾ ਗਾਂਧੀ ਕਈ ਵਾਰ ਆਖ ਚੁੱਕੇ ਹਨ ਕਿ ''ਜਿੰਨਾਂ ਚਿਰ ਤੁਸੀਂ ਆਪਸ ਵਿੱਚ ਚੰਗਾ ਮਿਲਾਪ ਨਾ ਕਰੋਗੇ ਓਨਾ ਚਿਰ ਤੁਹਾਨੂੰ ਸਰਕਾਰ ਨਾਲ ਨਾ-ਮਿਲਵਰਤਨ ਵਿਚ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ। ਸ੍ਵਰਾਜ ਦੀ ਪ੍ਰਾਪਤੀ ਲਈ ਆਤਮਿਕ ਬਲ ਦੀ ਲੋੜ ਹੈ। ਪਹਿਲੋਂ ਜਰਨਾ ਸਿਖੋ। ਜਦ ਤਕ ਤੁਹਾਡੇ ਵਿੱਚ ਆਤਮਿਕ ਸ਼ਕਤੀ ਨਹੀਂ ਤਦ ਤਕ ਤੁਸੀਂ ਜਰ ਨਹੀਂ ਸਕਦੇ ਅਤੇ ਜਰਨ ਤੋਂ ਬਿਨਾਂ ਤੁਸੀਂ ਅਜੇ ਗੁਲਾਮ ਹੋ। ਆਤਮਿਕ ਸ਼ਕਤੀ ਤੋਂ ਬਿਨਾਂ ਨਾ-ਮਿਲਵਰਤਨ ਵਿਚ ਕਦੀ ਵੀ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ।''

ਸਤਿਗੁਰੂ ਜੀ ਅੰਗ੍ਰੇਜ਼ੀ ਹਕੂਮਤ ਦੇ ਦੇਸ਼ ਨੂੰ ਆਜ਼ਾਦੀ ਦੇਣ ਤੇ ਭਾਰਤ ਨੂੰ ਛੱਡ ਕੇ ਵਾਪਸ ਜਾਣ ਤਕ ਪੂਰੀ ਤਰ੍ਹਾਂ ਡੱਟ ਕੇ ਵਿਰੋਧ ਕਰਦੇ ਰਹੇ। ਸਭ ਤੋਂ ਵੱਡੀ ਗੱਲ ਇਹ ਸੀ ਕਿ ਜਿਹੜੇ ਸੁਤੰਤਰਤਾ ਸੰਗ੍ਰਾਮੀ ਅੰਡਰ ਗਰਾਉਂਡ ਰਹਿਕੇ ਅੰਗ੍ਰੇਜ਼ਾਂ ਦੇ ਖਿਲਾਫ਼ ਕਾਰਵਾਈਆਂ ਕਰਿਆ ਕਰਦੇ ਸਨ, ਉਨ੍ਹਾਂ ਦੀ ਪਨਾਹਗਾਹ ਅਸਥਾਨ ਵੀ ਸ੍ਰੀ ਭੈਣੀ ਸਾਹਿਬ ਹੀ ਹੋਇਆ ਕਰਦੀ ਸੀ।

## ਲਹੌਰ ਕਾਂਗਰਸ ਇਜਲਾਸ ਅਤੇ ਭਾਰਤ ਦੀ ਮੁਕੰਮਲ ਆਜ਼ਾਦੀ ਦਾ ਮਤਾ:

ਸੰਨ 1929 ਈ: ਨੂੰ ਆਲ ਇੰਡੀਆਂ ਕਾਂਗਰਸ ਦਾ ਸਾਲਾਨਾ ਇਜਲਾਸ ਲਾਹੌਰ ਵਿਖੇ ਰਾਵੀ ਦੇ ਕੰਢੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਸਰਪ੍ਰਸਤੀ ਹੇਠ ਹੋ ਰਿਹਾ ਸੀ। ਸਿੱਖਾਂ ਦੇ ਬੇਤਾਜ਼ ਬਾਦਸ਼ਾਹ ਕਹੇ ਜਾਣ ਵਾਲੇ ਬਾਬਾ ਖੜਕ ਸਿੰਘ ਨੇ ਕਾਂਗਰਸ ਨਾਲ ਮਤਭੇਦ ਹੋਣ ਕਾਰਨ ਇਸ ਕਾਂਗਰਸ ਇਜਲਾਸ ਦਾ ਮੁਕੰਮਲ ਬਾਈਕਾਟ ਕਰਦਿਆਂ ਕਿਹਾ ਕਿ ਜੋ ਸਿੱਖ ਇਸ ਇਜਲਾਸ ਵਿੱਚ ਜਾਵੇਗਾ, ਉਹ ਸਿੱਖ ਨਹੀਂ ਰਹੇਗਾ। ਆਜ਼ਾਦੀ ਦੀ ਪ੍ਰਾਪਤੀ ਲਈ ਇਨ੍ਹਾਂ ਗੱਲਾ ਦੀ ਪ੍ਰਵਾਹ ਨਾ ਕਰਦਿਆਂ ਹੋਇਆ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਮਹਾਰਾਜ ਨਿਹਾਲ ਸਿੰਘ ਦੀ ਅਗਵਾਈ ਹੇਠ ਹਜ਼ਾਰਾਂ ਨਾਮਧਾਰੀ ਸਿੰਘਾਂ ਨੇ ਇਸ ਵਿੱਚ ਸ਼ਮੂਲੀਅਤ ਹੀ ਨਹੀਂ ਕੀਤੀ ਬਲਕਿ ਜਲੂਸ ਤੇ ਲੰਗਰ ਦਾ ਪ੍ਰਬੰਧ ਕਰਕੇ ਆਮ ਜਨਤਾ ਨੂੰ ਕਾਫ਼ੀ ਪ੍ਰਭਾਵਤ ਕੀਤਾ। ਇਹ ਵੇਖ ਕੇ ਦੂਜੇ ਸਿੱਖ ਵੀ ਕਾਫ਼ੀ ਗਿਣਤੀ ਵਿੱਚ ਸ਼ਾਮਲ ਹੋ ਗਏ। ਉਸ ਸਮੇਂ ਭਾਰਤ ਦੀ ਮੁਕੰਮਲ ਆਜ਼ਾਦੀ ਵਾਸਤੇ ਸਰਬ ਸੰਮਤੀ ਨਾਲ ਮੱਤਾ ਪਾਸ ਕੀਤਾ ਗਿਆ ਸੀ।

ਇਸ ਕੀਤੇ ਗਏ ਪੂਰੇ ਪ੍ਰਬੰਧ ਨੂੰ ਵੇਖਦਿਆਂ ਹੋਇਆਂ ਕੌਮੀ ਆਗੂ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵਾਲਿਆਂ ਨੇ ਸਤਿਗੁਰੂ ਜੀ ਦੀ ਦੂਰਅੰਦੇਸ਼ੀ ਦੀ ਬਹੁਤ ਪ੍ਰਸੰਸਾ ਕੀਤੀ ਅਤੇ ਆਖਿਆ ਕਿ ਨਾਮਧਾਰੀ ਸੰਪਰਦਾਏ ਦੇ ਆਗੂ ਸ੍ਰੀਮਾਨ ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ ਦੀ ਸੁਚੱਜੀ ਅਗਵਾਈ ਨੇ ਸਿੱਖ ਕੌਮ ਉਤੇ ਲਗਣ ਵਾਲੇ ਕਾਲੇ ਧੱਬੇ ਤੋਂ ਬਚਾ ਲਿਆ ਹੈ।

## ਗੁਰੂ ਨਾਨਕ ਨਾਮ ਲੇਵਾ ਸਰਬ ਸੰਪਰਦਾਵਾਂ ਦਾ ਸੰਮੇਲਨ:

ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲੀਆਂ ਸਭ ਸਿੱਖ ਸੰਪਰਦਾਵਾਂ ਨੂੰ ਇੱਕ ਮੰਚ 'ਤੇ ਇਕੱਠਿਆਂ ਕਰਨ ਲਈ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸੰਨ 1934 ਈ: ਵਿੱਚ ਇੱਕ ਵਿਸ਼ਾਲ ਪੱਧਰ ਦੀ 'ਗੁਰੂ ਨਾਨਕ ਸਰਬ ਸੰਪ੍ਰਦਾਇਕ ਕਾਨਫ਼ਰੰਸ' ਕਰਨ ਦਾ ਪ੍ਰੋਗਰਾਮ ਬਣਾਇਆ। ਪਰ ਮਾ: ਤਾਰਾ ਸਿੰਘ ਸਮੇਤ ਕੁਝ ਅਕਾਲੀਆਂ ਅਤੇ ਸਿੰਘ ਸਭਾ ਮੱਤ ਦੇ ਧਾਰਨੀਆਂ ਵਲੋਂ ਇੱਕ ਸ਼ਰਤ ਰੱਖ ਦਿੱਤੀ ਗਈ ਕਿ ਜੇਕਰ ਇਸ ਕਾਨਫ਼ਰੰਸ ਵਿੱਚ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਹੋਵੇਗੀ ਤਾਂ ਹੀ ਉਹ ਸ਼ਾਮਲ ਹੋਣਗੇ। ਕਿਉਂ ਜੁ ਉਪਰਾਲਾ ਸਾਰੀਆਂ ਸੰਪਰਦਾਵਾਂ ਨੂੰ ਇਕੱਠਿਆਂ ਕਰਨ ਦਾ ਕੀਤਾ ਗਿਆ ਸੀ, ਸੋ ਨਾਮਧਾਰੀ ਸੰਗਤ ਦੇ ਮੁੱਖੀਆਂ ਵਲੋਂ ਇਸ ਗੱਲ ਦਾ ਵਿਰੋਧ ਕਰਨ ਦੇ ਬਾਵਜੂਦ ਵੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਨ੍ਹਾਂ ਨੂੰ ਆਖ ਭੇਜਿਆ ਕਿ ਇਨ੍ਹਾਂ ਦਸ ਗੁਰੂਆਂ ਨੂੰ ਅਸੀਂ ਮੰਨ ਕੇ ਹੀ ਅੱਗੇ ਤੁਰਦੇ ਹਾਂ। ਤੁਸੀਂ ਇਸ ਵਿੱਚ ਸ਼ਾਮਲ ਹੋ ਸਕਦ

ਹੋ। ਦੁਪਹਿਰ ਦੇ ਸਮੇਂ ਭਾਰੀ ਕਾਨਫਰੰਸ ਵਿੱਚ ਭਾਈ ਅਰਜਨ ਸਿੰਘ ਬਾਗੜੀਆਂ ਦਸ ਪਾਤਸ਼ਾਹੀਆਂ ਦੀ ਅਰਦਾਸ ਕਰਦੇ ਰਹੇ। ਤਿੰਨ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਵਿੱਚ ਬਾਰ੍ਹਾਂ ਪਾਤਸ਼ਾਹੀਆਂ ਦੀ ਅਰਦਾਸ ਹੁੰਦੀ ਰਹੀ ਅਤੇ ਇਸ ਸਮਾਗਮ ਵਿੱਚ ਇਹ ਮੱਤਾ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ।

**ਇਹ ਕਾਨਫਰੰਸ ਸਮੂਹ ਸੰਪਰਦਾਵਾਂ ਦੇ ਸੰਤਾ, ਮਹੰਤਾਂ, ਪ੍ਰਚਾਰਕਾਂ, ਰਾਗੀਆਂ, ਗਿਆਨੀਆਂ, ਅਖਬਾਰਾਂ ਦੇ ਐਡੀਟਰਾਂ ਤੇ ਹੋਰ ਜ਼ਿਮੇਵਾਰ ਸੱਜਣਾਂ ਨੂੰ ਬੇਨਤੀ ਕਰਦੀ ਹੈ ਕਿ ਉਹ ਆਪਣੇ ਪ੍ਰਚਾਰ ਵਿੱਚ ਕਿਸੇ ਸੰਪਰਦਾਇ ਦੇ ਅਸੂਲਾਂ ਜਾਂ ਮਰਯਾਦਾ ਉਤੇ ਕੋਈ ਹਮਲਾ ਨਾ ਕਰਨ ਅਤੇ ਆਪਣੇ ਅਸੂਲਾਂ ਦਾ ਪ੍ਰੇਮ ਪਿਆਰ ਅਰ ਵਿਦਵਤਾ ਦੀਆਂ ਖ਼ੂਬੀਆਂ ਅਨੁਸਾਰ ਮੰਡਨ ਰੂਪ ਵਿੱਚ ਪ੍ਰਚਾਰ ਕਰਨ।**

ਇਸ ਤਰ੍ਹਾਂ ਹਿੰਦੂ-ਸਿੱਖ ਮਿਲਾਪ ਕਾਨਫਰੰਸ ਅਤੇ ਹਿੰਦੂ ਮੁਸਲਮਾਨ ਸਿੱਖ ਮਿਲਾਪ ਕਾਨਫਰੰਸਾਂ ਆਦਿ ਸ੍ਰੀ ਭੈਣੀ ਸਾਹਿਬ ਵਿਖੇ ਕੀਤੀਆਂ। ਸ੍ਰ: ਗੁਰਬਖਸ ਸਿੰਘ 'ਪ੍ਰੀਤਲੜੀ' ਦੇ ਸ਼ਬਦਾਂ ਅਨੁਸਾਰ :- **ਮਹਾਰਾਜ ਪ੍ਰਤਾਪ ਸਿੰਘ ਜੀ ਏਸ ਵੱਡੀ ਸਿਫਤ ਵਿੱਚ ਲਗਭਗ ਲਾਸਾਨੀ ਗਿਣੇ ਜਾਣਗੇ ਕਿ ਉਹਨਾਂ ਨੇ ਆਪਣੀ ਧਾਰਮਿਕ ਸੰਸਥਾ ਨੂੰ ਹਮੇਸ਼ਾ ਸਾਮਰਾਜ ਦਾ ਵਿਰੋਧੀ ਰੱਖਿਆ। ਨਾਮਧਾਰੀ ਕੱਟੜ-ਧਰਮੀ ਹੁੰਦਿਆਂ ਵੀ ਸਰਕਾਰ ਤੋਂ ਬਾਗੀ ਰਹੇ ਹਨ। ਇਹਨਾਂ ਨੇ ਬੜੀਆਂ ਕੁਰਬਾਨੀਆਂ ਦਿੱਤੀਆਂ, ਹਰ ਕੌਮੀ ਅੰਦੋਲਨ ਵਿੱਚ ਹਿੱਸਾ ਪਾਇਆ। ਦੇਸ਼ ਤੇ ਸੁਤੰਤਰਤਾ ਦੇ ਇਸ਼ਕ ਦੀ ਨੀਂਹ ਤਾਂ ਮਹਾਰਾਜ ਰਾਮ ਸਿੰਘ ਜੀ ਨੇ ਹੀ ਧਰੀ ਸੀ, ਪਰ ਉਸ ਬੁਨਿਆਦ ਉਤੇ ਸ਼ਾਨਦਾਰ ਉਸਾਰੀ ਕਰਨ ਦਾ ਸਿਹਰਾ ਮਹਾਰਾਜ ਪ੍ਰਤਾਪ ਸਿੰਘ ਦੇ ਸਿਰ ਤੇ ਹੈ। ਸਰਕਾਰ ਕੂਕਿਆਂ ਨਾਲ ਬਾਗੀਆਂ ਦਾ ਸਲੂਕ ਹੀ ਕਰਦੀ ਰਹੀ, ਪਰ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਆਪਣੀ ਅਸਰ ਭਰਪੂਰ ਸ਼ਖਸ਼ੀਅਤ ਦੀ ਤੁਫੈਲ ਆਪਣੇ ਪੰਥ ਨੂੰ ਚੜ੍ਹਦੀਆਂ ਕਲਾਂ ਵਿੱਚ ਰੱਖਿਆ ਤੇ ਫਿਰਕੇ-ਦਾਰੀ ਦੀ ਛੋਹ ਤਕ ਨਹੀਂ ਲੱਗਣ ਦਿੱਤੀ। ਨਾਮਧਾਰੀ ਪੰਥ ਕਿਰਤੀਆਂ ਦਾ ਪੰਥ ਹੈ।**

ਨਾਮਧਾਰੀ ਸੰਪ੍ਰਦਾਇ ਦੇ ਆਗੂ' ਸਿਰਲੇਖ ਹੇਠ ਸ੍ਰ: ਸ਼ਮਸੇਰ ਸਿੰਘ ਅਸ਼ੋਕ ਹੋਰੀਂ ਲਿਖਦੇ ਹਨ :- **''ਮੈਂ ਜਿਵੇਂ ਕਿ ਬਾਬਾ ਪ੍ਰਤਾਪ ਸਿੰਘ ਜੀ ਦੇ ਇਸ ਹਕੀਕੀ ਸਨੇਹ-ਭਾਵ ਨੂੰ ਦੇਖ ਕੇ ਉਨ੍ਹਾਂ ਦੇ ਅੰਤਰਆਤਮੇ ਵਲ ਤੌਕਿਆ ਤਾਂ ਬਾਬਾ ਜੀ ਦੀ ਮੁਦੱਬਰਾਨਾ ਦੂਰ ਅੰਦੇਸ਼ੀ, ਅਦੁੱਤੀ ਸਿਆਸੀ ਯੋਗਤਾ, ਜਨਤਕ ਅਗਵਾਈ ਕਰਨ ਦੀ ਅਹਿਲੀਅਤ ਵਲ ਦੇਖ ਮੈਨੂੰ ਇੰਞ ਪ੍ਰਤੀਤ ਹੋਇਆ ਕਿ ਉਨ੍ਹਾਂ ਦੇ ਮੁਕਾਬਲੇ ਤੇ ਹੋਰ ਲਗਭਗ ਸਾਰੇ ਹੀ ਕੌਮੀ ਆਗੂ ਜੋ ਆਪਣੇ ਆਪ ਨੂੰ ਤਾਂ ਵੱਡਾ ਮੰਨਦੇ ਹਨ ਪਰ ਜਨਤਕ ਲਾਭਾਂ ਨੂੰ ਸਦਾ ਹਮੇਸ਼ਾ ਅੱਖੋਂ ਉਹਲੇ ਕਰਕੇ ਪਿੱਠ ਦਿੰਦੇ ਰਹੇ ਹਨ ਅਤੇ ਐਵੇਂ ਵਾਧੂ ਜਿਹਾ ਲਫਜ਼ੀ ਤੰਦਾਣਤਾਣਾ ਤਣ ਕੇ ਕਈ ਪ੍ਰਕਾਰ ਦੇ ਧੋਖੇਬਾਜੀ ਦੇ ਮਹਿਲ ਉਸਾਰਦੇ ਰਹੇ ਹਨ, ਉਹ ਮੈਨੂੰ ਉਕਾ ਹੀ ਚੰਗੇ ਨ ਲੱਗੇ।**

ਹੁਣ ਮੈਂ ਇਥੇ ਜੇ ਇਹ ਗੱਲ ਕਹਿ ਦਿਆਂ ਕਿ ਮਾਨਯੋਗ ਬਾਬਾ ਪ੍ਰਤਾਪ ਸਿੰਘ ਜੀ ਆਪਣੇ ਸਮੇਂ ਦੇ, ਦੇਸ਼ ਕੌਮ ਦੇ ਆਗੂਆਂ ਦੇ ਮੁਕਾਬਲੇ ਤੇ ਇੱਕ ਸਰਵਗੁਣ ਸੰਪੰਨ, ਲਾਸਾਨੀ ਆਗੂ ਹੋਣ ਕਰਕੇ ਗੁਰੂ ਖਾਲਸੇ ਦੀ ਏਕਤਾ ਦੇ ਮਨ ਵਚਨ, ਕਰਮ ਤੋਂ ਚਾਹਵਾਨ ਸਨ। ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ, ਸਗੋਂ ਇਹ ਇੱਕ ਅਮਰ ਸਚਾਈ ਹੈ, ਜਿਸ ਨੂੰ ਕਿਸੇ ਵੀ ਪੱਖੋ ਅੱਖੋ ਉਹਲੇ ਕਰਕੇ ਅਯੋਗ ਕਰਾਰ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਵਾਂਗ ਹੀ ਉਨ੍ਹਾਂ ਦੇ ਜਾਂਨਸ਼ੀਨ ਮਹਾਰਾਜ ਬਾਬਾ ਜਗਜੀਤ ਸਿੰਘ ਜੀ ਵੀ, ਜਿਵੇਂ ਕਿ ਪਿਛੇ ਜਿਹੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਕਾਰ ਸੇਵਾ ਦੇ ਸ਼ੁਭ ਅਵਸਰ 'ਤੇ ਉਨ੍ਹਾਂ ਦੀ ਪੁਰ ਖਲੂਸ ਸ਼ਮੂਲੀਅਤ ਤੋਂ ਪਤਾ ਲੱਗਦਾ ਹੈ ਕਿ ਹਮੇਸ਼ਾ ਪੰਥ ਨਾਲ ਮਿਲ ਕੇ ਚੱਲਣ ਦੇ ਚਾਹਵਾਨ ਹੋਣ ਕਰਕੇ ਆਪਣੇ ਆਪ ਨੂੰ ਗੁਰੂ ਪੰਥ ਦਾ ਇੱਕ ਅੰਗ ਮੰਨਦੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲੋਕਾਈ ਲਈ ਸ੍ਰੀ ਭੈਣੀ ਸਾਹਿਬ (ਲੁਧਿਆਣਾ) ਵਾਂਗ ਹੀ ਸ੍ਰੀ ਜੀਵਨ ਨਗਰ (ਸਿਰਸਾ) ਵਿਖੇ 'ਸਦਾ ਵਰਤ ਲੰਗਰ' ਖੋਲ੍ਹੇ ਉਥੇ ਰੂਹਾਂ ਦੀ ਖੁਰਾਕ ਸੰਗੀਤ ਦਾ ਭੰਡਾਰਾ ਵੀ ਖੋਲ੍ਹ ਦਿੱਤਾ। 'ਨਾਮਧਾਰੀ ਸੰਗੀਤ ਵਿਦਿਆਲਾ' ਸ੍ਰੀ ਭੈਣੀ ਸਾਹਿਬ ਵਿਖੇ ਖੋਲ੍ਹਿਆ, ਜਿਥੇ ਉਸਤਾਦ ਭਾਈ ਹਰਨਾਮ ਸਿੰਘ ਜੀ, ਭਾਈ ਤਾਬਾ ਜੀ, ਭਾਈ ਨਸੀਰ ਜੀ ਅਤੇ ਉਦੋ ਖਾਂ ਵਰਗੇ ਮਹਾਨ ਕਲਾਕਾਰਾਂ ਕੋਲੋਂ ਸ਼ਾਸਤਰੀ ਸੰਗੀਤ ਦਾ ਹੁਨਰ ਸਿਖਾਉਣ ਦੀ ਪ੍ਰਥਾ ਨੂੰ ਤੋਰਿਆ। ਸ੍ਰੀ ਜੀਵਨ ਨਗਰ ਵਿਖੇ ''ਗੁਰੂ ਹਰੀ ਸਿੰਘ ਮਹਾ-ਵਿਦਿਆਲਾ'' ਖੋਲ੍ਹ ਕੇ ਆਉਣ ਵਾਲੀ ਨਵੀਂ ਪੀੜ੍ਹੀ ਨੂੰ ਪੁਰਾਤਨ ਭਾਰਤੀ ਸਭਿਅਤਾ ਵਾਂਗੂ ਪੜ੍ਹਾਈ, ਗੁਰਬਾਣੀ ਦਾ ਸ਼ੁੱਧ ਉਚਾਰਨ ਅਤੇ ਨਰੋਈ ਅਤੇ ਸਾਦਾ ਜ਼ਿੰਦਗੀ ਦੇ ਰਹੱਸ ਨੂੰ ਬੜੀ ਖੁਲ੍ਹ ਦਿਲੀ ਨਾਲ ਨੌਜਵਾਨਾਂ ਅੰਦਰ ਰਚਨ ਦਾ ਯਤਨ ਕੀਤਾ।

ਮਾਸਿਕ ਮੈਗਜ਼ੀਨ 'ਜੀਵਨ' ਬੰਬਈ ਦੇ ਸੰਪਾਦਕ ਨੇ ਇਹ ਸ਼ਬਦ ਲਿਖੇ :- ''ਮਹਾਰਾਜ ਬਾਬਾ ਪ੍ਰਤਾਪ ਸਿੰਘ ਜੀ ਨੇ ਸਾਰੀ ਉਮਰ ਗੁਰਬਾਣੀ ਦਾ ਪ੍ਰਚਾਰ, ਆਪ ਗੁਰਮਤਿ ਆਖੰਡ ਕੀਰਤਨ ਦੇ ਬੇ-ਮਿਸਾਲ ਰਸੀਏ, ਗੁਰਮਤਿ ਸੰਗੀਤ ਦੀ ਬਹੁਤ ਜ਼ਿਆਦਾ ਵਾਕਫ਼ੀਅਤ ਰੱਖਣ ਵਾਲੇ, ਪੁਰਾਤਨ ਸਿੱਖ ਰਵਾਇਤ ਦੇ ਰਾਖੇ ਅਰ ਸਿੱਖਾਂ ਵਿੱਚ ਪ੍ਰਸਪਰ ਮਿਤ੍ਰਤਾ ਅਤੇ ਸਦਭਾਵਨਾ ਪੈਦਾ ਕਰਨ ਵਾਲੇ ਇੱਕ ਉੱਚ ਹਸਤੀ ਸਨ। ਬਲਦਾਂ, ਗਾਈਆਂ ਔਰ ਮੈਹਾਂ ਦੀ ਬਾਬਤ ਆਪ ਜੀ ਦੀ ਵਾਕਫੀ ਹੈਰਾਨ ਕਰ ਦੇਣ ਵਾਲੀ ਸੀ। ਆਪ ਜੀ ਦੀ ਨਿਗਰਾਨੀ ਵਿੱਚ ਏਸ ਕਦਰ ਪਸ਼ੂ ਪਾਲਣ ਹੁੰਦਾ ਸੀ ਕਿ ਉਸ ਦੀ ਮਿਸਾਲ ਮਿਲਣੀ ਮੁਸ਼ਕਲ ਹੈ। ਗੁਰਬਾਣੀ ਵਿੱਚ ਆਪ ਜੀ ਦਾ ਅਟੱਲ ਵਿਸ਼ਵਾਸ ਸੀ। ਪਹਿਲੇ ਪਹਿਰੇ ਜਾਗਣਾ, ਆਪ ਨਾਮ ਜਪਣਾ ਤੇ ਦੂਸਰਿਆਂ ਨੂੰ ਨਾਮ ਰਸ ਲੀਨ ਕਰਨਾ ਆਪ ਜੀ ਦਾ ਨਿਤਨੇਮ ਰਿਹਾ।

## ਇੰਡੀਅਨ ਨੈਸ਼ਨਲ ਕਾਂਗਰਸ ਨੂੰ ਨਾਮਧਾਰੀ ਸੰਸਥਾ ਦਾ ਸਹਿਯੋਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਅਜ਼ਾਦੀ ਦੀ ਲੜਾਈ ''ਇੰਡੀਅਨ ਨੈਸ਼ਨਲ ਕਾਂਗਰਸ'' ਦੇ ਬੈਨਰ ਹੇਠ ਲੜੀ ਜਾਣ ਲੱਗੀ। ਨਾਮਧਾਰੀ ਤਾਂ ਹਮੇਸ਼ਾਂ ਦੇਸ਼ ਭਗਤਾਂ ਦੇ ਨਾਲ ਸਨ। ਉਹ ਕਾਂਗਰਸ ਨਾਲ ਮੋਢੇ ਨਾਲ ਮੋਢਾ ਜੋੜ ਅੰਗਰੇਜ਼ਾਂ ਵਿਰੁੱਧ ਜੁਟ ਗਏ। ਇਹਨਾਂ ਦਿਨਾਂ ਵਿਚ ਸ੍ਰੀ ਭੈਣੀ ਸਾਹਿਬ ਰਾਜਸੀ ਸਰਗਰਮੀਆਂ ਦਾ ਪ੍ਰਮੁੱਖ ਕੇਂਦਰ ਅਤੇ ਅੰਗਰੇਜ਼ ਸਰਕਾਰ ਵਲੋਂ ਬਾਗੀ ਕਰਾਰ ਦੇਸ਼ ਭਗਤਾਂ ਲਈ ਸ਼ਰਨ-ਗ੍ਰਹਿ ਬਣ ਗਿਆ ਸੀ। ਨਾਮਧਾਰੀ ਸਿੱਖਾਂ ਨੇ ਥਾਉਂ ਥਾਈਂ ਕਾਨਫ੍ਰੰਸਾਂ ਕਰਕੇ ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਲਾਮਬੰਧ ਕਰਨਾ ਸ਼ੁਰੂ ਕਰ ਦਿੱਤਾ। 1925 ਵਿੱਚ ਲਾਹੌਰ ਬਰਾਡੇਲਾ ਹਾਲ ਤੋਂ ਕਾਂਗਰਸ ਵਲੋਂ ਵਿਸ਼ੇਸ਼ ਮੁਹਿੰਮ ਸ਼ੁਰੂ ਹੋਈ ਤਾਂ ਨਾਮਧਾਰੀ ਸਿੱਖਾਂ ਨੇ ਸਭ ਤੋਂ ਅੱਗੇ ਹੋਕੇ ਹਿੱਸਾ ਲਿਆ ਤੇ ਜੇਲ ਯਾਤਰਾਵਾਂ ਕੀਤੀਆਂ। ਦਸੰਬਰ, 1929 ਦੇ ਲਾਹੌਰ ਕਾਂਗਰਸ ਸੈਸ਼ਨ ਵਿੱਚ ਨਾਮਧਾਰੀ ਕੇਵਲ ਸ਼ਾਮਲ ਹੀ ਨਹੀਂ ਹੋਏ ਸਗੋਂ ਲੰਗਰ ਦਾ ਸਾਰਾ ਖਰਚਾ ਅਤੇ ਪ੍ਰਬੰਧ ਵੀ ਆਪ ਕੀਤਾ। ਇਸ ਮੌਕੇ ਤੇ ਇੱਕ ਵਿਸ਼ਾਲ ਜਲੂਸ ਨਿਕਲਿਆ ਜਿਸਦੀ ਅਗਵਾਈ ਨਾਮਧਾਰੀ ਸਿੱਖ, ਪੰਡਿਤ ਜਵਾਹਰ ਲਾਲ ਨਹਿਰੂ ਨਾਲ ਕਰ ਰਹੇ ਸਨ। ਟ੍ਰਿਬਿਊਨ ਵਿੱਚ ਲਾਹੌਰ ਤੋਂ 27-12-1929 ਨੂੰ ਖ਼ਬਰ ਛਪੀ :-

**ਪੰਡਤ ਜਵਾਹਰ ਲਾਲ ਨਹਿਰੂ ਚਿੱਟੇ ਘੋੜੇ ਤੇ ਸਵਾਰ ਸਨ। ਇਹ ਇੱਕ ਸੁੰਦਰ ਸਫ਼ੈਦ ਫ਼ੌਜੀ ਘੋੜਾ ਸੀ। ਉਸਦੇ ਪਿਛੇ ਸੇਵਾਦਲ ਦਸਤੇ ਦੇ ਮੁੱਖ ਅਫ਼ਸਰ ਅਤੇ ਹੋਰ ਨੇਤਾ ਸ਼ਾਮਲ ਸਨ। ਸੱਭ ਤੋਂ ਜ਼ਿਆਦਾ ਆਕਰਸ਼ਿਕ ਸੀ, ਸਿੱਖਾਂ (ਨਾਮਧਾਰੀ) ਦੇ ਘੋੜਿਆਂ ਦਾ ਦਸਤਾ, ਜਿੰਨਾਂ ਨੇ ਸਫ਼ੈਦ ਖਾਦੀ ਦੀ ਪੁਸ਼ਾਕ ਅਤੇ ਸਿਰ ਤੇ ਸੁੰਦਰ ਦਸਤਾਰ ਸਜਾਈ ਹੋਈ ਸੀ, ਨਾਮਧਾਰੀ ਆਪਣੀਆਂ ਖੁਲ੍ਹੀਆਂ ਦਾੜ੍ਹੀਆਂ ਨਾਲ ਇੱਕ ਮਨਮੋਹਕ ਦ੍ਰਿਸ਼ ਪੇਸ਼ ਕਰ ਰਹੇ ਸਨ।**

17 ਫਰਵਰੀ 1939 ਨੂੰ ਲੁਧਿਆਣੇ ਵਿਖੇ ਸਟੇਟ ਪੀਪਲਜ਼ ਕਾਨਫ੍ਰੰਸ ਹੋਈ। ਪੰਡਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਹੇਠ ਇੱਕ ਵਿਸ਼ਾਲ ਜਲੂਸ ਬਦੇਸ਼ੀ ਸਰਕਾਰ ਵਿਰੁੱਧ ਕੱਢਿਆ ਗਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਜ਼ਾਰਾਂ ਨਾਮਧਾਰੀਆਂ ਨਾਲ ਸ਼ਾਮਲ ਹੋਕੇ, ਜਲੂਸ ਦੀ ਸ਼ਾਨ ਵਿੱਚ ਵਿਸ਼ੇਸ਼ ਵਾਧਾ ਕੀਤਾ।

## ਸਟੇਟ ਪੀਪਲਜ਼ ਕਾਨਫ਼ਰੰਸ :

ਏਸੇ ਤਰ੍ਹਾਂ ਸੰਨ 1939 ਈ: ਵਿੱਚ ਲੁਧਿਆਣਾ ਵਿਖੇ ਪਰਜਾ ਮੰਡਲ ਵਲੋਂ ਇੱਕ ਬਹੁਤ ਭਾਰੀ ਸਟੇਟ ਪੀਪਲਜ਼ ਕਾਨਫ਼ਰੰਸ ਹੋਈ, ਜਿਸ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਮਧਾਰੀ ਸਿੱਖ ਸੰਗਤਾਂ ਸਮੇਤ ਪੰਡਿਤ ਜਵਾਹਰ ਲਾਲ ਨਹਿਰੂ ਜੀ ਨਾਲ ਘੋੜਿਆਂ

ਚੜ੍ਹ ਜਲੂਸ ਵਿੱਚ ਸ਼ਾਮਲ ਹੋਏ। ਇਸ ਕਾਨਫ਼ਰੰਸ ਦੀ ਕਾਮਯਾਬੀ ਲਈ ਨਾਮਧਾਰੀ ਸਿੰਘਾਂ ਨੇ ਬਹੁਤ ਵੱਡਾ ਯੋਗਦਾਨ ਪਾਇਆ। ਇਸ ਕਾਨਫ਼ਰੰਸ ਮਗਰੋਂ ਪੰਡਿਤ ਜੀ, ਡਾ: ਕਿਚਲੂ, ਮੌਲਾਨਾ ਹਬੀਬੁਰ ਰਹਿਮਾਨ ਅਤੇ ਮਾਸਟਰ ਤਾਰਾ ਸਿੰਘ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਗਏ ਅਤੇ ਧੰਨਵਾਦ ਕੀਤਾ। ਇਸ ਸਮੇਂ ਦੀ ਇਤਿਹਾਸਕ ਯਾਦਗਾਰੀ ਤਸਵੀਰ ਅਸੀਂ ਅੱਜ ਵੀ ਵੇਖ ਸਕਦੇ ਹਾਂ।

ਅੰਗ੍ਰੇਜ਼ ਹਕੂਮਤ ਦੇ ਖਿਲਾਫ਼ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਈ ਹੋਈ ਕੂਕਾ ਮੂਵਮੈਂਟ ਦੇ ਬਹੁਤ ਸਾਰੇ ਕਾਰ ਕੁੰਨ :- ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਪੰਡਤ ਮਨਸ਼ਾ ਸਿੰਘ, ਰਾਵਲਪਿੰਡੀ ਦੇ ਸ੍ਰ. ਆਤਮਾ ਸਿੰਘ, ਸੰਤ ਨਿਧਾਨ ਸਿੰਘ ਆਲਮ, ਸੰਤ ਧਿਆਨ ਸਿੰਘ ਆਦਿ ਨੇ ਕਾਂਗਰਸ ਨਾਲ ਰਲ ਕੇ ਆਜ਼ਾਦੀ ਲਈ ਕਾਫ਼ੀ ਸੰਘਰਸ਼ ਕੀਤਾ, ਅਨੇਕਾਂ ਹੋਰ ਸਿੱਖ ਕਈ ਵਾਰ ਜੇਲ੍ਹਾਂ 'ਚ ਗਏ ਅਤੇ ਤਸੀਹੇ ਝੱਲੇ।

***ਲੋਕ ਭਲਾਈ ਹਿਤ ਪੰਜਾਬੀ ਦੀ ਉਨਤੀ ਲਈ ਇੱਕ ਵਿਸ਼ਾਲ ਪੰਜਾਬੀ ਕਾਨਫ਼ਰੰਸ 1942 ਵਿੱਚ ਸ੍ਰੀ ਭੈਣੀ ਸਾਹਿਬ ਕਰਕੇ ਇੱਕ ਮਾਰਗ ਦਰਸ਼ਨ ਕੀਤਾ।***

## ਸ਼ਿਮਲੇ ਵਿੱਚ ਵੇਵਲ ਕਾਨਫ਼ਰੰਸ :

ਬਰਤਾਨੀਆਂ ਦੇ ਲਾਰਡ ਵੇਵਲ ਨੇ ਦੇਸ਼ ਦੀ ਆਜ਼ਾਦੀ ਲਈ ਭਾਰਤ ਦੀਆਂ ਸਭ ਰਾਜਸੀ ਪਾਰਟੀਆਂ ਨੂੰ ਅਤੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਨੂੰ ਸ਼ਿਮਲੇ ਕਾਨਫ਼ਰੰਸ 'ਤੇ ਸੱਦਿਆ। ਕਾਂਗਰਸ ਵਲੋਂ ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਮੌਲਾਨਾ ਅਬੁਲ ਕਲਾਮ ਅਜ਼ਾਦ, ਕ੍ਰਿਪਲਾਨੀ, ਗੋਵਿੰਦ ਵਲਭ ਪੰਤ, ਮੁਸਲਿਮ ਲੀਗ ਵਲੋਂ ਜਿਨਾਹ, ਲਿਆਕਤ ਅਲੀ, ਅਬਦੁਲ ਕਿਊਮ ਅਤੇ ਸਿੱਖਾਂ ਵਲੋਂ ਮਾ: ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਆਦਿ ਪੁੱਜੇ। ਇਸ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਤ ਮੰਗਲ ਸਿੰਘ, ਸੰਤ ਰਤਨ ਸਿੰਘ ਭਾਈ ਵਜ਼ੀਰ ਸਿੰਘ ਜੀ ਸਮੇਤ ਭਗਤ ਜਸਵੰਤ ਸਿੰਘ ਦੇ ਘਰ ਡਾਕਘਰ ਦੀ ਉਪਰਲੀ ਛੱਤ ਤੇ ਦਰਸ਼ਨ ਦੇ ਰਹੇ ਸਨ। ਇਸ ਵੇਵਲ ਕਾਨਫ਼ਰੰਸ ਵਿੱਚ ਭਾਵੇਂ ਕਾਂਗਰਸ ਨੇ ਬੜੇ ਜ਼ੋਰ ਨਾਲ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਆਵਾਜ਼ ਨੂੰ ਬੁਲੰਦ ਕੀਤਾ ਪਰ ਮੁਸਲਮ ਲੀਗੀਆਂ ਨੇ ਵਖਰੀ ਸਟੇਟ ਤੇ ਇਨ੍ਹਾਂ ਦੇ ਨਾਲ ਹੀ ਸਿੱਖਾਂ ਨੇ ਵੀ ਵੱਖ ਸਟੇਟ ਦੀ ਮੰਗ ਰੱਖੀ। ਉਸ ਸਮੇਂ ਪੰਡਿਤ ਜਵਾਹਰ ਲਾਲ ਨਹਿਰੂ, ਅਬਦੁਲ ਗੁਫ਼ਾਰ ਖਾਂ, ਡਾ: ਕਿਚਲੂ ਸ੍ਰੀ ਸਤਿਗੁਰੂ ਜੀ ਦੇ ਨਿਵਾਸ ਅਸਥਾਨ ਤੇ ਪੁਜੇ। ਪੰਡਿਤ ਜੀ ਸ੍ਰੀ ਸਤਿਗੁਰੂ ਜੀ ਨੂੰ ਪੁੱਛਿਆ ਕਿ ਆਪ ਕੀ ਕੋਈ ਮਾਂਗ ਹੈ ? ਤਾਂ ਸ੍ਰੀ ਸਤਿਗੁਰੂ ਜੀ ਨੇ ਫ਼ੁਰਮਾਇਆ ਕਿ, "ਪੰਡਿਤ ਜੀ, ਸਾਨੂੰ ਇਸ ਗਲ ਦੀ

ਬੜੀ ਖੁਸ਼ੀ ਹੋ ਰਹੀ ਹੈ ਜੋ ਕਿ ਭਾਰਤ ਦੇਸ਼ ਆਜ਼ਾਦ ਹੋ ਰਿਹਾ ਹੈ। ਅੰਗ੍ਰੇਜ਼ਾਂ ਕੋਲੋਂ ਅਸੀਂ ਕੁੱਝ ਨਹੀਂ ਚਾਹੁੰਦੇ ਅਤੇ ਤੁਹਾਡੇ ਨਾਲ ਸੌਦਾ ਨਹੀਂ ਕਰਦੇ। ਅਸੀਂ ਆਪਣਾ ਫ਼ਰਜ਼ ਜਾਣ, ਚਾਹੁੰਦੇ ਹਾਂ, ਕਿ ਸਾਡਾ ਦੇਸ਼ ਵਧੇ ਫੁਲੇ।'' ਪੰਡਿਤ ਜੀ ਆਖਣ ਲੱਗੇ ਕਿ ਇਹ ਜੋ ਕੁੱਝ ਹੋ ਰਿਹਾ ਹੈ ਆਪ ਜੀ ਦੇ ਮੁਢ ਬੱਧੇ ਤੇ ਹੀ ਉਸਾਰੀ ਆਪ ਜੀ ਦੀ ਕ੍ਰਿਪਾ ਨਾਲ ਹੋ ਰਹੀ ਹੈ। ਸ੍ਰੀ ਸਤਿਗੁਰੂ ਜੀ ਨੇ ਖ਼ੁਸ਼ ਹੋ ਕੇ ਬਚਨ ਕੀਤਾ ਕਿ, ''ਪੰਡਿਤ ਜੀ ਲਿਆਓ ਇੱਕ ਕੋਰਾ ਕਾਗ਼ਜ਼, ਮੈਂ ਉਸ ਉਤੇ ਦਸਖ਼ਤ ਕਰ ਦਿੰਦਾ ਹਾਂ, ਸਾਡੇ ਵਲੋਂ ਜੋ ਲਿਖਣਾ ਚਾਹੋ ਸੋ ਉਸ ਪਰ ਲਿਖ ਲੈਣਾ।'' ਇਸ ਗੱਲ ਤੇ ਸੰਤ ਮੰਗਲ ਸਿੰਘ ਜੀ ਨੇ ਜੈਕਾਰਾ ਬੁਲਾ ਦਿੱਤਾ ਤੇ ਉਸ ਸਮੇਂ ਸਰਹਦੀ ਗਾਂਧੀ ਜੀ ਤੇ ਟ੍ਰਿਬਿਊਨ ਦੇ ਐਡੀਟਰ ਨੇ ਵੀ ਇਸ ਜੈਕਾਰੇ ਦਾ ਸਾਥ ਦਿੱਤਾ। ਪੰਡਿਤ ਜੀ ਉੱਚੀ ਸਾਰੀ ਆਖਣ ਲਗ ਪਏ : **''ਸਤਿਗੁਰੂ ਜੀ ਕਾਂਗਰਸ ਦੇ ਸਾਥ ਹਨ, ਏਹੀ ਸਾਡੇ ਨਾਥ ਹਨ ਅਤੇ ਪੱਕੇ ਸਾਡੇ ਹਾਥ ਹਨ।''** ਇਹ ਦਿਨ 25 ਜੂਨ 1945 ਈ: ਦਾ ਸੀ।

## ਗਊ ਸੇਵਾ ਅਤੇ ਦੇਸ਼ ਆਜ਼ਾਦੀ ਦੇ ਮਹਾਨ ਨਾਇਕ :

''ਜਦੋਂ ਵੀ ਗਊ ਰੱਖਿਆ ਦਾ ਨਾਮ ਆਉਂਦਾ ਹੈ ਤਾਂ ਉਦੋਂ ਹੀ ਨਾਮਧਾਰੀ ਅਤੇ ਉਨ੍ਹਾਂ ਦੇ ਗੁਰੂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨਾਮ ਖੁੱਦ ਹੀ ਯਾਦ ਹੋ ਆ ਜਾਂਦਾ ਹੈ। ਨਾਮਧਾਰੀ ਸਿੱਖਾਂ ਨੇ ਦੇਸ਼ ਦੀ ਸੁਤੰਤਰਤਾ ਅਤੇ ਗਊਆਂ ਦੀ ਰੱਖਿਆ ਲਈ ਜੋ ਬਲੀਦਾਨ ਦਿੱਤੇ ਉਹ ਸਾਡੇ ਸਭ ਲਈ ਆਦਰਸ਼ ਹਨ। ਜਦੋਂ ਗਾਂਧੀ ਜੀ ਨੇ ਅਸਹਿਯੋਗ ਦਾ ਨਾਮ ਵੀ ਨਹੀਂ ਲਿਆ ਸੀ, ਉਸ ਤੋਂ ਵਰ੍ਹਿਆਂ ਪਹਿਲਾਂ ਨਾਮਧਾਰੀਆਂ ਨੇ ਅੰਗਰੇਜ਼ਾਂ ਨਾਲ ਨਾ-ਮਿਲਵਰਤਨ ਕੀਤਾ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਸ਼ ਦੇ ਸੁਤੰਤਰ ਹੋਣ ਤੱਕ ਬਹੁਤ ਕੁੱਝ ਨਿਭਾਇਆ। ਸਦਾ ਰਾਸ਼ਟਰ ਦਾ ਸਾਥ ਦਿੱਤਾ। ਲਹੌਰ ਕਾਂਗਰਸ ਦੇ ਵਕਤ ਜਦੋਂ ਸਿੱਖਾਂ ਦੇ ਵੱਡੇ ਨੇਤਾਵਾਂ ਨੇ ਕਾਂਗਰਸ ਦਾ ਸਾਥ ਨਹੀਂ ਦਿੱਤਾ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਹਿਨੁਮਾਈ ਹੇਠ ਨਾਮਧਾਰੀਆਂ ਨੇ ਲਹੌਰ ਦੇ ਸੈਸ਼ਨ ਨੂੰ ਸਫ਼ਲ ਬਨਾਉਣ ਲਈ ਆਪਣਾ ਪੂਰਾ ਯੋਗਦਾਨ ਪਾਇਆ। ਸੁਤੰਤਰਤਾ ਤੋਂ ਬਾਅਦ ਲੋਕਾਂ ਅਤੇ ਸੰਸਥਾਵਾਂ ਨੇ ਕਾਂਗਰਸ ਨਾਲ ਸੌਦੇਬਾਜ਼ੀ ਕੀਤੀ, ਆਪਣਾ ਲਾਭ ਉਠਾਇਆ ਪਰ ਨਾਮਧਾਰੀਆਂ ਨੇ ਨਾ ਕੁੱਝ ਮੰਗਿਆ ਅਤੇ ਨਾ ਹੀ ਆਪਣੇ ਪੰਥੀਆਂ ਲਈ ਕੋਈ ਇੱਛਾ ਪ੍ਰਗਟ ਕੀਤੀ ।'' ''ਪਾਖਸ਼ਿਕ ਗੋਧਨ''

## ਹਾਜ਼ਰਾ ਹਜ਼ੂਰ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਪੁਰਾਤਨ ਭਾਰਤੀ ਸਭਿਅਤਾ ਤੇ ਸੰਸਕ੍ਰਿਤੀ ਦੇ ਪ੍ਰਤੀਕ, ਲੋਕ ਕਲਿਆਣ ਦੀ ਭਾਵਨਾ ਰੱਖਣ ਵਾਲੇ, ਰਹਿਮਤ ਦੇ ਸ਼ਾਂਤ ਸਾਗਰ, ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੋ ਕਿ ਉਦਾਰਚਿਤ ਹਨ, ਸੰਕੀਰਨਤਾ ਤੋਂ ਮੁਕਤ ਹਨ ਅਤੇ ਗੁਰੂ ਨਾਨਕ ਦੇਵ ਜੀ ਦੀ ਜ਼ਿੰਦਗੀ ਦੇ ਉਸ ਸਾਰ ਨੂੰ, ਜੀਵਨ ਮਨੋਰਥ ਨੂੰ, ਆਪਣੇ ਅਨੁਯਾਈਆਂ ਨੂੰ ਅਤੇ ਲੋਕਾਈ ਨੂੰ ਇਸ ਕਦਰ ਨਿਰੂਪਦਿਆਂ ਫੁਰਮਾਇਆ ਹੈ ਕਿ "ਸਭ ਕੁੱਝ ਹੀ ਸੱਚ ਤੋਂ ਉਰੇ ਹੈ ਪਰ ਇਕੋ ਅਵਸਥਾ ਸੱਚ ਤੋਂ ਉਪਰ ਹੈ ਤੇ ਉਹ ਹੈ ਸੱਚਾ ਆਚਾਰ।" ਜਿਹੜਾ ਨਾਮ ਜਪਣ ਵਾਲਾ ਇਸ ਸੱਚੇ ਮਾਰਗ ਤੇ ਤੁਰਦਿਆਂ ਸੱਚ ਨੂੰ ਵਣਜਦਾ ਹੈ ਤੇ ਸੱਚ ਨੂੰ ਪਾਲਦਾ ਹੈ, ਉਸਦਾ ਦਰਜਾ ਸੱਚ ਤੋਂ ਵੀ ਉਪਰ ਹੈ। ਇਸ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਮ ਸਿਮਰਨ ਦੀ ਉੱਚਤਾ ਨੂੰ ਤੇ ਵਡਿਆਈ ਨੂੰ ਉਜਾਗਰ ਕਰਦਿਆਂ, ਸੱਚ ਆਚਾਰ ਤੇ ਚਲਦਿਆਂ ਗੁਰਸਿੱਖਾਂ ਨੂੰ ਪ੍ਰੇਰਦੇ ਹੋਏ ਦਰਸਾਂਦੇ ਹਨ ਕਿ ਇਸ ਨਾਲ ਮਨੁੱਖ ਤੋਂ ਪਰਮ ਮਨੁੱਖ ਤੇ ਫਿਰ ਰਬਤਾ ਤੱਕ ਪੁਜ ਜਾਈਦਾ ਹੈ। ਗੁਰਬਾਣੀ ਦੀ ਇਸ ਤੁਕ ਨੂੰ ਸਕਾਰਥ ਕੀਤਾ ਹੈ :- "ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰ।।" ਇਸ ਤਰ੍ਹਾਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਨੂੰ ਰੋਜ਼ਾਨਾ ਜੀਵਨ ਵਿੱਚ ਵਸਾਉਣਾ, ਦਇਆ, ਤਰਸ, ਹਮਦਰਦੀ, ਨਿਮਰਤਾ, ਹਲੀਮੀ, ਪਿਆਰ, ਅਹਿੰਸਾ ਤੇ ਸ਼ੁਧਤਾ ਜੈਸੇ ਸੱਚੇ ਸੁੱਚੇ ਆਚਾਰ ਦੇ ਧਾਰਨੀ ਬਣਨ ਲਈ ਪ੍ਰੇਰਦੇ ਆ ਰਹੇ ਹਨ। ਸਤਿਗੁਰੂ ਨਾਨਕ ਦੇਵ ਜੀ ਪ੍ਰਯੰਤ ਸਾਰੇ ਸਤਿਗੁਰੂ ਸਾਹਿਬਾਨਾਂ ਦੇ ਉਲੀਕੇ ਮਾਰਗ ਨੂੰ ਅਗੇ ਤੋਰਨ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਉੱਚੇ ਸੁੱਚੇ ਆਦਰਸ਼ਕ ਜੀਵਨ ਦਾ ਹੀ ਮੁਜੱਸਮਾ ਹਨ।

## ਨਾਮ-ਬਾਣੀ ਦਾ ਪ੍ਰਵਾਹ :

ਇਸ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਦ੍ਰਿੜ ਇਰਾਦੇ ਨਾਲ ਸਿੱਖ ਧਰਮ ਦਾ ਪ੍ਰਚਾਰ, ਨਾਮ-ਬਾਣੀ ਤੇ ਗੁਰਬਾਣੀ ਕੀਰਤਨ ਦਾ ਪ੍ਰਸਾਰ ਕਰਕੇ ਨਾਮਧਾਰੀ ਪੰਥ ਨੂੰ ਇੱਕ ਉੱਚ ਆਚਰਣ ਵਾਲੀ ਜਥੇਬੰਦੀ ਬਣਾ ਦਿੱਤਾ ਹੈ। 'ਨਾਮ' ਜੋ ਸਾਹਿਬ ਸਤਿਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਕਲਿਜੁਗੀ ਜੀਵਾਂ ਨੂੰ ਜਪਣ ਲਈ ਦਿੱਤਾ,

ਜਿਸਦੀ ਬਾਬਤ ਗੁਰਬਾਣੀ ਵਿੱਚ ਆਉਂਦਾ ਹੈ :-

**ਜੀਵਤ ਜੀਵਤ ਜੀਵਤ ਰਹਹੁ ।। ਰਾਮ ਰਸਾਇਣੁ ਨਿਤ ਉਠਿ ਪੀਵਹੁ ।।**
**ਹਰਿ ਹਰਿ ਹਰਿ ਹਰਿ ਰਸਨਾ ਕਹਹੁ ।। ਰਹਾਉ ।।**
**ਕਲਿਜੁਗ ਮਹਿ ਇਕ ਨਾਮਿ ਉਧਾਰੁ।। ਨਾਨਕ ਬੋਲੈ ਬ੍ਰਹਮ ਬੀਚਾਰ। ਪੰ: ੧੧੩੫**

ਇਸ ਨਾਮ ਨੂੰ ਆਪ ਜੀ ਨੇ ਕੁਲ ਦੁਨੀਆਂ ਦੇ ਲੋਕਾਂ ਵਿੱਚ ਵਰਤਾਇਆ ਹੈ । ਸਭ ਪ੍ਰਾਣੀ ਮਾਤਰ ਨੂੰ ਉਸ ਅਕਾਲ ਪੁਰਖ ਨਾਲ ਇੱਕ ਮਿਕ ਹੋਣ ਲਈ ਆਪ ਜੀ ਗੁਰੂ ਨਾਨਕ ਦੇਵ ਜੀ ਦੇ ਉਸ ਚਉਖਰੇ ਨਾਮ ਦਾ ਗੁਰ-ਮੰਤਰ ਦਿੰਦੇ ਹਨ ਅਤੇ ਇਸ ਨੂੰ ਸੁਆਸ ਸੁਆਸ ਜਪਣ ਦਾ ਉਪਦੇਸ਼ ਦਿੰਦੇ ਹਨ। ਇਸੇ ਤਰ੍ਹਾਂ ਆਪ ਜੀ ਗੁਰਬਾਣੀ ਦਾ ਐਨਾ ਸਤਿਕਾਰ ਕਰਦੇ ਹਨ ਕਿ ਆਪ ਵੀ ਪੂਰੀ ਸ਼ੁਧਤਾ ਦੇ ਨਾਲ ਇਸ ਦਾ ਪਾਠ ਕਰਦੇ ਹਨ ਤੇ ਆਪਣੇ ਸਿੱਖਾਂ ਕੋਲੋਂ ਵੀ ਕਰਾਉਂਦੇ ਹਨ। ਗੁਰਬਾਣੀ ਨੂੰ ਸਿਰਫ਼ ਪੜ੍ਹਨਾ ਹੀ ਨਹੀਂ ਬਲਕਿ ਇਸ ਦੇ ਅਨੁਸਾਰ ਜੀਵਨ ਨੂੰ ਢਾਲਣਾ ਵੀ ਹੈ। ਅਜੋਕੇ ਜੁਗ ਵਿੱਚ ਜਦੋਂ ਕਿ "ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ।।" ਵਾਂਗ ਅਧਿਆਤਮਿਕਤਾ ਤੇ ਈਸ਼ਵਰ ਭਗਤੀ ਵਾਲੀਆਂ ਭਾਵਨਾਵਾਂ ਦਾ ਪੂਰੀ ਤਰ੍ਹਾਂ ਵਪਾਰੀਕਰਨ ਹੋ ਗਿਆ ਹੈ। ਇਹੋ ਜਿਹੇ ਬਿਖੜੇ ਸਮੇਂ ਅੰਦਰ ਨਾਮਧਾਰੀ ਸਰੂਪ ਦੁਆਰਾ ਇਹ ਗੁਰਸਿੱਖੀ ਰਹੁ ਰੀਤ ਵਾਲਾ ਸੱਚਾ ਤੇ ਸੁੱਚਾ ਮਾਰਗ ਆਪਣੇ ਸਹੀ ਪਰਿਪੇਖ ਵਿੱਚ ਦੇਸ਼ ਅਤੇ ਵਿਦੇਸ਼ਾਂ ਵਿੱਚ ਪੂਰੀ ਤਰ੍ਹਾਂ ਲਾਗੂ ਹੋਇਆ ਦਿਸਦਾ ਹੈ, ਜਿਸ ਦੇ ਰਹਿਨੁਮਾ ਤੇ ਕਰਣਧਾਰ ਇਸ ਸਮੇਂ ਇਸ ਗੁਰਸਿੱਖੀ ਦੇ ਪਾਂਧੀ ਸਤਿਗੁਰੂ ਜਗਜੀਤ ਸਿੰਘ ਜੀ ਹਨ, ਜਿਨ੍ਹਾਂ ਦੇ ਪਵਿੱਤਰ ਉਪਦੇਸ਼ ਵਰਤਮਾਨ ਜੁਗ ਵਿੱਚ ਸਮੂਹ ਪ੍ਰਾਣੀ ਮਾਤਰ ਅੰਦਰ ਆਪਣੇ ਇਸ਼ਟ ਦੇਵ ਪ੍ਰਤੀ ਸ਼ਰਧਾ ਭਾਵਨਾ, ਅਧਿਆਤਮਿਕ ਵਿਰਸੇ ਨੂੰ ਫੈਲਾਉਣ ਵਿੱਚ ਸਹਾਈ ਹੋ ਰਹੇ ਹਨ। ਇਸ ਦਾ ਮੂਲ ਕਾਰਨ ਆਪ ਜੀ ਵਲੋਂ ਹਰ ਗੱਲ ਦੀ ਤਹਿ ਵਿੱਚ ਜਾ ਕੇ ਉਸ ਦੇ ਗੁਣ, ਦੋਸ਼ਾਂ ਦੇ ਆਧਾਰ ਤੇ ਅਜੋਕੀ ਵਿਗਿਆਨ ਪ੍ਰਣਾਲੀ ਨੂੰ ਅਧਿਆਤਮਿਕਤਾ ਦੇ ਅਨੁਸਾਰੀ ਬਣਾ ਕੇ ਚਲਾਉਣਾ ਹੀ ਆਪ ਜੀ ਦੀ ਪ੍ਰਤਿਭਾ ਤੇ ਦ੍ਰਿੜਤਾ ਦਾ ਸੂਚਕ ਹੈ। ਆਪ ਜੀ ਨੇ ਹੁਣ ਤੱਕ ਇਸ ਨਾਮ-ਬਾਣੀ ਦੇ ਪ੍ਰਵਾਹ ਨੂੰ ਚਲਾਉਣ ਲਈ ਗੁਰਸਿੱਖਾਂ ਕੋਲੋਂ :

* ਤਿੰਨ ਵਾਰ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੇ ਸਵਾ ਲੱਖ ਪਾਠ ਕਰਵਾਏ । ਹਜ਼ਾਰਾਂ ਅਖੰਡ ਪਾਠ ਪੂਰੀ ਸੁੱਚ ਸੋਧ ਮਰਿਆਦਾ ਅਨੁਸਾਰ ਕਰਾਏ। ਸ੍ਰੀ ਗੁਰੂ ਗੋਬਿੰਦ ਸਿੰਘ ਰਚਿਤ ਬਾਣੀ ਚੰਡੀ ਦੀ ਵਾਰ ਦੇ ਪੰਜ ਵਾਰ ਹਵਨ ਯੱਗ ਸਵਾ ਲੱਖ ਪਾਠ ਕਰਕੇ ਕਰਾਏ।
* ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਦੀ ਗਿਣਤੀ ਹੁਣ ਤਕ ਦੇਸ਼ ਵਿਦੇਸ਼ ਵਿੱਚ 16 ਤੱਕ ਪੁਜ ਚੁੱਕੀ ਹੈ।

* ਹਰ ਸਾਲ ਅੱਸੂ ਦਾ ਮਹੀਨਾ ਦੇਸ਼ ਦੇ ਅਨੇਕਾਂ ਸ਼ਹਿਰਾਂ ਤੋਂ ਇਲਾਵਾ ਇੰਗਲੈਂਡ, ਜਰਮਨੀ, ਅਮਰੀਕਾ, ਕੈਨੇਡਾ, ਥਾਈਲੈਂਡ, ਅਫਰੀਕਾ, ਦੁਬਈ ਆਦਿ ਦੇਸ਼ਾਂ ਵਿੱਚ ਹਜ਼ਾਰਾਂ ਨਾਮਧਾਰੀ ਸੰਗਤਾਂ ਅੱਠ-ਅੱਠ ਘੰਟੇ ਨਾਮ ਜਪਦੀਆਂ ਹਨ।

* ਸ੍ਰੀ ਭੈਣੀ ਸਾਹਿਬ ਵਿਖੇ ਸੰਨ 1986 ਤੋਂ 'ਨਾਮ ਸਿਰਮਨ ਜਪ-ਪ੍ਰਯੋਗ' ਲਗਾਤਾਰ ਚਲ ਰਿਹਾ ਹੈ, ਜਿਥੇ ਸਭ ਮਾਈ ਭਾਈ ਬਾਲੇ ਬੁੱਢੇ ਸਵੇਰੇ 2 ਵਜੇ ਤੋਂ ਹੀ ਨਾਮ ਸਿਮਰਨ ਵਿੱਚ ਜੁੜ ਜਾਂਦੇ ਹਨ। ਇਸੇ ਕਰਕੇ ਜੋ ਵੀ ਆਪ ਜੀ ਦੀ ਸ਼ਰਨ ਵਿੱਚ ਆਇਆ ਹੈ, ਗੁਰਸਿੱਖਾਂ ਵਾਲਾ ਜੀਵਨ ਹੀ ਉਸ ਨੇ ਅਪਣਾਇਆ ਹੈ।

ਜੂਨ 2002 ਈ: ਦੇ 'ਗੁਰਮਤਿ ਪ੍ਰਕਾਸ਼' ਦੇ ਪੰਨਾ 5 ਤੇ ਸ੍ਰ: ਅਨੂਪ ਸਿੰਘ ਨਵੀਂ ਦਿੱਲੀ ਵਾਲਿਆਂ ਦੀ ਇਕ ਪੁਕਾਰ ਚਿੱਠੀ ਰਾਹੀਂ ਛਪੀ ਹੈ :

''ਖਾਲਸਾ ਰਾਜ ਦੀ ਸਮਾਪਤੀ ਤੋਂ ਬਾਅਦ ਅੰਗਰੇਜ਼ਾਂ ਨੇ ਇਹ ਭਾਂਪ ਲਿਆ ਸੀ ਕਿ ਪੰਜਾਬ ਵਿੱਚ ਹਕੂਮਤ ਕਰਨਾ ਇਤਨਾ ਅਸਾਨ ਨਹੀਂ ਜਿਤਨਾ ਕਿ ਹਿੰਦੁਸਤਾਨ ਦੇ ਹੋਰ ਹਿੱਸਿਆਂ 'ਤੇ ਕਬਜ਼ਾ ਜਮਾ ਰੱਖਿਆ ਸੀ। ਸੋ ਵੱਡੇ ਪੈਮਾਨੇ 'ਤੇ ਦਮਨ ਕਾਰਵਾਈ ਸ਼ੁਰੂ ਹੋਈ। ਮਾਨੋ ਸਿੱਖੀ ਖਤਮ ਹੋ ਜਾਵੇਗੀ। ਕੁਝ ਸਮੇਂ ਬਾਅਦ ਬਾਬਾ ਰਾਮ ਸਿੰਘ ਜੀ ਦੇ ਕ੍ਰਾਂਤੀਕਾਰੀ ਲਹਿਰ ਨੂੰ ਸਿੱਖ ਪੰਥ ਨੇ ਸਵੀਕਾਰਿਆ ਤੇ ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਦੀ ਸ਼ਕਤੀ ਫਿਰ ਉਜਾਗਰ ਹੋਈ ਤੇ ਫਿਰ ਇਹ ਮਰਜੀਵੜਿਆਂ ਨੇ ਬਾਬਾ ਜੀ ਦੀ ਰਹਿਨੁਮਾਈ ਵਿੱਚ ਇਕ ਇਤਿਹਾਸ ਸਿਰਜਿਆ। ਜਿਸ ਤਰ੍ਹਾਂ ਦੇਸ਼ ਦੀ ਸੁਤੰਤਰਤਾ ਲਈ ਜੱਦੋ-ਜਹਿਦ ਸ਼ੁਰੂ ਹੋਈ ਤੇ ਦੇਸ਼ ਆਜ਼ਾਦ ਹੋਇਆ। ਸੋ ਸੰਖਿਪਤ ਇਹ ਸਮੇਂ ਦੀ ਪੁਕਾਰ ਹੈ। ਇਹ ਵੇਲਾ ਹੈ ਜਦ ਸਤਿਕਾਰਯੋਗ ਬਾਬਾ ਜਗਜੀਤ ਸਿੰਘ ਨਾਮਧਾਰੀ ਸਮਾਜ ਨੂੰ ਨਾਲ ਲੈ ਕੇ ਬਾਬਾ ਰਾਮ ਸਿੰਘ ਜੀ ਦੇ ਪਦ ਚਿੰਨ੍ਹਾਂ ਤੇ ਚੱਲ ਕੇ ਪੰਥ ਗੁਰੂ ਦੀ ਸੰਭਾਲ ਕਰਕੇ ਟੁੱਟੀ ਗੰਢ ਲੈਣ, ਕਿਤਨੀ ਵੱਡੀ ਸ਼ਰਧਾ ਤੇ ਵਿਸ਼ਵਾਸ ਦੀ ਗੱਲ ਹੋਵੇਗੀ।

- ਗੁਰਮਤਿ ਪ੍ਰਕਾਸ਼, ਜੂਨ 2002

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੋਪਾਲ ਰਤਨ :

ਪਸ਼ੂ ਧਨ ਨੂੰ ਉੱਨਤ ਕਰਨ ਦੇ ਪ੍ਰਯਾਸ ਪਹਿਲੇ ਸਤਿਗੁਰੂਆਂ ਵਾਂਗ ਹੀ ਨਿਰੰਤਰ ਜਾਰੀ ਰੱਖੇ ਹੋਏ ਹਨ। ਸ੍ਰੀ ਭੈਣੀ ਸਾਹਿਬ ਵਿਖੇ ਹਰਿਆਣਾ ਅਤੇ ਸਾਹੀਵਾਲ ਨਸਲ ਦੀਆਂ ਬਹੁਤ ਉੱਤਮ ਪੱਧਰ ਦੀਆਂ ਗਊਆਂ ਦੀ ਗਊਸ਼ਾਲਾ ਚਲ ਰਹੀ ਹੈ। ਸੰਨ 1964 ਵਿੱਚ ਕਲਕਤਿਓਂ ਬੁੱਚੜਖਾਨੇ ਤੋਂ ਲਿਆਂਦੀਆਂ ਗਈਆਂ ਕੰਡਮ ਕੀਤੀਆਂ ਹੋਈਆਂ ਗਊਆਂ ਦੀ ਸੇਵਾ ਕੀਤੀ ਗਈ। ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਗਊਆਂ ਤੋਂ 7 ਤੋਂ 14 ਸੇਰ ਤੱਕ ਰੋਜ਼ਾਨਾ ਦਾ ਦੁੱਧ ਪ੍ਰਾਪਤ ਕੀਤਾ। ਇਸ ਤਰ੍ਹਾਂ ਗਊਆਂ ਦੀ ਸੇਵਾ ਅਤੇ

ਮਿਹਨਤ ਸਦਕਾ ਹਰਿਆਣਾ ਨਸਲ ਦੀ 'ਝੰਗੋ' ਨੇ 64 ਪੌਂਡ ਰੋਜ਼ਾਨਾ ਅਤੇ ਸਾਹੀਵਾਲ ਨਸਲ ਦੀ ਨੌ ਲੱਖੀ ਨੇ 74 ਪੌਂਡ ਦੁੱਧ ਰੋਜ਼ਾਨਾ ਦੇ ਕੇ ਭਾਰਤ ਭਰ ਵਿੱਚੋਂ ਅਵੱਲ ਆਉਣ ਕਰਕੇ ਭਾਰਤ ਦੀ ਨੀਮ ਸਰਕਾਰੀ ਸੰਸਥਾ 'ਗੋ-ਵਰਧਨ ਸਮਿਤੀ' ਨੇ ਸੰਨ 1964 ਈ: ਵਿੱਚ 'ਗੋਪਾਲ ਰਤਨ' ਦੀ ਉਪਾਧੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਂਟ ਕਰਕੇ ਸਨਮਾਨ ਕੀਤਾ।

## ਨਾਮਧਾਰੀ ਵਿਦਿਅਕ ਜੱਥਾ :

ਬੱਚਿਆਂ ਤੇ ਨੌਜਵਾਨਾਂ ਦੀ ਸਾਂਭ ਸੰਭਾਲ ਰੱਖਣ ਖਾਤਿਰ ਆਪ ਜੀ ਨੇ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥੇ ਦੀ ਨੀਂਹ ਰੱਖੀ ਜੋ ਵਿਸ਼ਵ ਨਾਮਧਾਰੀ ਵਿਦਿਅਕ ਜੱਥੇ ਦਾ ਰੂਪ ਧਾਰ ਚੁੱਕੀ ਹੈ। ਇਸ ਲਹਿਰ ਨੇ ਇਨ੍ਹਾਂ ਨੌਜਵਾਨਾਂ ਨੂੰ ਅੰਧਾ ਧੁੰਧ ਪੱਛਮੀ ਪ੍ਰਭਾਵਾਂ ਤੋਂ ਰਹਿਤ ਹੀ ਨਹੀਂ ਰੱਖਿਆ ਬਲਕਿ ਇਸ ਨਵੀਂ ਪੀੜ੍ਹੀ ਨੇ ਧਰਮ ਦੀ ਜ਼ਰੂਰਤ ਤੇ ਯਥਾਰਕਤਾ ਨੂੰ ਸਮਝਿਆ ਹੈ। ਅੱਜ ਇਸੇ ਸੰਸਥਾਂ ਵਿਚੋਂ ਉਭਰ ਕੇ ਆਏ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਮੰਚਾਂ ਦੀਆਂ ਉਚ ਪਦਵੀਆਂ 'ਤੇ ਨਾਮਧਾਰੀ ਨੌਜਵਾਨਾਂ ਨੇ ਪ੍ਰਤੀਨਿਧਤਾ ਕੀਤੀ ਹੈ ਅਤੇ ਕਰ ਰਹੇ ਹਨ। ਨਾਮਧਾਰੀ ਪਹਿਰਾਵੇ ਦੀ ਪਹਿਚਾਣ ਨੂੰ ਸੰਸਾਰ ਵਿੱਚ ਪ੍ਰਚਾਰ ਤੇ ਪ੍ਰਸਾਰ ਰਹੇ ਹਨ। ਸਰਬ ਹਿੰਦ ਨਾਮਧਾਰੀ ਵਿੱਦਿਅਕ ਜੱਥੇ ਦੇ ਰਹਿ ਚੁੱਕੇ ਪ੍ਰਧਾਨਾਂ ਦੇ ਨਾਮ ਇਸ ਪ੍ਰਕਾਰ ਹਨ : **ਮਾ: ਨਿਹਾਲ ਸਿੰਘ ਜੀ, ਸੰਤ ਪ੍ਰੀਤਮ ਸਿੰਘ ਜੰਮੂ, ਮਾ: ਅਜੀਤ ਸਿੰਘ ਚੀਮਾ, ਸੰਤ ਜਗਦੀਸ਼ ਸਿੰਘ 'ਵਰਿਆਮ', ਸੰਤ ਦਲੀਪ ਸਿੰਘ ਨਾਮਧਾਰੀ ਅਤੇ ਵਿਸ਼ਵ ਨਾ: ਵਿ: ਜੱਥਾ ਦੇ ਸੰਤ ਗੁਰਮੁਖ ਸਿੰਘ ਰਹਿਬਰ ਅਤੇ ਹੁਣ ਪ੍ਰਧਾਨ ਬਲਵਿੰਦਰ ਸਿੰਘ ਝੱਲ** (ਮਲੇਰਕੋਟਲਾ) ਹਨ।

ਇਸ ਤਰ੍ਹਾਂ ਇਸਤਰੀ ਵਿੱਦਿਅਕ ਜੱਥੇ ਦੇ ਮੁੱਖੀ ਬੀਬਾ ਜੀ (ਸਾਹਿਬ ਕੌਰ ਜੀ), ਪ੍ਰਧਾਨ ਸੂਬਾ ਮਹਿੰਦਰ ਕੌਰ ਜੀ, ਸੂਬਾ ਸੁਰਿੰਦਰ ਕੌਰ ਖਰਲ ਅਤੇ ਹੁਣ ਬੀਬੀ ਸੁਖਜੀਤ ਕੌਰ ਲੁਧਿਆਣਾ ਹਨ।

## ਨਾਮਧਾਰੀ ਸੰਗੀਤ ਕਲਾ-ਕੇਂਦਰ, ਸ੍ਰੀ ਭੈਣੀ ਸਾਹਿਬ :

ਰਾਗੁ ਨਾਦੁ ਸਭੁ ਸਚੁ ਹੈ ਕੀਮਤ ਕਹੀ ਨ ਜਾਇ ਦੇ ਅਨੁਸਾਰ ਸਮੁੱਚਾ ਜਗਤ ਇਸ ਗਲ ਨੂੰ ਮੰਨਦਾ ਹੈ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੜੀ ਅਪਾਰ ਕ੍ਰਿਪਾ ਕਰਕੇ ਗੁਰਮਤਿ ਸੰਗੀਤ ਨੂੰ ਅਜ ਤਕ ਸਾਂਭ ਸੰਭਾਲ ਰੱਖਿਆ ਹੈ। ''ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ'' ਦੇ ਧਾਰਨੀ ਸ੍ਰੀ ਸਤਿਗੁਰੂ ਜੀ ਨੇ ਅਨੇਕਾਂ ਹੀ ਬੱਚਿਆਂ ਨੂੰ ਗੁਰਮਤਿ ਤੇ ਸ਼ਾਸਤ੍ਰੀ ਸੰਗੀਤ ਨਾਲ ਸਿੱਖਿਅਤ ਕੀਤਾ ਹੈ। ਸਿਰਫ ਭਾਰਤ

ਵਿੱਚ ਹੀ ਨਹੀਂ ਬਲਕਿ ਇੰਗਲੈਂਡ, ਕੈਨੇਡਾ, ਅਮਰੀਕਾ, ਥਾਈਲੈਂਡ, ਨੈਰੋਬੀ, ਡੁਬਈ ਆਦਿ ਦੇਸ਼ਾਂ ਵਿੱਚ ਵੀ ਨਾਮਧਾਰੀ ਨੌਜਵਾਨ ਇਸ ਗੁਰਮਤਿ ਸੰਗੀਤ ਦੀ ਧਰੋਹਰ ਨੂੰ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ ਸੰਭਾਲੀ ਬੈਠੇ ਹਨ। ਹਰਮੋਨੀਅਮ ਦੀ ਜਗ੍ਹਾ ਤੰਤੀ ਸਾਜ਼ਾਂ ਨੇ ਲੈ ਲਈ ਹੈ। ਸੰਗੀਤ ਪ੍ਰੇਮੀਆਂ ਸਾਹਵੇਂ ਲਿਆਂਦਾ ਅਤੇ ਲੁਪਤ ਹੋ ਰਹੀਆਂ ਬੰਦਸ਼ਾਂ ਨੂੰ ਸੰਗੀਤ ਵਿਦਵਾਨਾਂ ਦੇ ਸਨਮੁਖ ਰੱਖਿਆ। ਇਹ ਸੰਗੀਤ ਸੰਮੇਲਨ ਦਿੱਲੀ, ਲਖਨਊ, ਔਰੰਗਾਬਾਦ ਅਤੇ ਬੰਬਈ ਆਦਿ ਕਰਵਾਏ ਜਾਂਦੇ ਰਹੇ ਹਨ। ਹੋਰ ਵੀ ਸੰਗੀਤ ਸੰਮੇਲਨਾਂ ਵਿੱਚ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸੰਗੀਤ ਉਸਤਾਦਾਂ ਨੇ ਦੇਸ਼ ਵਿਦੇਸ਼ ਦੇ ਜਵਾਨਾਂ ਅੰਦਰ ਇਸ ਭਾਵਨਾ ਨੂੰ ਪ੍ਰਚਲਤ ਕਰ ਦਿੱਤਾ ਹੈ ਕਿ ਸੰਗੀਤ ਰੂਹ ਦੀ ਖੁਰਾਕ ਹੈ। ਇਸ ਨੇ ਸਾਰੇ ਸੰਸਾਰ ਦੀ ਲੋਕਾਈ ਨੂੰ ਆਪਣੇ ਕਲਾਵੇ ਵਿੱਚ ਲਿਆ ਹੋਇਆ ਹੈ। ਇਹ ਸਾਬਤ ਹੋ ਚੁੱਕਿਆ ਹੈ ਕਿ ਮਨੁੱਖ ਤਾਂ ਕੀ, ਪਸ਼ੂ ਅਤੇ ਬਨਸਪਤੀ ਵੀ ਇਸ ਦੇ ਜਾਦੂਮਈ ਪ੍ਰਭਾਵ ਤੋਂ ਮੁਕਤ ਨਹੀਂ ਹਨ। ਇਸ ਨੂੰ ਗਾ ਕੇ ਉਸ ਪ੍ਰਭੂ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਅਤੇ ਇਸ ਨਾਲ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਵੀ ਬਣਿਆ ਜਾ ਸਕਦਾ ਹੈ। ਸਿੱਖੀ ਸਰੂਪ ਅਤੇ ਗੁਰਮੁਖੀ ਬਾਣੇ ਵਿੱਚ ਵਿਚਰਦਿਆਂ ਕੀਰਤਨ ਕਰਨਾ ਤੇ ਫਿਰ ਪੁਰਾਤਨ ਸਭਿਅਤਾ ਅਨੁਸਾਰ ਗੁਰਬਾਣੀ ਕੀਰਤਨ ਦੀ ਭੇਟਾ ਨਹੀਂ ਲੈਣੀ ਅਸੂਲ ਨੂੰ ਅਜ ਵੀ ਅਪਣਾਇਆ ਹੋਇਆ ਹੈ। ਭਾਰਤ ਦੇ ਉੱਚ ਕੋਟੀ ਦੇ ਉਸਤਾਦਾਂ ਕੋਲੋਂ, ਉਨ੍ਹਾਂ ਮਹਾਨ ਕਲਾਕਾਰਾਂ ਕੋਲੋਂ ਆਪਣੇ ਨਾਮਧਾਰੀ ਬੱਚਿਆਂ ਨੂੰ ਜੋ ਸਿੱਖਿਆ ਸੰਗੀਤ ਦੀ ਦਿਵਾਈ ਹੈ, ਦੁਨੀਆਂ ਵਿੱਚ ਇਸ ਦੀ ਕਿਧਰੇ ਵੀ ਮਿਸਾਲ ਨਹੀਂ ਮਿਲਦੀ। ਚੋਟੀ ਦੇ ਸੰਗੀਤ ਉਸਤਾਦ ਵਲਾਇਤ ਹੁਸੈਨ ਖਾਂ (ਸਿਤਾਰ), ਪੰ: ਰਾਮ ਨਾਰਾਇਣ (ਸਾਰੰਗੀ), ਉਸਤਾਦ ਅਮਜ਼ਦ ਅਲੀ ਖਾਂ (ਸਰੋਦ), ਉਸਤਾਦ ਬਿਸਮਿੱਲਾ ਖਾਂ (ਸ਼ਹਿਨਾਈ), ਪੰ: ਹਰੀ ਪ੍ਰਸਾਦ ਚੌਰਸੀਆ (ਬੰਸਰੀ), ਪੰ: ਕ੍ਰਿਸ਼ਨ ਮਹਾਰਾਜ (ਤਬਲਾ), ਪੰ: ਸਮਤਾ ਪ੍ਰਸਾਦ (ਤਬਲਾ), ਪੰ: ਬਿਰਜੂ ਮਹਾਰਾਜ (ਕਥਕ), ਪੰ: ਦੁਰਗਾ ਲਾਲ (ਨ੍ਰਿਤ) ਪੰ: ਸ਼ਿਵ ਕੁਮਾਰ (ਸੰਤੂਰ), ਪੰ: ਰਮਾ ਕਾਂਤ, ਸ੍ਰੀ ਨਰਿੰਦਰ ਨਰੂਲਾ, ਉਸਤਾਦ ਪਿਆਰਾ ਸਿੰਘ, ਉਸਤਾਦ ਮਹਿੰਦਰ ਸਿੰਘ, ਉਸਤਾਦ ਕ੍ਰਿਪਾਲ ਸਿੰਘ, ਉਸਤਾਦ ਹਰਭਜਨ ਸਿੰਘ, ਮਿਸ਼ਰਾ ਬੰਧੂ ਸ੍ਰੀ ਰਾਜਨ-ਸਾਜਨ ਮਿਸ਼ਰਾ ਆਦਿ ਕੋਲੋਂ ਸਿੱਖਿਆ ਪ੍ਰਾਪਤ ਕਰ ਅੱਜ ਦੇ ਉਸਤਾਦ ਬਣੇ ਇਹ ਨੌਜਵਾਨ, ਅਨੇਕਾਂ ਨੌਜਵਾਨ ਬੱਚੇ ਬੱਚੀਆਂ ਨੂੰ ਇਸ ਗੁਰਮਤਿ ਸੰਗੀਤ ਦੇ ਧਾਰਨੀ ਬਣਾ ਰਹੇ ਹਨ।

## ਵਿਦਿਆ ਦਾ ਪਸਾਰ :

ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਖੋਲ੍ਹੇ ਗਏ ਗੁਰੂ ਹਰੀ ਸਿੰਘ ਮਹਾਂਵਿਦਿਆਲਾ ਦੇ ਨਾਲ ਗੁਰੂ ਹਰੀ ਸਿੰਘ ਕਾਲਜ ਤੇ ਸ੍ਰੀ ਜੀਵਨ ਨਗਰ ਦੇ ਇਲਾਕੇ ਵਿੱਚ ਖੋਲ੍ਹੇ ਗਏ ਹੋਰ ਸਕੂਲ, ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਪਬਲਿਕ ਸਕੂਲ ਦਿੱਲੀ ਵਿਖੇ, ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ, ਬੈਂਕੋਕ ਵਿਖੇ ਨਾਮਧਾਰੀ ਸਕੂਲ ਦੀ ਸਥਾਪਨਾ ਕਰਕੇ ਆਪ ਜੀ ਨੇ ਵਿਦਿਆ ਦੇ ਪਾਸਾਰ ਨੂੰ ਆਮ ਲੋਕਾਂ ਤੱਕ ਪਹੁੰਚਾਇਆ ਹੈ। ਸਫ਼ੈਦ ਨਾਮਧਾਰੀ ਡਰੈਸ ਵਿੱਚ ਪੜ੍ਹਦੇ ਤੇ ਖੇਡਾਂ ਖੇਡਦੇ ਬੱਚੇ ਅੱਜ ਸੈਂਕੜਿਆਂ ਦੀ ਤਾਦਾਦ ਵਿੱਚ ਚੰਗੇਰੇ ਭਵਿੱਖ ਵਲ ਵਧ ਰਹੇ ਹਨ।

## ਨਾਮਧਾਰੀ ਸਪੋਰਟਸ ਅਕੈਡਮੀ :

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਖੇਡਾਂ ਪ੍ਰਤੀ ਆਪਣਾ ਬਹੁਤ ਚੰਗਾ ਯੋਗਦਾਨ ਰਿਹਾ ਹੈ। ਤੈਰਾਕੀ, ਕੁਸ਼ਤੀ, ਕਬੱਡੀ, ਗਤਕਾ, ਬੈਡਮਿੰਟਨ, ਵਾਲੀਬਾਲ ਤਾਂ ਆਪ ਜੀ ਦੀਆਂ ਰੋਚਕ ਖੇਡਾਂ ਵਿਚੋਂ ਹਨ। ਹਾਕੀ ਜੋ ਕਿ ਭਾਰਤ ਦੀ ਨੈਸ਼ਨਲ ਖੇਡ ਹੈ, ਨੂੰ ਅਪਣਾ ਕੇ ਨਾਮਧਾਰੀ ਇਲੈਵਨ ਹਾਕੀ ਟੀਮ ਬਣਾਈ, ਜਿਸ ਨੂੰ ਵਧੀਆ ਕੋਚਾਂ ਕੋਲੋਂ ਸਿਖਲਾਈ ਦਿਵਾ ਕੇ ਵਧੀਆਂ ਟੀਮਾਂ ਨਾਲ ਮੈਚ ਕਰਵਾ ਕੇ ਦੇਸ਼ ਪ੍ਰਦੇਸ਼ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਅਜ ਸ੍ਰੀ ਠਾਕੁਰ ਉਦੈ ਸਿੰਘ ਜੀ ਦੀ ਰਹਿਨੁਮਾਈ ਹੇਠ ਸ੍ਰੀ ਭੈਣੀ ਸਾਹਿਬ ਵਿਖੇ ਬਣਾਈ ਗਈ ਨਾਮਧਾਰੀ ਸਪੋਰਟਸ ਅਕੈਡਮੀ ਵਿੱਚ ਨਵੇਂ ਨਵੇਂ ਬੱਚਿਆਂ ਨੂੰ ਭਰਤੀ ਕਰਕੇ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸ੍ਰੀ ਸਤਿਗੁਰੂ ਜੀ ਵਲੋਂ ਚਲਾਏ ਜਾ ਰਹੇ ਸਕੂਲਾਂ, ਕਾਲਜਾਂ ਅੰਦਰ ਸਕੇਟਿੰਗ, ਬੈਡਮਿੰਟਨ, ਫੁੱਟਬਾਲ, ਵਾਲੀਬਾਲ ਤੇ ਕ੍ਰਿਕਟ ਆਦਿ ਖੇਡਾਂ ਸਟੇਟ ਪੱਧਰ ਤੱਕ ਪੁੱਜ ਚੁੱਕੀਆਂ ਹਨ ਅਤੇ ਕੁੱਝ ਇੱਕ ਨੈਸ਼ਨਲ ਪੱਧਰ ਤੱਕ ਵੀ ਜਾ ਕੇ ਸਨਮਾਨ ਪ੍ਰਾਪਤ ਕਰ ਚੁੱਕੀਆਂ ਹਨ। ਇਸੇ ਤਰ੍ਹਾਂ ਬਹੁਤ ਸਾਰੇ ਰਾਸ਼ਟਰੀ ਪੱਧਰ ਦੇ ਖੇਡ ਸਮਾਰੋਹਾਂ ਵਿੱਚ ਸਾਡੇ ਅੰਤਰ ਰਾਸ਼ਟਰੀ ਪ੍ਰਸਿੱਧੀ ਵਾਲੇ ਖਿਡਾਰੀ ਸ: ਪ੍ਰਗਟ ਸਿੰਘ, ਰਮਨਦੀਪ ਸਿੰਘ ਹਾਕੀ ਪਲੇਅਰ, ਸ੍ਰ: ਦਾਰਾ ਸਿੰਘ ਪਹਿਲਵਾਨ, ਸ੍ਰ: ਗੁਰਚਰਨ ਸਿੰਘ ਬਾਕਸਰ, ਸ੍ਰ: ਅਜੀਤ ਸਿੰਘ ਟਾਈਗਰ ਆਦਿ ਆਪ ਜੀ ਤੋਂ ਆਸ਼ੀਰਵਾਦ ਪ੍ਰਾਪਤ ਕਰ ਫ਼ਖ਼ਰ ਮਹਿਸੂਸ ਕਰ ਰਹੇ ਹਨ।

## ਨਾਮਧਾਰੀ ਸੀਡਜ਼ :

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਖੇਤੀ ਪ੍ਰਤੀ ਕਿੰਨੇ ਕੁ ਸਮਰਪਿਤ ਹਨ, ਇਸਦਾ ਅੰਦਾਜਾ ਉਨ੍ਹਾਂ ਟਿੱਬਿਆਂ ਤੋਂ ਲਾਇਆ ਜਾ ਸਕਦਾ ਹੈ, ਜਿਨ੍ਹਾਂ ਟਿੱਬਿਆਂ ਤੋਂ ਕਦੇ ਕੁੱਝ ਪ੍ਰਾਪਤ ਨਹੀਂ ਸੀ ਹੋਇਆ ਕਰਦਾ। ਹੁਣ ਉਥੋਂ ਅੰਗੂਰ, ਬੇਰਾਂ ਤੋਂ ਇਲਾਵਾ ਕਿੰਨੂ ਆਦਿ

ਪ੍ਰਾਪਤ ਕੀਤੇ ਜਾ ਚੁੱਕੇ ਹਨ। ਆਮ ਜਿਣਸ ਦੀ ਬਿਜਾਈ ਵਿਚੋਂ ਕਿਸਾਨਾਂ ਨੂੰ ਕਈ ਵਾਰ ਮਿਹਨਤ ਵੀ ਪੱਲੇ ਨਹੀਂ ਪੈਂਦੀ, ਪਰ ਫੱਲਦਾਰ ਬਾਗ ਲਗਵਾ ਕੇ ਇਨ੍ਹਾਂ ਕਿਸਾਨਾਂ ਨੂੰ ਅੱਜ ਕਮਾਈ ਦੇ ਸਾਧਨ ਪ੍ਰਦਾਨ ਕਰਵਾ ਕੇ ਅਮੀਰੀ ਤਬਕੇ ਵਿੱਚ ਲੈ ਆਂਦਾ ਹੈ। ਸ੍ਰੀ ਸਤਿਗੁਰੂ ਜੀ ਦੀ ਵਿਸ਼ੇਸ਼ ਬਖਸ਼ਿਸ਼ ਸਦਕਾ ਸ੍ਰੀ ਠਾਕੁਰ ਉਦੇ ਸਿੰਘ ਜੀ **ਨਾਮਧਾਰੀ ਸੀਡਜ਼** ਦੇ ਬੈਨਰ ਹੇਠ ਵੱਧੀਆਂ ਬੀਜਾਂ ਦਾ ਉਤਪਾਦਨ ਕਰਕੇ ਤੇ ਐਕਸਪੋਰਟ ਕਰਕੇ ਅੱਜ ਅੰਤਰ ਰਾਸ਼ਟਰੀ ਪ੍ਰਸਿੱਧੀ ਦੀ ਪੱਧਰ ਤੇ ਪੁੱਜ ਚੁੱਕੇ ਹਨ ਅਤੇ ਹਰ ਕਿਸਾਨ ਨਾਮਧਾਰੀ ਸੀਡਜ਼ ਦੀ ਮੰਗ ਕਰ ਰਿਹਾ ਹੈ। ਇਸ ਦਾ ਹੈਡ ਆਫਿਸ ਬੰਗਲੌਰ ਹੈ ਤੇ ਹੁਣ ਸ੍ਰੀ ਭੈਣੀ ਸਾਹਿਬ ਵੀ ਬਣਾ ਦਿੱਤਾ ਗਿਆ ਹੈ। ਅੱਜ ਇਹ ਨਾਮਧਾਰੀ ਸੀਡਜ਼ ਫਾਰਮ ਸਬਜ਼ੀਆਂ, ਫੁੱਲਾਂ ਤੇ ਫੱਲਾਂ ਦਾ ਉਪਜਾਊ ਕੇਂਦਰ ਬਣ ਚੁੱਕਿਆ ਹੈ। ਕੌਮਾਂਤਰੀ ਪੱਧਰ ਤੇ ਨਾਮਧਾਰੀ ਸੀਡਜ਼ ਦੀ ਇੱਕ ਆਪਣੀ ਨਿਵੇਕਲੀ ਪਹਿਚਾਣ ਬਣ ਚੁੱਕੀ ਹੈ।

## ਸਾਹਿਤ ਤੇ ਇਤਿਹਾਸ :

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ੁਰੂ ਤੋਂ ਹੀ ਇਸ ਗੱਲ ਵਲ ਵਿਸ਼ੇਸ਼ ਧਿਆਨ ਦੇਈ ਰੱਖਿਆ ਹੈ ਕਿ ਨਾਮਧਾਰੀ ਸਮਾਜ ਦੀਆਂ ਕ੍ਰਾਂਤੀਕਾਰੀ ਉਪਲਬੱਧੀਆਂ ਦਾ ਇੱਕ ਚੰਗਾ ਤੇ ਨਰੋਆ ਇਤਿਹਾਸ ਲਿਖਤ ਵਿੱਚ ਆ ਸਕੇ। ''ਸਤਿਜੁਗ'' ਜੋ ਪਿਛਲੇ 80 ਸਾਲ ਤੋਂ ਨਿਰੰਤਰ ਛਪਦਾ ਆ ਰਿਹਾ ਹੈ, ਤੋਂ ਇਲਾਵਾ ਨਵਾਂ ਹਿੰਦੁਸਤਾਨ, ਵਰਿਆਮ, ਨਿਰੀਖਿਅਕ, ਯੁਗ ਮਰਯਾਦਾ, ਨਾਮਧਾਰੀ ਦਰਪਨ ਤੇ ਵਰਤਮਾਨ ਹਿੰਦੁਸਤਾਨ ਸ੍ਰੀ ਸਤਿਗੁਰੂ ਜੀ ਦੀ ਹੀ ਸਰਪ੍ਰਸਤੀ ਹੇਠ ਛਪਦੇ ਰਹੇ ਹਨ ਤੇ ਆ ਰਹੇ ਹਨ। 'ਸਤਿਜੁਗ' ਦੇ ਵਿਸ਼ੇਸ਼ ਅੰਕ ਤਾਂ ਸੰਭਾਲਣ ਯੋਗ ਹਨ ਹੀ, ਇਸ ਦੇ ਨਾਲ ਹੀ ਬਹੁਤ ਸਾਰੇ ਕੈਲੰਡਰ, ਮੈਗਜ਼ੀਨ ਅਤੇ ਅਨੇਕਾਂ ਹੀ ਕਿਤਾਬਾਂ ਦਾ ਛਪ ਕੇ ਆਉਣਾ ਇੱਕ ਮਹੱਤਵਪੂਰਨ ਕਦਮ ਹੈ। 'ਸਤਿਜੁਗ' ਦਾ 80 ਸਾਲਾ ਅੰਕ ਤੇ 'ਵਰਿਆਮ' ਦਾ ਸਿਲਵਰ ਜੁਬਲੀ ਅੰਕ ਇੱਕ ਖਾਸ ਸਥਾਨ ਰੱਖਦੇ ਹੋਏ ਆਪਣੀ ਹੋਂਦ ਨੂੰ ਬਰਕਰਾਰ ਰੱਖ ਰਹੇ ਹਨ। ਬਹੁਤ ਸਾਰੀਆਂ ਦੇਸ਼-ਪ੍ਰਦੇਸ਼ ਵਿੱਚ ਹੋਈਆਂ ਸਾਹਿਤਕ ਕਾਨਫਰੰਸਾਂ, ਇੰਟਰਨੈਸ਼ਨਲ ਵੈਜੀਟੇਰੀਅਨ ਕਾਨਫਰੰਸਾਂ ਨੇ ਆਪ ਜੀ ਦੀ ਰਹਿਨੁਮਾਈ ਦਾ ਆਨੰਦ ਮਾਣਿਆ ਹੈ। ਅੱਜ ਅਖਬਾਰਾਂ, ਮੈਗਜ਼ੀਨਾਂ 'ਤੇ ਟੀ.ਵੀ. ਦੇ ਰਾਹੀਂ ਜੋ ਨਾਮਧਾਰੀ ਸਾਹਿਤ ਨੂੰ ਉਜਾਗਰ ਕੀਤਾ ਜਾ ਰਿਹਾ ਹੈ ਇਹ ਸਭ ਆਪ ਜੀ ਦੀ ਹੀ ਦੇਣ ਹੈ।

ਅੱਜ ਬਨਾਰਸ ਵਿਖੇ ਸੰਪੂਰਨਾਨੰਦ ਸੰਸਕ੍ਰਿਤ ਯੂਨੀਵਰਸਿਟੀ ਵਿੱਚ ''ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪੀਠ'' ਦਾ ਸਥਾਪਤ ਹੋਣਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ''ਗੁਰੂ ਰਾਮ ਸਿੰਘ ਚੇਅਰ'' ਦਾ ਸਥਾਪਤ ਹੋਣਾ ਇੱਕ ਬੜੇ ਗੌਰਵ ਵਾਲੀ ਗੱਲ ਹੈ।

ਪੰਜਾਬੀ ਲੇਖਕ ਕਾਨਫਰੰਸਾਂ ਅਤੇ ਪੰਜਾਬੀ ਕਾਨਫਰੰਸਾਂ ਜੋ ਕਿ ਦੇਸ਼-ਵਿਦੇਸ਼ਾਂ ਵਿੱਚ ਕੌਮਾਂਤਰੀ ਪੱਧਰ ਤੇ ਹੋ ਰਹੀਆਂ ਹਨ, ਦੀ ਸਰਪ੍ਰਸਤੀ ਦਾ ਮਾਣ ਵੀ ਆਪ ਜੀ ਨੂੰ ਹੀ ਪ੍ਰਾਪਤ ਹੈ। ਇਸੇ ਤਰ੍ਹਾਂ ਦੇਸ਼ ਵਿੱਚ ਵੀ ਜਿਥੇ ਕਿਧਰੇ ਕੋਈ ਪੰਜਾਬੀ ਬੋਲੀ ਪ੍ਰਤੀ ਕਾਨਫਰੰਸ ਹੋਈ ਹੈ, ਉਸ ਵਿੱਚ ਆਪ ਜੀ ਵਲੋਂ ਪੂਰਾ ਯੋਗਦਾਨ ਦੇਣਾ ਇੱਕ ਬੜੇ ਮਹੱਤਵ ਵਾਲੀ ਗੱਲ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਨਾਮਧਾਰੀ ਲਹਿਰ ਬਾਰੇ ਸੈਮੀਨਾਰ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਨਾਨਕ ਦੇਵ ਯੂਨਵਰਸਿਟੀ ਅੰਮ੍ਰਿਤਸਰ ਵਲੋਂ ਸਤਿਗੁਰੂ ਰਾਮ ਸਿੰਘ ਚੇਅਰ ਦੀ ਦੇਖ ਰੇਖ ਹੇਠ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਹੇਠ ਹੋਇਆ। ਇਸੇ ਤਰ੍ਹਾਂ ਇੰਗਲੈਂਡ, ਬੈਂਕਾਕ, ਅਮਰੀਕਾ, ਦਿੱਲੀ ਆਦਿ ਥਾਵਾਂ ਤੇ ਹੋਈਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਦੀ ਸਰਪ੍ਰਸਤੀ ਵੀ ਆਪ ਜੀ ਨੇ ਕੀਤੀ ਅਤੇ ਆਰਥਿਕ ਸਹਿਯੋਗ ਵੀ ਦਿੱਤਾ। ਇਸ ਤੋਂ ਇਲਾਵਾ ਬਹੁਤ ਸਾਰੇ ਵਿਦਵਾਨਾਂ ਦੀ ਸਿਹਤ ਸੰਭਾਲ ਦਾ ਜੋ ਬੀੜਾ ਆਪ ਜੀ ਨੇ ਚੁੱਕਿਆ ਹੈ, ਉਹ ਪ੍ਰਸੰਸਾ ਯੋਗ ਹੈ।

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਨਵ-ਨਿਰਮਾਣ :

ਸੰਨ 1959 ਈ: ਗੁਰਗੱਦੀ 'ਤੇ ਬਿਰਾਜਮਾਨ ਹੋਣ ਤੋਂ ਬਾਅਦ ਆਪ ਜੀ ਨੇ ਸਾਧ ਸੰਗਤ ਦੀ ਸਹੂਲਤ ਨੂੰ ਮਦੇਨਜ਼ਰ ਰਖਦਿਆਂ ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ ਨਵ-ਨਿਰਮਾਣ ਵਲ ਧਿਆਨ ਦੇਣਾ ਸ਼ੁਰੂ ਕਰ ਦਿਤਾ ਅਤੇ ਇਸ ਕ੍ਰਾਂਤੀਕਾਰੀ ਪਿੰਡ ਨੂੰ ਸ਼ਹਿਰ ਵਾਲੀਆਂ ਸਾਰੀਆਂ ਸਹੂਲਤਾਂ ਪ੍ਰਦਾਨ ਕਰਵਾ ਦਿੱਤੀਆਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਸੰਤ ਸੁਰਿੰਦਰ ਸਿੰਘ ਨਾਮਧਾਰੀ ਨੇ ਪੰਜਾਬ ਰਾਜ ਦੇ ਮੁੱਖ ਮੰਤਰੀ ਸਵ: ਸ੍ਰ: ਬੇਅੰਤ ਸਿੰਘ ਜੀ ਅਤੇ ਸ੍ਰ: ਪ੍ਰਕਾਸ਼ ਸਿੰਘ ਬਾਦਲ ਜੀ ਵਲੋਂ ਉਚੇਚਾ ਧਿਆਨ ਦਿਵਾ ਕੇ ਇੰਟਰਨੈਸ਼ਨਲ ਪੱਧਰ ਦਾ ਖੇਡ ਸਟੇਡੀਅਮ, ਪਾਣੀ ਤੇ ਸੀਵਰੇਜ਼ ਦੀ ਉਸਾਰੀ, ਰਾਈਆਂ ਸ੍ਰੀ ਭੈਣੀ ਸਾਹਿਬ ਡਿਵਲਪਮੈਂਟ ਬੋਰਡ, ਟੈਲੀਫੋਨ ਦੀ ਮਦਰ ਐਕਸਚੇਂਜ ਅਤੇ ਸਭ ਤੋਂ ਉਪਰ ਇਸ ਨੂੰ ਅੱਠ ਪਵਿੱਤਰ ਗੁਰਧਾਮ ਸ਼ਹਿਰਾਂ ਵਿੱਚੋਂ ਇੱਕ ਕਰਾਰ ਦਿੱਤਾ ਹੋਇਆ ਹੈ। ਆਧੁਨਿਕ ਕਿਸਮ ਦਾ 'ਗੁਰੂ ਨਾਨਕ ਸਰਬ ਸੰਪ੍ਰਦਾਇਕ ਮੰਦਿਰ' ਜਿਸ ਦਾ ਅਕਾਰ 140'x 232' ਹੈ, ਆਪਣੀ ਕਿਸਮ ਦਾ ਬਿਨਾਂ ਥੰਮਾਂ ਤੋਂ ਇੱਕ ਵਿਸ਼ਾਲ ਹਾਲ ਹੈ। ਇਸ ਤੋਂ ਬਿਨਾਂ ਅਤਿ ਅਧੁਨਿਕ ਸਹੂਲਤਾਂ ਨਾਲ ਭਰਪੂਰ ਬਿਰਧ ਸ਼ਾਲਾ, ਸੰਗੀਤ ਸ਼ਾਲਾ, ਕੁਦਰਤੀ ਇਲਾਜ ਕੇਂਦਰ, ਸਦਾਵਰਤ ਲੰਗਰ, ਰਾਮ ਸਰ ਸਰੋਵਰ, ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ, ਅਗਨ ਭੱਠੀ (ਦਾਹ ਸੰਸਕਾਰ ਲਈ) ਅਤੇ ਨਾਮ ਸਿਮਰਨ ਦੀਆਂ ਤਿੰਨ ਸਥਾਨਾਂ ਤੇ ਆਖੰਡ ਵਰਨੀਆਂ ਹਨ। ਪੁਰਾਤਨ ਸਥਾਨਾਂ ਤੇ ਵਸਤਾਂ ਦੀ ਸਾਂਭ ਸੰਭਾਲ ਵਲ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ। ਵਾਤਾਨਕੂਲ ਹਰੀ ਮੰਦਿਰ ਵਿੱਚ ਰੋਜ਼ਾਨਾ ਦਾ ਨਾਮ ਸਿਮਰਨ ਜੱਪ-ਪ੍ਰਯੋਗ ਹੋ ਰਿਹਾ ਹੈ।

ਆਧੁਨਿਕ ਸੁਵਿਧਾਜਨਕ ਰਿਸੈਪਸ਼ਨ (ਆਓ-ਭਗਤ), ਯਾਤਰੂ ਸਥਾਨ, ਲੰਗਰ ਹਾਲ ਅਤੇ ਤਬੇਲਾ ਆਦਿ ਬਣ ਰਹੇ ਹਨ।

ਸਰਸਾ ਜ਼ਿਲੇ 'ਚ ਸ੍ਰੀ ਜੀਵਨ ਨਗਰ, ਮਸਤਾਨਗੜ੍ਹ ਤੇ ਸੁਹੇਵਾ ਸਾਹਿਬ (ਰਾਜਸਥਾਨ) ਆਦਿ ਸਥਾਨਾਂ ਤੇ ਨਵ ਉਸਾਰੀ ਕੀਤੀ ਗਈ ਹੈ। ਇਸ ਇਲਾਕੇ ਵਿੱਚ ਸੜਕਾਂ ਬਣਾ ਕੇ ਹਰਿਆਣਾ ਨੂੰ ਇੱਕ ਚੰਗੇ ਦਿਸਹੱਦੇ ਵਲ ਲੈ ਆਂਦਾ ਹੈ। ਬੰਗਲੌਰ ਵਿਖੇ ਨਾਮਧਾਰੀ ਸੀਡਜ਼ ਫਾਰਮ ਅੰਦਰ, ਉਥੋਂ ਦੇ ਗਰੀਬ ਲੋਕਾਂ ਨੂੰ ਰਹਿਣ ਲਈ ਮਕਾਨ ਬਣਾ ਕੇ ਦਿੱਤੇ ਗਏ ਹਨ।

## ਇਤਿਹਾਸਕ ਅਤੇ ਸ਼ਹੀਦੀ ਅਸਥਾਨਾਂ ਦਾ ਨਿਰਮਾਣ :

ਸੰਨ 1872 ਈ: ਵਿੱਚ 17-18 ਜਨਵਰੀ ਨੂੰ ਜੰਗੇ ਆਜ਼ਾਦੀ ਅਤੇ ਗਊ-ਗਰੀਬ ਖਾਤਰ ਹੋਏ 66 ਨਾਮਧਾਰੀ ਸਿੰਘ ਸ਼ਹੀਦਾਂ ਦੀ ਯਾਦ ਵਿੱਚ ਮਲੇਰਕੋਟਲਾ ਦੇ ਸਥਾਨ ਤੇ ਇੱਕ ਮਹਾਨ ਅਜੂਬਾ ਤਿਆਰ ਕੀਤਾ ਗਿਆ ਹੈ, ਜਿਸ ਵਿੱਚ 66 ਫੁੱਟ ਉੱਚਾ ਖੰਡਾ, ਦੀਵਾਨ ਹਾਲ, ਲਾਇਬ੍ਰੇਰੀ ਤੇ ਮਿਊਜ਼ੀਅਮ, ਲੰਗਰ ਅਸਥਾਨ ਆਦਿ ਉਸਾਰੇ ਜਾ ਚੁੱਕੇ ਹਨ। ਇਸੇ ਤਰ੍ਹਾਂ ਲੁਧਿਆਣੇ ਵਿਖੇ ਸੰਨ 1871 ਈ: 26 ਨਵੰਬਰ ਦੇ ਦੋ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਤੇ ਅੰਮ੍ਰਿਤਸਰ ਵਿਖੇ ਰਾਮਬਾਗ ਦੇ ਉਸ ਬੋਹੜ ਵਾਲੇ ਸਥਾਨ ਜਿਥੇ 15 ਸਤੰਬਰ ਸੰਨ 1871 ਈ: ਨੂੰ ਚਾਰ ਸਿੰਘਾਂ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ ਸੀ ਦੀਆਂ ਯਾਦਗਾਰਾਂ ਉਸਾਰੀਆਂ ਜਾ ਰਹੀਆਂ ਹਨ। ਰਾਈਆਂ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਨੂੰ ਪ੍ਰਾਪਤ ਕਰਕੇ ਅਤੇ ਚੌਗਿਰਦਾ ਖੁਲ੍ਹਾ ਕਰਕੇ ਉਸਾਰਨਾ ਆਦਿ ਆਪ ਜੀ ਵਲੋਂ ਕੀਤੀਆਂ ਗਈਆਂ ਅਨੇਕਾਂ ਨਵ-ਉਸਾਰੀਆਂ ਵਿਚੋਂ ਕੁੱਝ ਕੁ ਹੀ ਤੱਥ ਇਥੇ ਦੇ ਸਕਿਆ ਹਾਂ। ਰੰਗੂਨ, ਮਰਗੋਈ, ਮੌਲਮੀਨ ਹਜ਼ਾਰੀਬਾਗ਼, ਅਸੀਰਗੜ੍ਹ ਤੇ ਚੁਨਾਰ ਆਦਿ ਸਥਾਨਾਂ ਤੇ ਯਾਦਗਾਰਾਂ ਉਸਾਰਨ ਲਈ ਯਤਨ ਆਰੰਭੇ ਹੋਏ ਹਨ।

## ਸੜਕਾਂ ਤੇ ਪਾਰਕਾਂ ਦੇ ਨਾਮ :

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਸਦਕਾ ਅਨੇਕਾਂ ਸੜਕਾਂ ਤੇ ਪਾਰਕਾਂ ਦੇ ਨਾਮ ਸਤਿਗੁਰੂ ਸਾਹਿਬਾਨ ਤੇ ਸ਼ਹੀਦਾਂ ਦੇ ਨਾਂ ਤੇ ਰੱਖੇ ਗਏ ਹਨ। ਜਿਵੇਂ ਦਿੱਲੀ ਵਿੱਚ ਰਾਸ਼ਟਰਪਤੀ ਭਵਨ ਤੋਂ ਦੱਖਣ ਨੂੰ ਜਾਂਦੀ ਸੜਕ ਦਾ ਨਾਂ ਮਾਈ ਹੁਕਮੀ (ਸੂਬਾ) ਦੇ ਨਾਂ ਤੇ "ਮਾਈ ਹੁਕਮੀ ਮਾਰਗ", ਜਖੀਰੇ ਤੋਂ ਕੀਰਤੀ ਨਗਰ ਵਲ ਜਾਂਦੀ ਸੜਕ ਦਾ ਨਾਂ "ਸਤਿਗੁਰੂ ਰਾਮ ਸਿੰਘ ਮਾਰਗ", ਸ੍ਰੀ ਭੈਣੀ ਸਾਹਿਬ ਤੋਂ ਸਮਰਾਲਾ ਚੌਂਕ ਲੁਧਿਆਣਾ ਤੱਕ ਜਾਂਦੀ ਸੜਕ ਦਾ ਨਾਂ "ਸਤਿਗੁਰੂ ਰਾਮ ਸਿੰਘ ਮਾਰਗ", ਲੁਧਿਆਣਾ

ਤੋਂ ਸਲੇਰਕੋਟਲਾ ਤੇ ਮਲੇਰਕੋਟਲਾ ਤੋਂ ਖੰਨਾ ਵੱਲ ਜਾਂਦੀਆਂ ਸੜਕਾਂ ਦਾ ਨਾਂ ''ਨਾਮਧਾਰੀ ਸ਼ਹੀਦੀ ਮਾਰਗ'', ਲੁਧਿਆਣਾ ਵਿੱਚ ਹੀ ''ਸਤਿਗੁਰੂ ਪ੍ਰਤਾਪ ਸਿੰਘ ਚੌਂਕ'' ਤੇ ''ਸਤਿਗੁਰੂ ਰਾਮ ਸਿੰਘ ਮਿਉਂਸਪਲ ਪਾਰਕ,'' ਜਮੁਨਾਨਗਰ 'ਚ ''ਸਤਿਗੁਰੂ ਰਾਮ ਸਿੰਘ ਮਾਰਗ'', ਅੰਮ੍ਰਿਤਸਰ ਵਿਖੇ ''ਸਤਿਗੁਰੂ ਰਾਮ ਸਿੰਘ ਨਗਰ'' ਆਦਿ ਨਾਂ ਰੱਖੇ ਗਏ ਹਨ। ਹੁਣੇ ਪਿੱਛੇ ਜਿਹੇ ਲੁਧਿਆਣੇ ਵਿਖੇ ਲੜਕੀਆਂ ਦੇ ਇੱਕ ਪਾਲੀਟੈਕਨਿਕ ਦਾ ਨਾਂ ''ਸਤਿਗੁਰੂ ਰਾਮ ਸਿੰਘ ਸਰਕਾਰੀ ਪਾਲੀਟੈਕਨਿਕ'' ਅਤੇ ਪਾਣੀਪਤ ਵਿਖੇ ''ਸਤਿਗੁਰੂ ਰਾਮ ਸਿੰਘ ਮਾਰਗ'' ਨਾਂ ਰੱਖਿਆ ਗਿਆ ਹੈ। ਲੁਧਿਆਣੇ ਦੇ ਨਾਮਧਾਰੀ ਸ਼ਹੀਦੀ ਸਮਾਰਕ ਦੇ ਬਾਹਰ ''ਕੂਕਾ ਸ਼ਹੀਦੀ ਮਾਰਗ'' ਨਾਂ ਰੱਖਿਆ ਗਿਆ ਹੈ। ਇਸੇ ਤਰ੍ਹਾਂ ਲੁਧਿਆਣਾ ਤੋਂ ਰਾਏਕੋਟ ਅਤੇ ਰਾਏਕੋਟ ਤੋਂ ਮਲੇਰਕੋਟਲੇ ਤੱਕ ਦੀਆਂ ਸੜਕਾਂ ਦਾ ਨਾਂ **ਕੂਕਾ ਸ਼ਹੀਦੀ ਮਾਰਗ** ਰੱਖਿਆ ਗਿਆ ਹੈ। ਮਲੇਰਕੋਟਲੇ ਵਿਖੇ ਨਾਮਧਾਰੀ ਸ਼ਹੀਦ ਗਰਲਜ਼ ਕਾਲਜ ਅਤੇ ਪਟਿਆਲੇ ਵਿਖੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਪਬਲਿਕ ਸਕੂਲ ਖੋਲ੍ਹਿਆ ਗਿਆ ਹੈ।

## ਸੱਚੇ ਸੇਵਕਾਂ ਦਾ ਮਾਨ-ਸਨਮਾਨ :

ਨਾਮਧਾਰੀ ਸਮਾਜ ਦੇ ਪ੍ਰਤਿਸ਼ਟ ਸਿੰਘਾਂ ਸੇਵਕਾਂ ਵਿਚੋਂ ਮਾ: ਨਿਹਾਲ ਸਿੰਘ, ਸੰਤ ਅਨੰਤਾ ਸਿੰਘ, ਸੂਬਾ ਗੰਡਾ ਸਿੰਘ ਤੇ ਸੰਤ ਵਰਿਆਮ ਸਿੰਘ ਨੂੰ ਪੰਥ ਰਤਨ, ਪੰਡਿਤ ਗੋਪਾਲ ਸਿੰਘ ਜੀ ਨੂੰ ਗਿਆਨ ਮਾਰਤੰਡ, ਨਾਮਧਾਰੀ ਦਰਬਾਰ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ ਨੂੰ 'ਪੰਥ ਭੂਸ਼ਨ, ਕਵੀ ਜੀਵਨ ਸਿੰਘ ਨੂੰ ਕਾਵਿ ਭੂਸ਼ਨ', ਸੰਤ ਮੰਗਲ ਸਿੰਘ ਨੂੰ ਨਿਸ਼ਕਾਮ ਸੇਵਕ ਦੀ ਉਪਾਧੀ ਨਾਲ ਸ੍ਰੀ ਸਤਿਗੁਰੂ ਜੀ ਵਲੋਂ ਮਾਨ-ਸਨਮਾਨ ਦਿਤਾ ਗਿਆ ਹੈ। ਇਸੇ ਤਰ੍ਹਾਂ ਨਾਮਧਾਰੀ ਵਿਦਿਅਕ ਜੱਥੇ ਨਾਲ ਸੰਬੰਧ ਰੱਖਦੇ ਉਘੇ ਨੌਜਵਾਨ ਸੇਵਕਾਂ ਦਾ ਸਨਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ''ਆਸ਼ੀਰਵਾਦ'' ਪੁਰਸ਼ਕਾਰ ਦੇ ਕੇ ਕੀਤਾ ਹੈ। ਜਿਨ੍ਹਾਂ ਦੇ ਨਾਂ ਕ੍ਰਮਵਾਰ ਸੰਤ ਜਗਦੀਸ਼ ਸਿੰਘ ਵਰਿਆਮ, ਸੰਤ ਦਲੀਪ ਸਿੰਘ ਨਾਮਧਾਰੀ, ਸੰਤ ਸੁਰਿੰਦਰ ਸਿੰਘ ਨਾਮਧਾਰੀ, ਸੰਤ ਸੁਰਜੀਤ ਸਿੰਘ 'ਜੀਤ' ਆਦਿ ਅਤੇ ਮਾਤਾ ਭੁਪਿੰਦਰ ਕੌਰ ਦੀ ਯਾਦ ਨੂੰ ਸਮਰਪਿਤ ਯਾਦਗਾਰੀ ਚਿਨ੍ਹ ਤੇ ਸੇਠਾਨੀ ਬੀਬੀ ਮਹਿੰਦਰ ਕੌਰ ਦੀ ਯਾਦ ਵਿੱਚ ਦਿਤੇ ਗਏ ਵਿਸ਼ੇਸ਼ ਸਨਮਾਨਾਂ ਦਾ ਵੇਰਵ ਵੀ ਇਤਿਹਾਸ ਦਾ ਇੱਕ ਪੰਨਾ ਬਣ ਚੁਕੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਲੇਖਕਾਂ, ਕਵੀਆਂ ਤੇ ਵਿਦਵਾਨਾਂ ਪ੍ਰਤੀ ਇੰਨੇ ਸੁਹਿਰਦ ਹਨ ਕਿ ਉਨ੍ਹਾਂ ਦੀਆਂ ਆਰਥਿਕ ਲੋੜਾਂ ਤਾਂ ਪੂਰੀਆਂ ਕਰਦੇ ਹੀ ਰਹੇ ਹਨ ਪਰ ਆਉਣ ਜਾਣ ਦੀ ਤਕਲੀਫ਼ ਨੂੰ ਮਹਿਸੂਸ ਕਰਦਿਆਂ ਕਾਰਾਂ ਵੀ ਬਖਸ਼ਿਸ਼ ਕਰਨੀਆ ਸ਼ੁਰੂ ਕੀਤੀਆਂ ਹੋਈਆਂ ਹਨ। ਇਸ ਲਹਿਰ ਵਿੱਚ ਸੰਗੀਤਕਾਰ ਤੇ ਰਾਗੀ ਨੌਜਵਾਨ

ਸਿੰਘਾਂ ਨੂੰ ਵੀ ਪਿੱਛੇ ਨਹੀਂ ਛੱਡਿਆ ਬਲਕਿ ਆਪਣੇ ਕੋਲੋਂ ਜ਼ਮੀਨਾਂ, ਕੋਠੀਆਂ-ਬੰਗਲੇ ਆਦਿ ਬਣਾ ਕੇ ਤੇ ਸਾਮਾਨ ਨਾਲ ਸੁਸਜਿਤ ਕਰਕੇ ਵੀ ਦਿੰਦੇ ਆ ਰਹੇ ਹਨ।

## ਦੀ ਰੇਨ ਮੇਕਰ (THE RAIN MAKER) :

ਭਾਵੇਂ ਮਨੁੱਖ ਨੇ ਵਿਗਿਆਨਕ ਤੌਰ ਤੇ ਏਨੀ ਤਰੱਕੀ ਕਰ ਲਈ ਹੈ, ਪਰ ਕੁਦਰਤ ਦੇ ਭੇਦ ਨੂੰ ਨਹੀਂ ਪਾ ਸਕਿਆ। ਭਾਵੇਂ ਕਿੰਨੀਆਂ ਹੀ ਪੇਸ਼ੀਨਗੋਈਆਂ ਹੋ ਜਾਣ ਪਰ ਜੋ ਵਾਪਰਨਾ ਹੈ ਉਸ ਨੂੰ ਕੋਈ ਰੋਕ ਨਹੀਂ ਸਕਿਆ। ਮਨੁੱਖ ਨੂੰ ਵਿਗਿਆਨ ਕਦੇ ਵੀ ਜਿਊਂਦਾ ਨਹੀਂ ਕਰ ਸਕਿਆ। ਇਹ ਕ੍ਰਿਸ਼ਮਾਂ ਸਤਿਗੁਰੂ ਦੇ ਭਗਤਾਂ ਵਿਚੋਂ ਤਾਂ ਕਦੀ ਕਦੀ ਮਿਲ ਜਾਇਆ ਕਰਦਾ ਹੈ ਕਿ ਉਨ੍ਹਾਂ ਨੇ ਮਰੀ ਹੋਈ ਗਊ ਜਿਉਂਦੀ ਕਰ ਦਿਤੀ ਜਾਂ ਮਰੇ ਹੋਏ ਨੂੰ ਜਿੰਦਾ ਕਰ ਦਿੱਤਾ, ਮਨੁੱਖ ਦੇ ਕਰਮ ਹੀ ਬਦਲ ਦਿੱਤੇ, ਭੈੜੀਆਂ ਰੇਖਾਵਾਂ ਹੀ ਮਿਟਾ ਦਿੱਤੀਆਂ। ਐਸੀਆਂ ਘਟਨਾਵਾਂ ਸਤਿਗੁਰੂ ਜੀ ਦੇ ਗੁਰ ਇਤਿਹਾਸ ਵਿੱਚ ਭਰੀਆਂ ਪਈਆਂ ਹਨ। ਇਸੇ ਤਰ੍ਹਾਂ ਇਤਿਹਾਸ ਦਾ ਇੱਕ ਪੰਨਾ ਸੰਨ 1976 ਈ: ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿਰਜਿਆ। ਇੰਗਲੈਂਡ ਵਿੱਚ ਪਿਛਲੇ ਕਾਫ਼ੀ ਸਮੇਂ ਤੋਂ ਮੀਂਹ ਨਾ ਪੈਣ ਕਰਕੇ ਸੋਕੇ ਦੀ ਅਵਸਥਾ ਬਣ ਚੁੱਕੀ ਹੋਈ ਸੀ। ਸਭ ਪਾਸੇ ਹਾ-ਹਾ ਕਾਰ ਮਚੀ ਹੋਈ ਸੀ। ਮੌਸਮ ਦੇ ਦੱਸਣ ਵਾਲਿਆਂ ਅਨੁਸਾਰ ਅਜੇ ਮੀਂਹ ਦੇ ਆਸਾਰ ਨਜ਼ਰ ਨਹੀਂ ਸੀ ਆ ਰਹੇ। ਇੱਕ ਇੱਕ ਡਰੰਮ ਪਾਣੀ ਦਾ ਪਤਾ ਨਹੀਂ ਕਿੰਨੇ ਕਿੰਨੇ ਪੌਂਡਾਂ ਵਿੱਚ ਵਿਕ ਰਿਹਾ ਸੀ। ਥੇਮਜ਼ ਨਦੀ ਦਾ ਪਾਣੀ ਵੀ ਥੱਲੇ ਲਗ ਚੁੱਕਾ ਸੀ। ਅਖਬਾਰਾਂ, ਟੀ.ਵੀ. ਤੇ ਹੋਰ ਮਾਧਿਅਮ ਰਾਹੀਂ ਲੋਕਾਂ ਨੂੰ ਦੱਸਿਆ ਗਿਆ ਕਿ ਪਾਣੀ ਦੀ ਘੱਟ ਤੋਂ ਘੱਟ ਵਰਤੋਂ ਕੀਤੀ ਜਾਵੇ। ਕਾਰਾਂ ਧੋਣ, ਪਾਰਕਾਂ ਜਾਂ ਫੁੱਲ ਪੌਦਿਆਂ ਨੂੰ ਪਾਣੀ ਦੇਣ ਦਾ ਕੰਮ ਰੋਕ ਦਿਤਾ ਜਾਵੇ। ਸੋਕੇ ਦਾ ਮੁਕਾਬਲਾ ਕਰਨ ਲਈ ਪਾਣੀ ਦੀ ਸੰਕੋਚ ਕੇ ਵਰਤੋਂ ਬਾਰੇ ਲਗਾਤਾਰ ਦੱਸਿਆ ਜਾ ਰਿਹਾ ਸੀ। ਹਰ ਇੱਕ ਇੰਗਲੈਂਡ ਨਿਵਾਸੀ ਇਸ ਸੋਕੇ ਦੀ ਮਾਰ ਤੋਂ ਬਚਣ ਲਈ ਕਹਿ ਰਿਹਾ ਸੀ Rain Rain Come agian. ਪਰ ਦੂਜੇ ਪਾਸੇ ਅਖਬਾਰਾਂ 'ਚ ਇਹ ਵੀ ਲਿਖਿਆ ਮਿਲ ਰਿਹਾ ਸੀ :- Water experts are now saying the drought is the worst known in England and Wales for 500 years. ਮੌਸਮ ਵਿਗਿਆਨੀਆਂ ਨੇ ਕਿਹਾ ਕਿ ਇਹੋ ਜਿਹਾ ਸੋਕਾ ਪਿਛਲੇ 500 ਸਾਲਾਂ ਵਿੱਚ ਵੀ ਨਹੀਂ ਦੇਖਿਆ ਗਿਆ ਅਤੇ ਅਜੇ ਸਤੰਬਰ ਤੱਕ ਮੀਂਹ ਪੈਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ।

ਇਸ ਤਰ੍ਹਾਂ ਸਾਰੇ ਪਾਸਿਆਂ ਤੋਂ ਮਾਯੂਸ ਹੋਏ ਇਹ ਲੋਕ ਅੰਤ ਵਿੱਚ ਰੱਬ ਅੱਗੇ ਅਰਦਾਸਾਂ ਕਰਨ ਲਗ ਪਏ। ਚਰਚਾਂ, ਮੰਦਿਰਾਂ, ਗੁਰਦੁਆਰਿਆਂ ਵਿੱਚ ਆਪਣੇ ਆਪਣੇ ਮੱਤ ਅਨੁਸਾਰ ਅਰਦਾਸਾਂ ਹੋਣ ਲਗ ਪਈਆਂ। ਸਾਰੇ ਹੀ ਬਹੁਤ ਘਬਰਾ ਰਹੇ ਸੀ ਕਿ

ਹੁਣ ਕੀ ਬਣੇਗਾ। ਸਭ ਧਰਮਾਂ ਦੇ ਸੰਤ, ਮਹਾਤਮਾ ਵੀ ਸੋਚਾਂ ਵਿੱਚ ਪੈ ਗਏ ਹੋਏ ਸਨ ਕਿ ਕੀ ਬਣੇਗਾ ? ਕਿਸੇ ਮਹਾਂਪੁਰਖ ਦੇ ਚਮਤਕਾਰ ਦੀ ਉਡੀਕ ਹੋਣ ਲੱਗ ਪਈ ਕਿ ਇਸ ਆਈ ਮੁਸੀਬਤ ਤੋਂ ਨਿਜਾਤ ਦਿਵਾ ਸਕੇ। ਇਸ ਸਮੇਂ ਗੁਰੂ ਨਾਨਕ ਜੀ, ਗੁਰੂ ਗੋਬਿੰਦ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਉਦੇਸ਼ਾਂ ਨੂੰ ਅੱਗੇ ਤੋਰਨ ਵਾਲੇ ਵਰਤਮਾਨ ਗੁਰਗੱਦੀ ਤੇ ਬਿਰਾਜਮਾਨ, ਨਾਮ ਦੇ ਬੋਹਿਥ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੋ ਕਿ ਇੱਕ ਸਾਲ ਪਹਿਲਾਂ ਤੋਂ ਉਲੀਕੇ ਹੋਏ ਪ੍ਰੋਗਰਾਮ ਅਨੁਸਾਰ 8 ਅਗਸਤ 1976 ਨੂੰ ਇੰਗਲੈਂਡ ਦੇ ਹੀਥਰੋ ਹਵਾਈ ਅੱਡੇ ਤੇ ਇੱਕ ਸਦਭਾਵਨਾ ਯਾਤਰਾ ਤੇ ਪੁੱਜੇ। 26 ਅਗਸਤ ਨੂੰ ਸਾਊਥਾਲ ਜਦੋਂ ਸ੍ਰੀ ਸਤਿਗੁਰੂ ਜੀ ਪੁੱਜੇ ਤਾਂ ਇਸੇ ਸਮੇਂ ਇੱਕ ਗੈਰ ਨਾਮਧਾਰੀ ਸਿੱਖ ਡਾ: ਨਰਿੰਜਨ ਸਿੰਘ ਮਾਂਗਟ ਨੇ ਬੀ.ਬੀ.ਸੀ. ਰੇਡਿਓ ਅਤੇ ਟੈਲੀਵਿਜ਼ਨ ਰਾਹੀਂ ਇਹ ਖਬਰ ਲੁਆ ਦਿਤੀ ਕਿ ਇਸ ਸੋਕੇ ਨੂੰ ਖਤਮ ਕਰਨ ਲਈ ਅਤੇ ਮੀਂਹ ਪੁਆਉਣ ਲਈ ਹੀ ਭਾਰਤ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇੰਗਲੈਂਡ ਪੁੱਜੇ ਹਨ। ਇਸ ਤਰ੍ਹਾਂ ਮੀਂਹ ਪੁਆਉਣ ਦਾ ਦਾਅਵਾ ਕਦੀ ਕਿਸੇ ਸਿੱਖ ਨੇ ਨਾ ਹੀ ਕੀਤਾ ਹੈ ਅਤੇ ਫਿਰ ਸਤਿਗੁਰੂ ਜੀ ਇਸ ਤਰ੍ਹਾਂ ਕਰਨ ਦਾ ਵਿਚਾਰ ਕਿਵੇਂ ਰੱਖ ਸਕਦੇ ਸੀ ? ਇਹ ਖਬਰ ਲਗਾਉਣ ਦੇ ਪਿੱਛੇ ਉਸ ਦੀ ਭੈੜੀ ਹਰਕਤ ਦਾ ਸਭ ਨੂੰ ਪਤਾ ਸੀ ਕਿ ਇਸ ਤਰ੍ਹਾਂ ਖਬਰ ਦੇਣ ਨਾਲ ਜਾਂ ਤਾਂ ਮੀਂਹ ਪੁਆ ਦੇਣਗੇ ਤੇ ਜੇ ਨਾ ਪੁਆ ਸਕੇ ਤਾਂ ਇਸ ਨਾਮਧਾਰੀ ਸਮਾਜ ਦੀ ਜੱਗ ਹਸਾਈ ਤਾਂ ਹੋਵੇਗੀ ਹੀ। ਉਸ ਡਾ: ਬਾਰੇ ਕਿਸੇ ਦੇ ਵੀ ਚੰਗੇ ਵਿਚਾਰ ਨਹੀਂ ਸਨ ਬਲਕਿ ਉਸਦੀ ਇਸ ਮਾੜੀ ਹਰਕਤ ਤੋਂ ਸਭ ਹੈਰਾਨ ਸਨ। ਉਥੋਂ ਦੀ ਸੰਗਤ ਤੇ ਸੇਵਕਾਂ ਨੇ ਆਪਣੀ ਇਸ ਚਿੰਤਾਂ ਨੂੰ ਸ੍ਰੀ ਸਤਿਗੁਰੂ ਜੀ ਤੇ ਚਰਨਾਂ ਵਿੱਚ ਹੱਥ ਜੋੜ ਕੇ ਅਰਦਾਸ ਰੂਪ ਵਿੱਚ ਪ੍ਰਗਟ ਕੀਤਾ ਕਿ ਆਪ ਜੀ ਕ੍ਰਿਪਾ ਕਰੋ ਕਿ ਹੁਣ ਮੀਂਹ ਪੈ ਹੀ ਜਾਵੇ. ਤਾਂ ਹੀ ਸਾਡੀ ਰਹਿ ਹੁੰਦੀ ਹੈ। ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ :-

**ਮੀਂਹ ਪਾਉਣਾ ਜਾਂ ਨਾ ਪਾਉਣਾ ਅਕਾਲ ਪੁਰਖ ਦੇ ਹੱਥ ਵਿੱਚ ਹੈ, ਸਾਡੇ ਹੱਥ ਵਿੱਚ ਨਹੀਂ। ਅਸੀਂ ਤਾਂ ਉਸ ਅਗੇ ਅਰਦਾਸ ਹੀ ਕਰ ਸਕਦੇ ਹਾਂ, ਉਸਦੀ ਰਜ਼ਾ ਹੈ ਅਰਦਾਸ ਸਵੀਕਾਰ ਕਰੇ ਜਾਂ ਨਾ ਕਰੇ। ਅਕਾਲ ਪੁਰਖ ਦੀ ਰਜ਼ਾ ਵਿੱਚ ਦਖਲ ਨਹੀਂ ਦੇਣਾ ਚਾਹੀਦਾ।** ਉਨ੍ਹਾਂ ਹੋਰ ਬਚਨ ਕੀਤੇ :- **ਸਾਡਾ ਜ਼ੋਰ ਤਾਂ ਸਿਰਫ ਅਕਾਲ ਪੁਰਖ ਅੱਗੇ ਅਰਦਾਸ ਕਰਨ ਦਾ ਹੀ ਹੈ। ਸਵੇਰੇ ਆਸਾ ਦੀ ਵਾਰ ਤੋਂ ਬਾਅਦ ਅਕਾਲ ਪੁਰਖ ਅਗੇ ਅਰਦਾਸ ਕਰੋ, ਸਤਿਗੁਰੂ ਭਲੀ ਕਰਨਗੇ।**

ਇਸ ਤਰ੍ਹਾਂ 27 ਅਗਸਤ ਦੀ ਸਵੇਰ ਨੂੰ ਆਸਾ ਦੀ ਵਾਰ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅਰਦਾਸ ਹੋਈ :-

**ਹੇ ਅਕਾਲ ਪੁਰਖ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਕਿਰਪਾ ਕਰੋ**

ਇਸ ਭਿਆਨਕ ਔੜ ਤੋਂ ਤੜਫਦੀ ਲੋਕਾਈ ਨੂੰ ਠੰਢ ਵਰਤਾਓ। ਮੀਂਹ ਪੁਆਉਣ ਦੀ ਅਰਜ਼ ਪ੍ਰਵਾਨ ਕਰੋ। ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ।। ਥੋੜੀ ਦੇਰ ਬਾਅਦ ਹੀ ਪਹਿਲਾਂ ਹਲਕੀਆਂ ਛਿੱਟਾਂ ਤੇ ਫਿਰ ਬਾਅਦ ਦੁਪਹਿਰ ਜ਼ੋਰ ਦੀ ਬਰਸਾਤ। ਅਖਬਾਰਾਂ ਟੈਲੀਵਿਜ਼ਨ ਸਭ ਇਨ੍ਹਾਂ ਖਬਰਾਂ ਨਾਲ ਭਰ ਗਏ ਕਿ ਸਾਊਥਾਲ ਵਿੱਚ ਪੰਜਾਬ ਤੋਂ ਆਏ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਰਦਾਸ ਕਰਕੇ ਮੀਂਹ ਪੁਆ ਦਿੱਤਾ ਹੈ। 'The Rain Maker' (ਮੀਂਹ ਦਾ ਦੇਵਤਾ) "Rain maker in bid to stop the drought. The Sun ਅਖਬਾਰ ਵਿੱਚ ਲਿਖਿਆ ਗਿਆ, Godness, Gur-acious, rained-just as the Guru prayed it would. ਇਸੇ ਤਰ੍ਹਾਂ Guardian ਇੰਗਲੈਂਡ ਦੇ ਮਸ਼ਹੂਰ ਅਖਬਾਰ ਨੇ ਮੋਟੀ ਸੁਰਖੀ ਲਾ ਕੇ ਲਿਖਿਆ :- Umbrella carries have their revenge, reports GARETH PARRY, as the Sikh's leader's prayer is answered. ਇੱਕ ਹੋਰ ਮੈਗਜ਼ੀਨ International weekly ਨੇ 5 ਸਤੰਬਰ 1976 ਨੂੰ ਹੈਦਰਾਬਾਦ ਤੋਂ ਲਿਖਿਆ :- The day the miracle happened; after the rain pour which followed the prayer for rain by Namdhari Guru and Yajna at Leicester. ਸਾਰੀ ਦੁਨੀਆਂ 'ਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ "ਜੈ ਜੈ ਕਾਰ ਹੋ ਰਹੀ ਸੀ। ਪਹਿਲੇ ਸਤਿਗੁਰੂਆਂ ਵਾਂਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਚਮਤਕਾਰ ਕਰਨ ਵਿੱਚ ਯਕੀਨ ਨਹੀਂ ਰੱਖਦੇ ਅਤੇ ਇਸ ਤਰ੍ਹਾਂ ਕੁਦਰਤ ਨੂੰ ਆਪਣੇ ਅਨੁਸਾਰ ਹੀ ਚਲਣ ਵਿੱਚ ਰਾਜ਼ੀ ਰਹਿੰਦੇ ਹਨ। ਲੋਕਾਂ ਦੀਆਂ ਦੁੱਖ ਤਕਲੀਫਾਂ ਨੂੰ ਇੱਕ ਜਾਂ ਦੋ ਮਾਲਾ ਨਾਮ ਦੀਆਂ ਤੇ ਇੱਕ ਮਾਲਾ ਭਗੌਤੀ ਦੀ ਫੇਰ ਕੇ ਉਸ ਅਕਾਲ ਪੁਰਖ ਦੇ ਚਰਣਾਂ ਵਿੱਚ ਅਰਦਾਸ ਕਰਨ ਲਈ ਆਖਦੇ ਹਨ। ਪਰ ਫਿਰ ਵੀ ਜਦੋਂ ਉਨ੍ਹਾਂ ਵਲੋਂ ਕੀਤੀ ਅਰਦਾਸ ਜਾਂ ਉਨ੍ਹਾਂ ਵਲੋਂ ਕੀਤੇ ਗਏ ਬਚਨ ਪੂਰੇ ਹੋ ਜਾਂਦੇ ਹਨ ਤਾਂ ਬਦੋ ਬਦੀ ਧੰਨ ਸਤਿਗੁਰੂ ਜਗਜੀਤ ਸਿੰਘ ਜੀ ਨਿਕਲ ਹੀ ਜਾਂਦਾ ਹੈ। ਇਹੀ ਕੁੱਝ ਹੋਇਆ। ਕੀਨੀਆਂ (ਅਫਰੀਕਾ) ਦੀਆਂ ਅਖਬਾਰਾਂ, ਭਾਰਤ ਦੀਆਂ ਅਖਬਾਰਾਂ, ਇੰਗਲੈਂਡ ਦੀਆਂ ਅਖਬਾਰਾਂ ਨੇ ਇਸ ਮੀਂਹ ਪੁਆਉਣ ਲਈ ਕੀਤੀ ਅਰਦਾਸ ਪੂਰੀ ਹੋਣ ਤੇ ਜੋ ਸ਼ਬਦ ਵਰਤੇ ਉਹ ਉਪ੍ਰੋਕਤ ਤਰ੍ਹਾਂ ਦੇ ਸਨ।

ਸਤੰਬਰ 2001 ਈ: ਨੂੰ ਅਤਿਵਾਦੀਆਂ ਨੇ ਅਮਰੀਕਾ ਦੇ World Trade Centre ਦੇ 110 ਮੰਜ਼ਲਾਂ ਉਚੇ ਦੋ ਟਾਵਰਾਂ ਵਿੱਚ ਹਵਾਈ ਜਹਾਜ ਮਾਰ ਕੇ ਢਹਿ ਢੇਰੀ ਕਰ ਦਿੱਤਾ। ਹਜ਼ਾਰਾਂ ਹੀ ਜਾਨਾਂ ਦਾ ਚਲੇ ਜਾਣਾ ਅਤੇ ਉਸ ਤੋਂ ਬਾਅਦ ਕੀ ਕੁੱਝ ਵਾਪਰਨਾ ਹੈ, ਤੋਂ ਬਚਣ ਲਈ ਗੁਰਸਿੱਖਾਂ ਨੇ ਆਪ ਪਾਸ ਬੇਨਤੀ ਕੀਤੀ ਕਿ ਕ੍ਰਿਪਾ ਹੋਵੇ, ਤਾਂ ਆਪ ਜੀ ਫੁਰਮਾਇਆ :- "ਸਮੂਹ ਨਾਮਧਾਰੀ ਸੰਗਤ ਨੂੰ ਹੁਕਮ ਹੈ ਕਿ ਉਹ

ਪੂਰਾ ਇੱਕ ਮਹੀਨਾ ਇੱਕ ਮਾਲਾ ਨਾਮ ਸਿਮਰਨ ਅਤੇ ਇੱਕ ਮਾਲਾ ਭਗੌਤੀ ਦੀ ਫੇਰ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ 'ਚ ਅਰਦਾਸ ਕਰਨ ਕਿ ਆਉਣ ਵਾਲੇ ਭਿਆਨਕ ਸਮੇਂ ਤੋਂ ਸਾਡੀ ਰੱਖਿਆ ਹੋਵੇ ਅਤੇ ਪਰਿਵਾਰ ਦਾ ਹਰ ਜੀਅ ਸੂਰਜ ਚੜ੍ਹਨ ਤੋਂ ਪਹਿਲੋਂ ਸਣਕੇਸੀ ਇਸ਼ਨਾਨ ਜ਼ਰੂਰ ਕਰੇ।" ਅਸਲ ਵਿੱਚ ਮਜ਼ਹਬ ਜਾਂ ਧਰਮ ਦਾ ਪ੍ਰਯੋਜਨ ਹੁੰਦਾ ਹੈ, ਆਪਣੇ ਗੁਰਸਿੱਖਾਂ ਨੂੰ ਜੀਅ ਦਾਨ ਦੇ ਕੇ ਭਗਤੀ ਸੰਗ ਲਾਉਣਾ।' ਕਿਉਂ ਜੋ ਸਤਿਗੁਰੂ ਦਾ ਇਹ ਕੰਮ ਹੋਇਆ ਕਰਦਾ ਹੈ :-

**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।।** ਤੇ ਇਹੀ ਕ੍ਰਿਪਾ ਕਰ ਰਹੇ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ। ਗੁਰੂ ਨਾਨਕ ਦੇਵ ਜੀ ਦੇ ਦਿੱਤੇ ਹੋਏ ਚਉਖਰੇ ਨਾਮ ਦੀ ਦਾਤ ਸਾਰੀ ਲੋਕਾਈ ਵਿੱਚ ਵੰਡ ਰਹੇ ਹਨ ਅਤੇ ਸਭ ਨੂੰ ਘੱਟੋਂ ਘੱਟ ਇੱਕ ਘੰਟਾ ਨਾਮ ਸਿਮਰਨ ਰੋਜ਼ਾਨਾ ਕਰਨ ਦਾ ਹੁਕਮ ਕਰ ਰਹੇ ਹਨ। ਪੰਜ ਬਾਣੀਆਂ ਦਾ ਪਾਠ ਨਿਤਨੇਮ ਨਾਲ ਅਤੇ ਇੱਕ ਸੰਪੂਰਨ ਪਾਠ ਆਦਿ ਸ੍ਰੀ ਗ੍ਰੰਥ ਸਾਹਿਬ ਜਾਂ ਦਸਮ ਸ੍ਰੀ ਗ੍ਰੰਥ ਸਾਹਿਬ ਦਾ ਹਰ ਘਰ ਪ੍ਰਤੀ ਹਰ ਮਹੀਨੇ ਕਰਨ ਦਾ ਆਦੇਸ਼ ਹੈ। ਮਰਯਾਦਾ ਸੁੱਚ-ਸੋਧ ਰੱਖਣ ਲਈ ਬੜੀ ਤਕੜਾਈ ਨਾਲ ਕਹਿੰਦੇ ਹਨ। ਲਿਬਾਸ ਵੀ ਸਫੈਦ ਨਾਮਧਾਰੀ ਕਾਟ ਦੇ ਹੀ ਪਹਿਨਣ ਲਈ ਹੁਕਮ ਕਰਦੇ ਹਨ। ਵਿਆਹ ਸ਼ਾਦੀਆਂ ਬਿਨਾਂ ਕਿਸੇ ਦਾਜ ਦਹੇਜ਼ ਜਾਂ ਖਰਚ ਖਰਚਾਂ ਤੋਂ ਸਾਦਾ ਰੀਤੀ ਨਾਲ ਕਰਨ ਦਾ ਆਦੇਸ਼ ਹੈ। ਉਲੰਘਣਾਂ ਕਰਨ ਵਾਲੇ ਨੂੰ ਯੋਗ ਦੰਡ ਵੀ ਦਿੰਦੇ ਹਨ।

## ਸਮੁੱਚੇ ਵਿਸ਼ਵ ਵਿੱਚ ਸਾਬਤ ਸੂਰਤ ਸਿੱਖੀ ਸਰੂਪ ਦੀ ਪਹਿਚਾਣ :

ਸ੍ਰੀ ਸਤਿਗੁਰੂ ਜੀ ਦੇ ਦਿਲ ਦਾ ਉਪਰੇਸ਼ਨ ਹੋਣਾ ਸੀ। ਦਿੱਲੀ ਦੇ ਹਸਪਤਾਲਾਂ ਵਿੱਚ ਪਤਾ ਕੀਤਾ ਗਿਆ ਕਿ ਬਿਨਾਂ ਛਾਤੀ ਦੇ ਰੋਮਾਂ ਦੀ ਕਟਾਈ, ਸਪਿਰਿਟ ਦੀ ਥਾਂ ਈਥਰ ਜਾਂ ਆਇਓਡੀਨਸ, ਬਾਹਰੋਂ ਖ਼ੂਨ ਦੇਣ ਤੋਂ ਬਿਨਾਂ ਅਤੇ ਲੇਡੀ ਨਰਸ ਦੀ ਜਗ੍ਹਾ ਪੁਰਸ਼ ਨਰਸ ਹੀ ਹੋਵੇ-ਇਹ ਸ਼ਰਤਾਂ ਕਿਸ ਹਸਪਤਾਲ 'ਚ ਕਿਸ ਡਾ: ਨੇ ਮੰਨਣੀਆਂ ਹਨ? ਪਰ ਕੋਈ ਵੀ ਨਾ ਨਿਤਰ ਸਕਿਆ। ਦੁਨੀਆਂ ਦੇ ਡਾਕਟਰਾਂ ਸਾਂਹਵੇ ਇੱਕ ਸਵਾਲ ਖੜਾ ਹੋ ਗਿਆ ਕਿ ਇਸ ਸਭ ਤੋਂ ਬਗੈਰ ਉਪਰੇਸ਼ਨ ਕਿਵੇਂ ਹੋਵੇ? ਇਸ ਸਵਾਲ ਦਾ ਜਵਾਬ ਲਭਿਆ ਡਾ: ਨਰਿੰਦਰ ਪਾਲ ਸਿੰਘ ਨਾਮਧਾਰੀ ਬੈਂਕੌਕ ਵਾਲੇ ਨੇ। ਉਨ੍ਹਾਂ ਨੇ ਡਾ ਆਈ.ਕੇ. ਰੌਸ ਜੋ ਕਿ ਆਸਟ੍ਰੇਲੀਆ ਦੇ ਰਾਇਲ ਐਡੀਲੇਡ ਹਸਪਤਾਲ ਦੇ ਮੁੱਖ ਸਰਜਨ ਹਨ ਅਤੇ ਸਾਲ 'ਚ 600 ਦੇ ਕਰੀਬ ਓਪਨ ਹਾਰਟ ਬਾਈਪਾਸ ਸਰਜਰੀ ਕਰਿਆ ਕਰਦੇ ਹਨ, ਦੇ ਨਾਲ ਸੰਪਰਕ ਕਰਕੇ ਇਨ੍ਹਾਂ ਉਪਰੋਕਤ ਗੱਲਾਂ ਦੀ ਜਾਣਕਾਰੀ ਦੇ ਕੇ ਪੱਕਾ ਕਰ ਲਿਆ। ਇਸ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਿਲ ਦਾ ਉਪਰੇ

ਸ਼ਨ ਪੂਰੇ ਸਿੱਖੀ ਸਰੂਪ ਮਰਿਆਦਾ ਨੂੰ ਕਾਇਮ ਰੱਖਦਿਆਂ 16 ਜੁਲਾਈ 1991 ਈ: ਨੂੰ ਡਾ: ਰੌਸ ਨੇ ਕੀਤਾ। ਭਾਰਤ ਦੇ ਸਵੇਰੇ ਚਾਰ ਤੋਂ ਸੱਤ ਵਜੇ ਦਾ ਵਕਤ ਸੀ। ਸਾਰੇ ਸੰਸਾਰ 'ਚ ਰਹਿ ਰਹੇ ਨਾਮਧਾਰੀ ਸਿੰਘਾਂ ਨੇ ਵੱਖ-ਵੱਖ ਥਾਵਾਂ ਤੇ ਵਰਨੀਆਂ, ਆਖੰਡ ਪਾਠ, ਨਾਮ ਸਿਮਰਨ ਤੇ ਹਵਨ ਆਦਿ ਕਰਨੇ ਸ਼ੁਰੂ ਕੀਤੇ ਹੋਏ ਸਨ। ਲੁਧਿਆਣੇ ਸ੍ਰੀ ਭੈਣੀ ਸਾਹਿਬ, ਦਿੱਲੀ, ਮੰਡੀ, ਜਮੁਨਾ ਨਗਰ ਆਦਿ ਬਹੁਤ ਸਾਰੇ ਸ਼ਹਿਰਾਂ ਤੇ ਪਿੰਡਾਂ ਵਿੱਚ ਉਪਰੇਸ਼ਨ ਦੀ ਸਫਲਤਾ ਵਾਸਤੇ ਲਗਾਤਾਰ ਨਾਮ ਸਿਮਰਨ ਹੋ ਰਿਹਾ ਸੀ ਤੇ ਨਾਲ ਹੀ ਟੈਲੀਫੋਨ ਤੇ ਸੰਪਰਕ ਬਣਿਆ ਹੋਇਆ ਸੀ। ਇਸ ਉਪਰੇਸ਼ਨ ਦੀ ਸਫ਼ਲਤਾ ਤੇ ਸਭ ਪਾਸੇ ਖੁਸ਼ੀ ਦਾ ਮਹੌਲ ਬਣ ਗਿਆ ਅਤੇ ਅਕਾਲ ਪੁਰਖ ਦਾ ਧੰਨਵਾਦ ਅਰਦਾਸਾਂ ਦੇ ਰੂਪ ਵਿੱਚ ਕੀਤਾ ਗਿਆ। ਸ੍ਰੀ ਭੈਣੀ ਸਾਹਿਬ ਪੁਜਣ ਤੇ ਬਹੁਤ ਸ਼ਾਹਾਨਾਂ ਸਵਾਗਤ ਕੀਤਾ ਗਿਆ।

## ਇਤਿਹਾਸਕ ਸਮਾਗਮ :

ਆਪ ਜੀ ਦੀ ਰਹਿਨੁਮਾਈ ਹੇਠ ਅੱਸੂ ਮਹੀਨੇ ਦਾ ਜਪ-ਪ੍ਰਯੋਗ ਤੇ ਆਖੀਰ ਤੇ ਚਾਰ ਦਿਨ ਦਾ ਬਹੁਤ ਭਾਰੀ ਸਮਾਗਮ, ਹੋਲਾ-ਮਹੱਲਾ, 17-18 ਜਨਵਰੀ ਦਾ ਮਲ੍ਹੇਰਕੋਟਲੇ 66 ਸ਼ਹੀਦ ਸਿੰਘਾਂ ਦੀ ਯਾਦ ਵਿੱਚ ਰਾਜ ਪਧਰੀ ਸ਼ਹੀਦੀ ਸਮਾਗਮ, ਰਾਈਆਂ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿੱਚ ਰਾਜ ਪਧਰੀ ਸਮਾਗਮ, 5 ਅਗਸਤ ਰਾਏ ਕੋਟ ਸਾਕੇ, 15 ਸਤੰਬਰ ਅੰਮ੍ਰਿਤਸਰ ਸਾਕੇ ਅਤੇ 26 ਨਵੰਬਰ ਲੁਧਿਆਣੇ ਵਾਲੇ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਸਮਾਗਮ ਆਪ ਜੀ ਦੀ ਛੱਤਰ ਛਾਇਆ ਹੇਠ ਹੋ ਰਹੇ ਹਨ। ਵਿਸ਼ਵ ਨਾਮਧਾਰੀ ਵਿਦਿਅਕ ਜੱਥੇ ਦਾ ਵਾਰਸ਼ਿਕ ਸੰਮੇਲਨ ਵੀ ਆਪ ਜੀ ਦੀ ਰਹਿਨੁਮਾਈ ਹੇਠ ਹੁੰਦਾ ਆ ਰਿਹਾ ਹੈ। ਇਸ ਤੋਂ ਇਲਾਵਾ ਮਾਘੀ ਮੁਕਤਸਰ, ਤਖਤੂਪੁਰਾ, ਵੱਡ ਤੀਰਥ, ਦੀਵਾਲੀ ਅੰਮ੍ਰਿਤਸਰ, ਵਿਸਾਖੀ ਆਦਿ ਅਤੇ ਹੋਰ ਅਨੇਕਾਂ ਮੇਲੇ, ਆਪ ਜੀ ਦੀ ਛੱਤਰ ਛਾਇਆ ਹੇਠ ਹੁੰਦੇ ਆ ਰਹੇ ਹਨ। ਸੱਚੀ ਗੱਲ ਇਹ ਹੈ ਕਿ ਕੋਈ ਵੀ ਖੁਸ਼ੀ ਜਾਂ ਗਮੀ 'ਚ ਕਿਸੇ ਵੀ ਗੁਰਸਿੱਖ ਵਲੋਂ ਕਰਵਾਏ ਮੇਲੇ ਦਾ ਆਨੰਦ ਉਸਨੂੰ ਉਦੋਂ ਹੀ ਮਿਲਦਾ ਹੈ ਜਦੋਂ ਸ੍ਰੀ ਸਤਿਗੁਰੂ ਜੀ ਆਪ ਕ੍ਰਿਪਾ ਕਰਕੇ ਉਸ ਮੇਲੇ 'ਚ ਦਰਸ਼ਨ ਦਿੰਦੇ ਹਨ। ਉਨ੍ਹਾਂ ਤੋਂ ਬਗੈਰ ਤਾਂ ਸਭ ਫਿੱਕਾ ਫਿੱਕਾ ਹੀ ਲੱਗਦਾ ਹੈ।

## ਲੁਧਿਆਣਾ ਵਿਖੇ ਮਹਾਨ ਨਗਰ-ਕੀਰਤਨ :

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਨ੍ਹਾਂ ਉਦੇਸ਼ਾਂ ਸਚਾਈ, ਇਨਸਾਫ, ਪਰਸਪਰ ਮੁੱਹਬਤ ਅਤੇ ਮਨੁੱਖੀ ਏਕਤਾ ਦੀ ਮਸ਼ਾਲ ਨੂੰ ਹੋਰ ਨਿਖਾਰ ਦਿੱਤਾ, ਜਦੋਂ ਸ੍ਰੀ ਸਤਿਗੁਰੂ

ਜਗਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥੇ ਤੇ ਨਾਮਧਾਰੀ ਸੰਗਤ ਲੁਧਿਆਣਾ ਦੇ ਮੁੱਖ ਸੇਵਾਦਾਰਾਂ ਵਲੋਂ 18 ਜਨਵਰੀ, 1983 ਈ. ਦੇ ਇਤਿਹਾਸਕ ਦਿਹਾੜੇ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 168 ਵੇਂ ਆਗਮਨ ਦਿਵਸ (ਬਸੰਤ ਪੰਚਮੀ) ਤੇ ਇੱਕ ਮਹਾਨ ਨਗਰ ਕੀਰਤਨ ਲੁਧਿਆਣੇ ਵਿੱਚ ਕੀਤਾ ਗਿਆ।

ਹਜ਼ਾਰਾਂ ਨਰ-ਨਾਰੀਆਂ ਦੀਆਂ ਹੁਮ-ਹੁਮਾ ਕੇ ਜੁੜੀਆਂ ਭੀੜਾਂ ਦੇ ਵਿਚਕਾਰ ਉੱਚੀ ਜਗ੍ਹਾ ਤੇ ਸੁਸ਼ੋਭਿਤ ਸਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੋ ਇਸ ਯਾਤਰਾਂ ਵਿੱਚ ਆਈਆਂ ਸੰਗਤਾਂ ਨੂੰ ਦਰਸ਼ਨ ਤੇ ਖੁਸ਼ੀਆਂ ਭਰਪੂਰ ਆਸ਼ੀਰਵਾਦ ਦੇ ਕੇ ਨਿਵਾਜ ਰਹੇ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਾਨਵਤਾ ਲਈ ਪਿਆਰ, ਉਨ੍ਹਾਂ ਦੀ ਵੀਰਤਾ, ਨਿਡਰਤਾ, ਦੇਸ਼-ਕੌਮ ਦੀ ਆਜ਼ਾਦੀ ਦੀ ਖਾਤਿਰ ਚਲਾਈ ਨਾ-ਮਿਲਵਰਤਨ ਲਹਿਰ ਦੇ ਸੰਚਾਲਕ, ਸ਼ਹੀਦਾਂ ਤੇ ਮਰਜੀਵੜਿਆਂ ਦੇ ਰਹਿਬਰ ਅਤੇ ਦੇਸ਼ ਦੀ ਆਜ਼ਾਦੀ ਦੇ ਲਈ ਜਲਾਵਤਨ ਹੋ ਚੁੱਕੇ ਇਸ ਮਹਾਨ ਗੁਰੂ ਦੇ ਗੁਣ ਗਾਣ ਕਰਦੀ ਆਮ ਲੋਕਾਈ ਦੀਆਂ ਵਹੀਰਾਂ ਨਾਲ ਭਰਪੂਰ ਸੀ ਇਹ ਨਗਰ ਕੀਰਤਨ। ਇਸ ਵਿੱਚ 200 ਟਰਾਲੀਆਂ, ਟਰੱਕ ਤੇ ਬੱਸਾਂ ਤੋਂ ਇਲਾਵਾ ਅਨੇਕਾਂ ਹੀ ਸਕੂਟਰ ਮੋਟਰਸਾਈਕਲ ਤੇ ਕਾਰਾਂ ਦਾ ਕਾਫਲਾ ਜੋ ਕਿ 20 ਕਿਲੋਮੀਟਰ ਰੂਟ ਤੇ ਚਲ ਰਿਹਾ ਸੀ। ਇਸ ਮਾਰਗ ਨੂੰ 100 ਗੇਟਾਂ ਨਾਲ ਸਜਾਇਆ ਹੋਇਆ ਸੀ। ਹਰ ਧਰਮ, ਹਰ ਫਿਰਕੇ, ਹਰ ਸੰਪ੍ਰਦਾਏ, ਹਰ ਖਿਆਲ ਦੇ ਲੋਕਾਂ ਨੇ ਇਸ ਮਹਾਨ ਨਗਰ ਕੀਰਤਨ ਵਿੱਚ ਭਰਪੂਰ ਹਿੱਸਾ ਪਾਇਆ। ਸਨਾਤਨ ਧਰਮ, ਆਰੀਆ ਸਮਾਜ, ਦੰਡੀ ਸਵਾਮੀ, ਸ਼ਹਿਰੀ ਅਕਾਲੀ ਦਲ, ਇਸਤਰੀ ਅਕਾਲੀ ਦਲ, ਨਿਹੰਗ ਸਿੰਘਾਂ ਦਾ ਜੱਥਾ, ਰਾਮਗੜ੍ਹੀਆ ਫੈਡਰੇਸ਼ਨ, ਮੁਸਲਮਾਨਾਂ ਦਾ ਜੱਥਾ, ਭਾਟੜੇ ਸਿੱਖਾਂ ਦਾ ਜੱਥਾ, ਸੰਤ ਸਿਆੜ੍ਹ ਵਾਲੇ, ਸੰਤ ਸਿਉੜੇ ਸਿੱਧ ਸਰ ਵਾਲੇ ਆਦਿ ਸ਼ਾਮਲ ਹੋਏ।

ਸ਼ਹਿਰ ਦੀ ਲੋਕਾਈ ਨੇ ਇਸ ਅਨੋਖੀ, ਸੁੰਦਰ ਤੇ ਬੇ-ਮਿਸਾਲ ਪੁਰ ਅਮਨ ਨਗਰ ਕੀਰਤਨ ਦਾ ਸੁਆਗਤ ਬੜੇ ਮੋਹ, ਪਿਆਰ ਤੇ ਸਤਿਕਾਰ ਨਾਲ ਕੀਤਾ।

ਬਸੰਤੀ ਰੰਗੀਆਂ, ਨੀਲੀਆਂ-ਕਾਲੀਆਂ ਦਸਤਾਰਾਂ ਵਾਲੇ, ਪੀਲੀਆਂ ਟੋਪੀਆਂ ਵਾਲੇ, ਸਫ਼ੈਦ ਬਾਣੇ ਵਿੱਚ ਨਾਮਧਾਰੀ ਤੇ ਹੋਰ ਸਾਧ ਸੰਤ ਅਤੇ ਰੰਗ-ਬਰੰਗੇ ਕਪੜਿਆਂ ਵਾਲੇ ਇਸ ਨਗਰ ਕੀਰਤਨ ਵਿੱਚ ਸ਼ਾਮਲ ਸਨ। ਸੰਗਤਾਂ ਕੀਰਤਨ ਕਰਦੀਆਂ ਜਾ ਰਹੀਆਂ ਸਨ। ਅੱਗੇ-ਅੱਗੇ ਨੌਜਵਾਨਾਂ ਦਾ ਸ਼ਬਦੀ ਜੱਥਾ ਢੋਲਕ ਛੈਣਿਆਂ ਨਾਲ ਕੀਰਤਨ ਕਰ ਰਿਹਾ ਸੀ। ਹਵਾਈ ਜਹਾਜ਼ ਇਸ ਸਾਰੇ ਮਾਰਗ ਤੇ ਫੁੱਲਾਂ ਦੀ ਵਰਖਾ ਕਰ ਰਿਹਾ ਸੀ।

ਇਸ਼ਤਿਹਾਰਾਂ, ਕਾਰਡਾਂ, ਬੋਰਡਾਂ, ਪੈਮਫਲਿਟ, ਮਾਟੋ, ਅਖ਼ਬਾਰਾਂ, ਰੇਡਿਓ,

ਟੈਲੀਵਿਜ਼ਨ ਵਾਲਿਆਂ ਤੇ ਹੋਰ ਸੰਸਥਾਵਾਂ ਨਾਲ ਸੰਪਰਕ, ਸੰਤ ਦਲੀਪ ਸਿੰਘ ਨਾਮਧਾਰੀ ਤੇ ਉਨ੍ਹਾਂ ਦੇ ਜੱਥੇ ਨੇ ਕੀਤਾ ਅਤੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸੰਤ ਸੁਰਿੰਦਰ ਸਿੰਘ ਨਾਮਧਾਰੀ, ਸੰਤ ਦਿਆਲ ਸਿੰਘ ਫਗਵਾੜਾ, ਸੰਤ ਅਜੀਤ ਸਿੰਘ ਦੋਵੇਂ, ਸੰਤ ਛੁਮਣ ਸਿੰਘ ਮੈ. ਬੱਗਾ ਸਿੰਘ ਐਂਡ ਸੰਜ, ਸੰਤ ਗੁਰਦਿਆਲ ਸਿੰਘ ਨਵਯੁੱਗ, ਜ. ਗੁਰਚਰਨ ਸਿੰਘ, ਸੂਬਾ ਹਜਭਜਨ ਸਿੰਘ, ਸੰਤ ਜਗਮੋਹਨ ਸਿੰਘ, ਸੰਤ ਸੁਰਿੰਦਰ ਸਿੰਘ ਭਾਈ ਜੀ, ਸੰਤ ਜਸਬੀਰ ਸਿੰਘ, ਜ. ਦਰਸ਼ਨ ਸਿੰਘ, ਹਰਚੰਦ ਸਿੰਘ ਤੇ ਸੰਤ ਗੁਰਮੁਖ ਸਿੰਘ ਹੋਰਾਂ ਰਾਤ ਦਿਨ ਇੱਕ ਕਰਕੇ ਇਸ ਨਗਰ ਕੀਰਤਨ ਨੂੰ ਸਫਲ ਬਣਾਇਆ।

## ''ਨਾਮਧਾਰੀ ਸੰਤ ਖਾਲਸਾ'' ਚੇਤਨਾ ਮਾਰਚ :

ਖਾਲਸੇ ਦੀ ਸਾਜਨਾ ਦੀ ਤੀਜੀ ਸ਼ਤਾਬਦੀ ਵਿਸਾਖੀ ਦੇ ਮੌਕੇ 28 ਮਾਰਚ, 1999 ਈ. ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਇੱਕ ਬਹੁਤ ਵਿਸ਼ਾਲ ਯਾਤਰਾ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਆਨੰਦਪੁਰ ਸਾਹਿਬ ਤੱਕ ਦਾ ਆਯੋਜਨ ਕੀਤਾ ਗਿਆ। 27 ਮਾਰਚ ਦੀ ਸ਼ਾਮ ਨੂੰ ਹੀ ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ 'ਤੇ ਬੇਪਨਾਹ ਗੱਡੀਆਂ, ਕਾਰਾਂ, ਮੋਟਰਾਂ, ਟਰੱਕ, ਟਰੈਕਟਰ, ਟਰਾਲੀਆਂ, ਟੈਂਪੂ, ਸਕੂਟਰ-ਮੋਟਰਸਾਈਕਲ ਅਤੇ ਬੱਸਾਂ ਆਦਿ ਭਰੀਆਂ ਹੋਈਆਂ ਪੁੱਜ ਚੁੱਕੀਆਂ ਸਨ। ਸਭ ਨੂੰ ਝੰਡੇ, ਸਟਿਕਰ ਤੇ ਮਾਟੋਆਂ ਨਾਲ ਸਜਾਇਆ ਗਿਆ।

ਸਵੇਰੇ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਦੇ ਨਾਲ ਹੀ 6 ਵਜੇ ਦੇ ਕਰੀਬ ਕਟਾਣੀ ਮੋੜ ਤੇ ਇੱਕ ਬਹੁਤ ਸੁੰਦਰ ਸ਼ਾਮਿਆਨੇ ਹੇਠ ਫੁੱਲਾਂ ਨਾਲ ਸੱਜੀ ਹੋਈ ਸਟੇਜ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੁਭਾਇਮਾਨ ਹੋ ਸਭ ਨੂੰ ਆਸ਼ੀਰਵਾਦ ਦੇ ਰਹੇ ਸਨ। ਸਭ ਤੋਂ ਅੱਗੇ 1000 ਦੇ ਕਰੀਬ ਸਕੂਟਰ, ਮੋਟਰਸਾਈਕਲਾਂ ਦਾ ਜੱਥਾ ਚਿੱਟੇ ਝੰਡਿਆਂ ਨਾਲ, ਉਨ੍ਹਾਂ ਦੇ ਪਿੱਛੇ ਪੰਜ ਪਿਆਰੇ ਸਫੈਦ ਨਿਸ਼ਾਨ ਸਾਹਿਬ ਨਾਲ ਜੀਪ ਤੇ ਸਵਾਰ, ਫਿਰ ਵੱਖੋ-ਵੱਖਰੇ ਬੋਰਡ ਜਿਵੇਂ ਨਾਮਧਾਰੀ ਦਰਬਾਰ, ਸੂਬੇ ਸਾਹਿਬਾਨ, ਜਥੇਦਾਰ, ਨਾਮਧਾਰੀ ਵਿਦਿਅਕ ਜੱਥਾ, ਖਿਲਾੜੀ, ਇੰਜਨੀਅਰ, ਅਦਾਰਾ ਨਾਮਧਾਰੀ ਸੀਡਜ਼ ਆਦਿ। ਇਸ ਪਿਛੋਂ ਲੰਮਾ ਨਾ-ਮੁਕਣ ਵਾਲਾ ਕਾਫਲਾ।

ਕਟਾਣੀ ਸਟੇਜ ਤੋਂ ਸੰਤ ਅਜੀਤ ਸਿੰਘ ਤੇ ਸੰਤ ਦਲੀਪ ਸਿੰਘ ਮਾਈਕ ਤੋਂ ਹਦਾਇਤਾਂ ਦੇ ਕੇ ਸੰਗਤਾਂ ਨੂੰ ਤੋਰ ਰਹੇ ਸਨ। ਸਭ ਤੋਂ ਅੱਗੇ-ਅੱਗੇ ਪਾਣੀ ਦਾ ਛਿੜਕਾ ਕਰਦਾ ਜਾ ਰਿਹਾ ਟੈਂਕਰ, ਲਾਊਡ ਸਪੀਕਰਾਂ ਰਾਹੀਂ ਕੀਰਤਨ ਕਰਦੇ ਜੱਥੇ, ਨਾਮ ਸਿਮਰਨ ਕਰਦੀਆਂ ਸਿੱਖ ਸੰਗਤਾਂ ਦਾ ਇਹ ਵਿਸ਼ਾਲ ਚੇਤਨਾ ਮਾਰਚ ਇੱਕ ਅਨੋਖਾ ਦ੍ਰਿਸ਼ ਪੇਸ਼ ਕਰ ਰਿਹਾ ਸੀ।

ਸ੍ਰੀ ਸਤਿਗੁਰੂ ਜੀ ਦਾ ਸਾਰੇ ਰਸਤੇ 125 ਸਥਾਨਾਂ ਤੇ ਸਜਾਵਟੀ ਭਰੇ ਗੇਟਾਂ ਤੇ ਸਟੇਜਾਂ ਲਾਕੇ ਸਵਾਗਤ ਕੀਤਾ ਜਾ ਰਿਹਾ ਸੀ। ਸਭ ਤੋਂ ਪਹਿਲਾਂ ਸਵਾਗਤ ਲੱਲਕਲਾਂ ਅਤੇ ਸਮਰਾਲਾ ਦੀਆਂ ਸਟੇਜਾਂ ਤੋਂ ਨਗਰ ਨਿਵਾਸੀਆਂ ਤੇ ਪਤਵੰਤੇ ਸੱਜਣਾਂ ਨੇ ਕੀਤਾ। ਜਿਨ੍ਹਾਂ ਵਿੱਚ ਸ੍ਰ. ਫਤਹਿ ਸਿੰਘ, ਜ. ਕ੍ਰਿਪਾਲ ਸਿੰਘ ਖੀਰਨੀਆਂ ਸ਼੍ਰੋਮਣੀ ਅਕਾਲੀ ਦਲ, ਸ੍ਰ. ਅਮਰੀਕ ਸਿੰਘ ਢਿਲੋਂ ਐਮ.ਐਲ.ਏ. ਕਾਂਗਰਸ ਤੇ ਹੋਰ ਬਹੁਤ ਸਾਰੇ ਕੌਂਸਲਰ, ਪ੍ਰਧਾਨ ਤੇ ਮਾਈ ਭਾਈ ਸ਼ਾਮਲ ਸਨ, ਨੇ ਕੀਤਾ ਤੇ ਇਹ ਸਿਲਸਿਲਾ ਸ੍ਰੀ ਅਨੰਦਪੁਰ ਸਾਹਿਬ ਤੱਕ ਚਲਦਾ ਰਿਹਾ।

ਇਸੇ ਤਰ੍ਹਾਂ ਥਾਂ-ਥਾਂ ਤੇ ਸ੍ਰੀ ਸਤਿਗੁਰੂ ਜੀ ਦੀ ਆਮਦ ਤੇ ਭਾਰੀ ਸੁਆਗਤ ਹੋ ਰਿਹਾ ਸੀ। ਇਸ ਸਮੇਂ ਪਿੰਡ-ਪਿੰਡ ਦੇ ਲੋਕਾਂ ਨੇ ਤੇ ਪੰਚਾਇਤਾਂ ਨੇ ਰੋਕ-ਰੋਕ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤੇ ਸੁਆਗਤ ਵਿੱਚ ਫੁੱਲਾਂ ਦੀ ਵਰਖਾ ਕੀਤੀ। ਨਾਲ ਹੀ ਨਾਲ ਖਾਣ-ਪੀਣ ਦਾ ਸਾਮਾਨ ਅਤੇ ਲੰਗਰ ਲਾ ਕੇ ਥਾਂ-ਥਾਂ ਤੇ ਸੰਗਤਾਂ ਖੜੀਆਂ ਸਨ। ਵੱਡੇ-ਵੱਡੇ ਡੇਰਿਆਂ ਦੇ ਸੰਤ ਮਹਾਂਪੁਰਖ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਲਈ ਖਲੋਤੇ ਹੋਏ, ਲਾਊਡ ਸਪੀਕਰਾਂ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਜੱਸ ਗਾਇਨ ਕਰ ਰਹੇ ਸੀ। ਰੋਪੜ ਵਿਖੇ ਸੂਬਾ ਮਨੀ ਸਿੰਘ ਤੇ ਉਨ੍ਹਾਂ ਦਾ ਪਰਿਵਾਰ ਬੂੰਦੀ ਦੇ ਲਿਫਾਫ਼ੇ ਭਰ-ਭਰ ਕੇ ਵੰਡ ਰਿਹਾ ਸੀ। ਸੰਗਤਾਂ ਨੂੰ ਇੱਥੇ ਹੀ ਸ੍ਰੀ ਸਤਿਗੁਰੂ ਜੀ ਲਈ ਕੁੱਝ ਚਿਰ ਲਈ ਵਿਸ਼ਰਾਮ ਕਰਨ ਲਈ ਅਸਥਾਨ ਤਿਆਰ ਸੀ। ਇਨ੍ਹਾਂ ਵਲੋਂ ਹੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਲੰਗਰ ਵੀ ਚਲ ਰਿਹਾ ਸੀ।

ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ, ਸ੍ਰ. ਤਰਲੋਚਨ ਸਿੰਘ ਜੀ, ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਚਰਨਜੀਤ ਸਿੰਘ ਅਟਵਾਲ, ਸ੍ਰ. ਤਾਰਾ ਸਿੰਘ ਲਾਡਲ ਐਮ.ਐਲ.ਏ., ਸ੍ਰੀ ਐਚ.ਐਸ. ਹੰਸਪਾਲ ਅਤੇ ਸੰਤ ਸੁਰਿੰਦਰ ਸਿੰਘ ਨਵੇਂ ਗੇਟ ਕੋਲ ਸਵਾਗਤ ਲਈ ਖਲੋਤੇ ਸਨ। ਸ੍ਰੀ ਸਤਿਗੁਰੂ ਜੀ ਨੂੰ ਜੀਓ-ਆਇਆ ਕਹਿ ਸੰਤ ਬਾਬਾ ਦਰਸ਼ਨ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਬਣੀ ਸਟੇਜ ਤੇ ਪੁੱਜ ਗਏ। ਜਿੱਥੇ ਬਾਦਲ ਸਾਹਿਬ ਨੇ ਸ੍ਰੀ ਸਤਿਗੁਰੂ ਜੀ ਤੇ ਆਈ ਨਾਮਧਾਰੀ ਸੰਗਤ ਦਾ ਸੁਆਗਤ ਕੀਤਾ। ਸੰਤ ਬਾਬਾ ਦਰਸ਼ਨ ਸਿੰਘ ਜੀ ਸੁਆਗਤ ਕਰਦਿਆਂ ਕਿਹਾ ਕਿ **ਆਪ ਏਡੀ ਉੱਚੀ ਤੇ ਸੁੱਚੀ ਸ਼ਖਸ਼ੀਅਤ ਹਨ ਕਿ ਵੱਡੇ ਤੋਂ ਵੱਡਾ ਸ਼ਬਦ ਵੀ ਆਪ ਦੀ ਸ਼ਖਸ਼ੀਅਤ ਅਤੇ ਕਰਨੀ ਨੂੰ ਬਿਆਨ ਨਹੀਂ ਕਰ ਸਕਦਾ। ਬਾਣੀ ਅਤੇ ਬਾਣੇ ਦੀ ਸੰਭਾਲ ਜੋ ਆਪ ਕਰ ਕਰਵਾ ਰਹੇ ਹਨ, ਉਸਦੀ ਪ੍ਰਸੰਸਾ ਜਿੰਨੀ ਕੀਤੀ ਜਾਵੇ ਉਹ ਘੱਟ ਹੈ।**

ਇੰਜ ਭਾਸ ਰਿਹਾ ਸੀ ਜਿਵੇਂ ਸਾਰਾ ਆਨੰਦਪੁਰ ਸਾਹਿਬ ਦੁੱਧ ਚਿੱਟੀ ਚਾਦਰ ਓੜੀ ਬੈਠਾ ਹੋਵੇ। ਸਭ ਪਾਸੇ ਚਿੱਟਾ ਹੀ ਚਿੱਟਾ ਨਜ਼ਰੀ ਪੈ ਰਿਹਾ ਸੀ। ਗੁਰਦੁਆਰਾ ਕੇਸਗੜ੍ਹ

ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਤੇ ਮੁੱਖ ਮੰਤਰੀ ਬਾਦਲ ਜੀ ਬਾਕੀ ਸਿੰਘਾਂ ਨਾਲ ਤਖਤ ਸਾਹਿਬ ਮੱਥਾ ਟੇਕਣ ਗਿਆਂ ਨੂੰ ਉਥੋਂ ਦੇ ਹੈੱਡ ਗ੍ਰੰਥੀ ਗਿਆਨੀ ਤਰਲੋਚਨ ਸਿੰਘ ਨੇ ਸਿਰੋਪਾ ਦੇ ਕੇ ਸਤਿਕਾਰ ਪ੍ਰਗਟ ਕੀਤਾ। ਸਭ ਸੰਗਤਾਂ ਨਮਸਕਾਰ ਕਰ ਧੰਨ-ਧੰਨ ਕਰ ਰਹੀਆਂ ਸਨ।

ਸ੍ਰੀ ਸਤਿਗੁਰੂ ਜੀ ਨੇ ਸਾਰੇ ਪਾਸਿਆਂ ਤੋਂ ਆਈਆਂ ਸੰਗਤਾਂ ਨੂੰ ਭਰਪੂਰ ਖੁਸ਼ੀਆਂ ਬਖਸ਼ੀਆਂ ਅਤੇ ਗੁਰ ਸਿੱਖਾਂ ਦੀ ਕੀਤੀ ਘਾਲ ਉਸ ਦੇ ਦਰ ਤੇ ਥਾਇ ਪਈ ਹੋਣ ਕਰਕੇ ਸਭ ਦੇ ਚਿਹਰੇ ਖੁਸ਼ੀ ਨਾਲ ਭਰਪੂਰ ਸਨ। ਯਾਦ ਰਹੇ ਇਸ 35 ਕਿਲੋਮੀਟਰ ਲੰਬੇ 'ਨਾਮਧਾਰੀ ਸੰਤ ਖਾਲਸਾ' ਮਾਰਚ ਵਿੱਚ 1000 ਦੇ ਕਰੀਬ ਮੋਟਰ ਸਾਈਕਲ ਤੇ ਸਕੂਟਰ, 1500 ਦੇ ਕਰੀਬ ਕਾਰਾਂ, ਜੀਪਾਂ, ਟੈਂਪੂ, ਟਰੱਕ ਤੇ ਟਰੈਕਟਰ ਟਰਾਲੀਆਂ ਸ਼ਾਮਲ ਸਨ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਪਾਣੀ ਵਾਲੇ ਟੈਂਕਰ, ਪੈਂਚਰ ਲਾਉਣ ਵਾਲੇ, ਗੱਡੀਆਂ ਦੇ ਮਕੈਨਿਕ, ਫ਼ਸਟ ਏਡ, ਡਾਕਟਰੀ ਸਹਾਇਤਾ ਤੇ ਕਰੇਨਾਂ ਵਾਲੇ ਵੀ ਨਾਲ-ਨਾਲ ਚੱਲ ਰਹੇ ਸਨ।

ਇਸ ਸਾਰੇ ਜਲੂਸ ਦਾ ਪ੍ਰਬੰਧ ਨਾਮਧਾਰੀ ਦਰਬਾਰ ਅਤੇ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥੇ ਦੀ ਅਗਵਾਈ ਹੇਠ ਹੋ ਰਿਹਾ ਸੀ। ਨਾਮਧਾਰੀ ਵਿਦਿਅਕ ਜੱਥੇ ਦੇ ਮੈਂਬਰ ਹੱਥਾਂ ਵਿੱਚ ਲਾਲ ਝੰਡੀਆਂ ਫੜੀ ਆਵਾਜ਼ਾਈ ਨੂੰ ਕੰਟਰੋਲ ਵਿੱਚ ਰੱਖ ਰਹੇ ਸਨ। ਦੇਸ਼-ਵਿਦੇਸ਼ ਤੋਂ ਆਈਆਂ ਸੰਗਤਾਂ ਇਸ ਵਿੱਚ ਹਿੱਸਾ ਲੈ ਰਹੀਆਂ ਸਨ।

## ਅਤਿ ਆਧੁਨਿਕ ਸਹੂਲਤਾਂ ਵਾਲਾ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ-ਲੁਧਿਆਣਾ :

ਪੰਜਾਬ ਦਾ ਮਾਨਚੈਸਟਰ ਲੁਧਿਆਣਾ ਸ਼ਹਿਰ ਦੇ ਅੰਦਰ ਜੀ.ਟੀ. ਰੋਡ, ਸ਼ੇਰਪੁਰ ਚੌਂਕ ਵਿਖੇ 8 ਮੰਜ਼ਿਲਾ 'ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ' ਜੋ ਕਿ ਅਤਿ ਆਧੁਨਿਕ ਸਹੂਲਤਾਂ ਨਾਲ ਭਰਪੂਰ ਹੋਵੇਗਾ ਬਣ ਰਿਹਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮੁੱਖ ਸਰਪ੍ਰਸਤ ਅਤੇ ਸ੍ਰੀ ਠਾਕੁਰ ਉਦੇ ਸਿੰਘ ਜੀ ਮੈਨੇਜਿੰਗ ਡਾਇਰੈਕਟਰ ਹੋਣਗੇ। ਸੰਤ ਜਗਤਾਰ ਸਿੰਘ ਜੀ, ਸੰਤ ਸੁਰਿੰਦਰ ਸਿੰਘ ਨਾਮਧਾਰੀ, ਸੰਤ ਸੁਰਿੰਦਰ ਸਿੰਘ ਮਨਚੰਦਾ ਡਾਇਰੈਕਟਰ ਹੋਣਗੇ। ਇਸ ਦੀ ਅੱਠ ਮੰਜ਼ਿਲੀ ਬਿਲਡਿੰਗ ਜੋ ਕਿ 58 ਮੀਟਰ x 58 ਮੀਟਰ ਦੇ ਰਕਬੇ ਵਿੱਚ ਲਗਭਗ ਤਿਆਰ ਹੋ ਚੁੱਕੀ ਹੈ। ਇਸਦੇ ਨਾਲ ਹੀ 58 ਮੀਟਰ x 14.37 ਮੀਟਰ ਸਰਵਿਸ ਬਿਲਡਿੰਗ ਬਣ ਚੁੱਕੀ ਹੈ। ISO-9002 ਪ੍ਰਾਪਤ ਓਮੈਕਸ ਕੰਪਨੀ ਲਿਃ ਇਸ ਨੂੰ ਪੂਰੇ ਇੱਕ ਸਾਲ ਵਿੱਚ ਤਿਆਰ ਕਰਕੇ ਦੇ ਰਹੀ ਹੈ। ਬੇਸਮੈਂਟ ਵਿੱਚ 411 ਟਨ ਸਰੀਆ ਤੇ 20,000 ਬੋਰੀ ਸੀਮਿੰਟ ਦੀ ਵਰਤੋਂ ਕੀਤੀ

ਗਈ ਹੈ। ਇਸ ਨੂੰ ਭੁਚਾਲ ਰਹਿਤ, ਸਾਊਂਡ ਪਰੂਫ ਅਤੇ ਕੰਬਾਹਟ ਤੋਂ ਬਚਾਉਣ ਲਈ ਤਿਆਰ ਕੀਤਾ ਗਿਆ ਹੈ। ਅਤਿ ਆਧੁਨਿਕ ਮਿਆਰ ਦੀਆਂ ਮਸ਼ੀਨਾਂ ਲਗਣਗੀਆਂ ਤੇ 100 ਕਰੋੜ ਦੇ ਕਰੀਬ ਖਰਚ ਆਉਣ ਦਾ ਅਨੁਮਾਨ ਹੈ। ਇਸ ਹਸਪਤਾਲ ਵਿੱਚ ਅਤਿ ਆਧੁਨਿਕ ਮਸ਼ੀਨਰੀ ਤੇ ਤਕਨਾਲੋਜੀ ਰਾਹੀਂ ਕਾਰਡੀਆਲੋਜੀ, ਨਿਊਰਾਲੋਜੀ, ਨੈਫਰਾਲੋਜੀ, ਯੂਰਾਲੋਜੀ, ਪੇਡੀਆਰਿਕਸ ਨਿਉਨਟਾਲੋਜੀ, ਆਰਥੋਪੀਡਿਕ, ਗੈਸਟ੍ਰਨਾਲੋਜੀ, ਗਾਇਨੀਕਾਲੋਜੀ, ਆਫਥੇਮਾਲੋਜੀ, ਆਦਿ ਬੀਮਾਰੀਆਂ ਦਾ ਇਲਾਜ ਤੇ ਸਰਜਰੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।

ਅੰਤਿਕਾ ਵਿੱਚ ਉਸ ਸਰਬ ਕਲਾ ਸਮਰਥ, ਅਗਾਧ ਬੋਧ, ਅਧਿਆਤਮਕ ਰਹਿਨੁਮਾ, ਆਦਰਸ਼ ਸਮਾਜ ਦੇ ਉਸਰਈਏ, ਨਾਮਧਾਰੀ ਪੰਥ ਦੇ ਗਾਡੀ-ਰਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੋ ਗੌਰਵਮਈ ਗੁਰੂ-ਪਰੰਪਰਾ ਦੇ ਵਰਤਮਾਨ ਜਾਂਨਸ਼ੀਨ ਹਨ ਅਤੇ ਸਾਰੀ ਦੁਨੀਆਂ ਵਿੱਚ ਸਰਬੱਤ ਦੇ ਭਲੇ ਅਤੇ ਸੇਵਾ-ਸਿਮਰਨ ਕਰਨ ਦਾ ਸੰਦੇਸ਼ ਦੇ ਰਹੇ ਹਨ ਦੇ ਚਰਨਾਂ ਵਿੱਚ ਪ੍ਰਣਾਮ ਕਰਦਾ ਹਾਂ। ਕਿਉਂ ਜੁ ਸਾਧੂ ਜਨ, ਸੰਤ-ਮਹਾਂਪੁਰਖ ਅਤੇ ਰੱਬ ਰੂਪ ਸਤਿਗੁਰੂਆਂ ਦੀ ਮਹਿਮਾ ਅਪਰੰਮਪਾਰ ਹੈ। ਇਸ ਦੀ ਲੱਖਤਾ ਕਰਨੀ ਸਮਰੱਥਾ ਤੋਂ ਬਾਹਰ ਹੈ। ਵੱਡੇ ਵੱਡੇ ਬੇਦ ਗ੍ਰੰਥ ਵੀ ਉਨ੍ਹਾਂ ਮਹਾਂਪੁਰਖਾਂ ਦਾ ਵਰਨਣ ਕਰਨ ਤੋਂ ਅਸਮਰਥ ਹਨ। ਕੁਦਰਤ ਅਤੇ ਵਿਗਿਆਨ ਸਭ ਇਨ੍ਹਾਂ ਦੇ ਅਧੀਨ ਹੈ। ਇਨ੍ਹਾਂ ਦੀ ਤਾਸੀਰ ਵਿੱਚ ਐਸੀ ਸ਼ਕਤੀ ਹੁੰਦੀ ਹੈ ਕਿ ਇਨ੍ਹਾਂ ਦੇ ਮੁੱਖ ਤੋਂ ਨਿਕਲਿਆ ਇੱਕ ਬਚਨ ਕੁਦਰਤ ਨੂੰ ਹੀ ਬਦਲ ਕੇ ਰੱਖ ਦਿਆ ਕਰਦਾ ਹੈ, ਜਿਸ ਬਾਰੇ ਅੱਜ ਦਾ ਵਿਗਆਨੀ ਵੀ ਅਸਚਰਜ ਰਹਿ ਜਾਂਦਾ ਹੈ। ਇਹੋ ਜਿਹੇ ਨਾਮ ਰਸੀਏ, ਤਪੀਸਰ ਸ੍ਰੀ ਸਤਿਗੁਰੂ ਜੀ ਬਾਰੇ ਇੰਨਾਂ ਹੀ ਕਹਿ ਲੈਣਾ ਕਾਫੀ ਹੋਵੇਗਾ :-

**ਵਡਾ ਤੇਰਾ ਦਰਬਾਰੁ, ਸਚਾ ਤੁਧੁ ਤਖਤੁ ॥**
**ਸਿਰਿ ਸਾਹਾ ਪਾਤਿਸਾਹੁ, ਨਿਹਚਲੁ ਚਉਰੁ ਛਤੁ ॥** ਮ: 5, ਪੰ: 964
**ਇਕੁ ਕਵਾਉ ਪਸਾਉ ਕਰਿ, ਤੋਲਨ ਤੁਲਾਧਾਰ ਨ ਸਮਾਈ ॥**
**ਕਥਨੀ ਬਦਨੀ ਬਾਹਰਾ ਥਕੇ ਸਬਦੁ ਸੁਰਤਿ ਲਿਵਲਾਈ ॥** ਵਾਰ 1 ਪਉੜੀ 16

- ਭਾਈ ਗੁਰਦਾਸ ਜੀ

# ਇਤਿਹਾਸਕ ਮਹਾਨਤਾ

ਜਗਤ ਪ੍ਰਸਿੱਧ ਪੁਸਤਕ ''ਐਨਸਾਈਕਲੋਪੀਡੀਆ ਬ੍ਰਿਟੈਨਿਕਾ'' ਵਿਚ ਸਿੱਖਾਂ ਸਬੰਧੀ ਲੇਖ ਦੇ ਕਰਤਾ ਨੇ ਕੂਕੇ ਅਥਵਾ ਨਾਮਧਾਰੀ ਸਿੰਘਾਂ ਮੁਤੱਲਕ ਲਿਖਿਆ ਹੈ :

''ਕੂਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੱਟੜ ਪੈਰੋਕਾਰ ਹਨ। ਕੂਕੇ ਅੰਗਰੇਜ਼ੀ ਹਕੂਮਤ ਦੇ ਵੈਰੀ ਹਨ। ਉਨ੍ਹੀਵੀਂ ਸਦੀ ਵਿੱਚ ਜਦ ਸਿੱਖ ਜਨਤਾ ਅਰ ਸਿੱਖ ਸੰਪ੍ਰਦਾਵਾਂ ਅਸਲੀ ਸਿੱਖੀ ਤੋਂ ਦੁਰੇਡੇ ਜਾ ਰਹੀਆਂ ਸਨ ਤਦ ਕੂਕੇ ਆਪਣੇ ਉੱਚੇ ਸਿਧਾਂਤਾਂ ਤੇ ਪੂਰਨ ਤੌਰ ਤੇ ਕਾਇਮ ਰਹੇ, ਭਾਵੇਂ ਉਨ੍ਹਾਂ ਦੀ ਗਿਣਤੀ ਘੱਟ ਹੋ ਗਈ।''

(ਯੂਨੀਵਰਸਿਟੀ ਆਫ਼ ਸ਼ਿਕਾਗੋ
ਸੰਨ 1946 ਪੁਸਤਕ 20 ਪੰ: 648)

ਅੱਗੇ ਜਾ ਕੇ ਕਰਤਾ ਮਲੇਰਕੋਟਲਾ ਦੇ ਖ਼ੂਨੀ ਸਾਕੇ ਬਾਰੇ ਜ਼ਿਕਰ ਕਰਦਾ ਹੋਇਆ ਲਿਖਦਾ ਹੈ :

''ਜੇਕਰ ਕੂਕਿਆਂ ਨਾਲ ਇਤਨੀ ਸਖ਼ਤੀ ਦਾ ਵਰਤਾਓ ਨਾ ਕੀਤਾ ਜਾਂਦਾ, ਤਦ ਹੋ ਸਕਦਾ ਸੀ ਕਿ ਅਖ਼ੀਰ ਵਿੱਚ ਵੱਡਾ ਖ਼ੂਨ ਖਰਾਬਾ ਹੁੰਦਾ।''

ਅਸਲ ਵਿੱਚ ਅੰਗਰੇਜ਼ੀ ਸਾਮਰਾਜ ਵਿਰੁੱਧ ਸੰਨ 1857 ਦੇ ਗ਼ਦਰ ਜੋ ਕਿ ਆਜ਼ਾਦੀ ਹਾਸਲ ਕਰਨ ਖਾਤਿਰ ਨਾ ਕਾਮਯਾਬ ਲੜਾਈ ਪਿੱਛੋਂ, ਨਾਮਧਾਰੀ ਲਹਿਰ ਹੀ ਅੰਗਰੇਜ਼ਾਂ ਦੀ ਵਿਦੇਸ਼ੀ ਹਕੂਮਤ ਦੇ ਬਦਤਰੀਨ ਦੁਸ਼ਮਣਾਂ ਦੀਆਂ ਕਤਾਰਾਂ ਵਿੱਚੋਂ ਸਭ ਤੋਂ ਮੋਹਰੀ ਹੈ। ਖੁੱਲ੍ਹੇ ਤੌਰ ਤੇ ਖੋਟਿਆਂ ਦੇ ਮੇਲੇ 3 ਜੂਨ, 1863 ਈ: ਤੋਂ ਲੈ ਕੇ 14 ਅਗਸਤ, 1947 ਈ: ਭਾਵ ਆਜ਼ਾਦੀ ਮਿਲਣ ਤੱਕ ਨਾਮਧਾਰੀ ਸਿੱਖਾਂ ਨੇ 84 ਸਾਲ ਆਪਣੀ ਇਸ ਥਾਂ ਨੂੰ ਤਸੀਹੇ ਝਲ ਕੇ ਕੁਰਬਾਨੀਆਂ ਦੇ ਕੇ ਕਾਇਮ ਰੱਖਿਆ। ਸ੍ਰ: ਨਾਹਰ ਸਿੰਘ ਐਮ.ਏ. ਦੇ ਲਿਖਣ ਅਨੁਸਾਰ : ''ਅੰਗਰੇਜ਼ੀ ਹਕੂਮਤ ਦੇ ਕਰਮਚਾਰੀਆਂ ਨੇ, ਅੰਗਰੇਜ਼ ਹਾਕਮਾਂ ਦੇ ਜੂਠੇ ਟੁਕਰਿਆਂ ਤੇ ਪਲਣ ਵਾਲੇ ਸਿੱਖ, ਹਿੰਦੂ, ਮੁਸਲਮਾਨ, ਈਸਾਈ ਟੋਡੀਆਂ ਅਤੇ ਬੂਟ ਚੱਟੂਆਂ ਨੇ, ਸਿੱਖ ਰਿਆਸਤਾਂ ਦੇ ਰਾਜਿਆਂ-ਮਹਾਰਾਜਿਆਂ ਨੇ, ਅੰਗਰੇਜ਼ੀ ਹਾਕਮਾਂ ਦੀ ਹਮਾਇਤ ਨਾਲ ਅਤੇ ਉਹਨਾਂ ਦੀ ਸ਼ਹਿ ਅਤੇ ਗੁਝੇ ਤਰੀਕੇ ਨਾਲ ਦਿੱਤੀ ਗਈ ਮਾਲੀ ਮਦਦ ਨਾਲ ਬਣੀਆਂ ਹੋਈਆਂ ਸਿੰਘ ਸਭਾਵਾਂ ਤੇ ਦੀਵਾਨਾਂ ਨੇ ਸਿੱਖੀ ਧਰਮ ਦੇ ਦਾਵ੍ਹੇਦਾਰ ਸਿੱਖ ਤਖ਼ਤਾਂ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਸਰਕਾਰੀ ਜਾਗੀਰਦਾਰਾਂ, ਮਹੰਤਾਂ ਅਤੇ ਪੁਜਾਰੀਆਂ ਨੇ ਕੂਕਿਆਂ ਨੂੰ ਮੂਲੋਂ ਹੀ ਤਬਾਹ ਅਤੇ ਬਰਬਾਦ ਕਰਨ ਲਈ ਹਰ ਪ੍ਰਕਾਰ ਦੇ ਹੀਲੇ ਵਸੀਲੇ, ਹਥਕੰਡੇ, ਬਹਾਨੇ ਹੋਛੀਆਂ

ਉਜਾਂ, ਝੂਠੀਆਂ ਬਦਨਾਮੀਆਂ ਦੇ ਪ੍ਰਾਪੇਗੰਡੇ ਦੇ ਹਥਿਆਰ ਵਰਤੇ, ਪਰ ਕੂਕਿਆਂ ਨੇ 84 ਸਾਲ ਦੇ ਲੰਮੇ ਅਰਸੇ ਵਿੱਚ ਧਰਮ ਅਤੇ ਆਜ਼ਾਦੀ ਦੀਆਂ ਕੂਕਾਂ ਮਾਰ-ਮਾਰ ਕੇ ਸੁੰਨੀਆ ''ਭੈਣੀਆਂ'' ਅੰਦਰ ਗੁਲਾਮੀ ਦੀਆਂ ਨੀਹਾਂ ਵਿਚ ਘੂਕ ਸੁੱਤੀ ਪਈ ਬੇਹੋਸ਼ ਹਿੰਦੁਸਤਾਨੀ ਜਨਤਾ ਨੂੰ, ''ਹੁਸ਼ਿਆਰ ਖ਼ਬਰਦਾਰ'' ਰਹਿਣ ਦੀਆਂ ਅਵਾਜ਼ਾਂ ਕੰਨੀ ਪਾ-ਪਾ ਕੇ ਖ਼ੁਦਾਈ ਪਹਿਰੇਦਾਰਾਂ ਦੇ ਕਰੜੇ ਫ਼ਰਜ਼ ਨੂੰ ਨਿਭਾਇਆ।''

ਅਗੇ ਜਾ ਕੇ ਹੋਰ ਲਿਖਦੇ ਹਨ ਕਿ : ''ਉਨ੍ਹਾਂ ਲਈ ਵਿਦੇਸ਼ੀ ਹਕੂਮਤ ਦੀ ਗੁਲਾਮੀ ਮਹਾਂ ਪਾਪ ਸੀ। ਇਸ ਮਹਾਂ ਪਾਪ ਤੋਂ ਛੁਟਕਾਰਾ ਪਾਉਣ ਲਈ ਕਰੜੀਆਂ ਤੋਂ ਕਰੜੀਆਂ ਸਜ਼ਾਵਾਂ ਅਤੇ ਰਾਜ ਦੰਡਾਂ ਨੂੰ ਉਹ ਈਸ਼ਵਰ-ਭਗਤੀ ਦਾ ਜ਼ਰੂਰੀ ਅੰਗ ਸਮਝਦੇ ਸਨ। ਕੂਕਿਆਂ ਦੇ ਉਦੇਸ਼ ਅਤੇ ਮੰਤਵ ਆਪਣੀ ਮਾਤ੍ਰੀ-ਭੂਮੀ ਨੂੰ ਆਜ਼ਾਦ ਕਰਵਾਉਣ ਦੇ ਸਨ। ਰਾਜਸੀ ਹਕੂਮਤ ਵਿਚ ਵੰਡਵਾਂ ਹਿੱਸਾ ਲੈਣਾ ਉਨ੍ਹਾਂ ਦਾ ਨਿਸ਼ਾਨਾ ਨਹੀਂ ਸੀ। ਫਿਰਕਾਪ੍ਰਸਤੀ ਅਤੇ ਫਿਰਕੂਪੁਣੇ ਦੇ ਲਾਅਨਤ ਦੇ ਕੋੜ੍ਹ ਤੋਂ ਉਹ ਉਪਰ ਸਨ ਅਤੇ ਅਜ ਭੀ ਹਨ।''

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਸ ਸਮੇਂ ਜਨਤਾ ਦੀ ਜੀਵਨ ਸ਼ੈਲੀ ਵਿਚ ਵੀ ਵਿਲੱਖਣ ਭਰਪੂਰ ਬਦਲਾਓ ਲਿਆਂਦਾ। ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ਾਂ ਅਨੁਸਾਰ ਚਲਣ ਦਾ, ਭੈੜੀਆਂ ਤੇ ਕੋਝੀਆਂ ਰਹੁਰੀਤਾਂ ਨੂੰ ਤਿਆਗਣ ਤੇ ਉੱਚੀਆਂ-ਸੁੱਚੀਆਂ ਕਦਰਾਂ ਕੀਮਤਾਂ ਨੂੰ ਅਪਨਾਉਣ ਤੇ ਜ਼ੋਰ ਦਿੱਤਾ। ਮੜ੍ਹੀ-ਮਸਾਣੀ, ਬੁੱਤ ਪੂਜਾ ਤੇ ਕਬਰਾਂ ਆਦਿ ਨੂੰ ਮੰਨਣ ਦੀ ਸਖ਼ਤ ਮਨਾਹੀ, ਲੜਕੀਆਂ ਨੂੰ ਜੰਮਦੇ ਮਾਰਨ ਦੇ ਵਿਰੁੱਧ ਬੜਾ ਜ਼ੋਰਦਾਰ ਪ੍ਰਚਾਰ ਕੀਤਾ। ਵਿਆਹਾਂ ਕਰਕੇ ਕਰਜ਼ਿਆਂ ਥੱਲੇ ਦਬੇ ਜਾਣ ਤੋਂ ਸਾਦਾ ਤੇ ਸਸਤੇ ਆਨੰਦ ਕਾਰਜ ਦੀ ਰਸਮ ਤੋਰ ਕੇ ਇਕ ਕ੍ਰਾਂਤੀਕਾਰੀ ਕਦਮ ਪੁੱਟਿਆ। ਹਮੇਸ਼ਾਂ ਧਰਮ ਵਿਚਾਰਧਾਰਾ ਨੂੰ ਹੀ ਮੁੱਖ ਰੱਖਿਆ। ਸਾਮਰਾਜ ਦੇ ਵਿਰੁੱਧ ਆਜ਼ਾਦੀ ਤੱਕ ਪੱਛਮੀ ਸਭਿਆਚਾਰ ਤੇ ਪੱਛਮੀ ਤਹਿਜ਼ੀਬ ਦਾ ਭਾਰੀ ਵਿਰੋਧ ਅਤੇ ਹਰ ਪ੍ਰਕਾਰ ਦਾ ਮੁਕੰਮਲ ਬਾਈਕਾਟ ਭਾਵ ਨਾ-ਮਿਲਵਰਤਨ ਕਰਨ, ਖੱਦਰ ਪਹਿਨਣ, ਸੁਦੇਸ਼ੀ ਵਸਤਾਂ ਵਰਤਣ ਤੇ ਜ਼ੋਰ ਦਿੱਤਾ।

ਭਾਵੇਂ ਸੰਨ 1872 ਤੋਂ ਸੰਨ 1923 ਤੀਕ 50 ਸਾਲ ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਵਿਖੇ ਪੁਲਿਸ ਦੀ ਚੌਂਕੀ ਗੁਰਦੁਆਰੇ ਦੀ ਡਿਉਢੀ ਵਿੱਚ ਬੈਠੀ ਰਹੀ ਅਤੇ ਉਥੇ ਬੈਠ ਕੇ ਅੰਦਰੋਂ ਬਾਹਰ ਤੇ ਬਾਹਰੋਂ ਅੰਦਰ ਜਾਣ ਵਾਲੇ ਹਰ ਇਸਤ੍ਰੀ ਮਰਦ ਦੀ ਤਲਾਸ਼ੀ ਲਈ ਜਾਂਦੀ ਰਹੀ। ਨਾਮਧਾਰੀ ਦੀਵਾਨਾਂ, ਮੇਲਿਆਂ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਉਣ, ਸਮਾਗਮਾਂ ਅਤੇ ਆਨੰਦ ਕਾਰਜਾਂ ਦੇ ਸਮੇਂ ਹੋਏ ਇਕੱਠਾਂ ਤੇ ਲਗਾਤਾਰ ਸਖ਼ਤ ਪਾਬੰਦੀ ਲਗੀ ਰਹੀ। ਜੇ ਕਿਧਰੇ 5 ਤੋਂ ਜ਼ਿਆਦਾ ਨਾਮਧਾਰੀ ਇਕੱਠੇ

ਹੁੰਦੇ ਤਦ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਤੇ ਜ਼ੁਰਮਾਨੇ ਹੁੰਦੇ। ਛੋਟੇ ਤੇ ਮਾਮੂਲੀ ਅਪਰਾਧਾਂ ਦੇ ਬਹਾਨੇ ਜੇਹਲੀਂ ਡੱਕਿਆ ਜਾਂਦਾ, ਜਾਇਦਾਦਾਂ ਕੁਰਕ ਕੀਤੀਆਂ ਜਾਂਦੀਆਂ। ਇਕ ਤਰ੍ਹਾਂ ਇਨ੍ਹਾਂ ਨੂੰ ਜ਼ੁਰਾਇਮ ਪੇਸ਼ਾ ਜਾਤੀਆਂ ਵਾਕਰ ਸਮਝਿਆ ਜਾਂਦਾ। ਪਰ ਵਿਦੇਸ਼ੀ ਹਕੂਮਤ ਵਿਰੁੱਧ ਸੰਨ 1857 ਵਿਚ ਜਗਾਈ ਗਈ ਦੇਸ਼ ਸਵਤੰਤਰਤਾ, ਸਮਾਜ ਸੁਧਾਰ ਤੇ ਧਰਮ ਪ੍ਰਚਾਰ ਦੀ ਜੋਤ ਨੂੰ ਅਜ ਤੀਕ ਜਗਦਿਆਂ ਰੱਖ ਰਹੇ ਹਨ।

ਸਰਕਾਰੀ ਦਫਤਰਾਂ ਵਿਚ ਲੋੜੀਂਦਾ ਇਤਿਹਾਸਕ ਮਸਲਾ ਹੋਣ ਦੇ ਬਾਵਜੂਦ ਸਾਡੇ ਕਿਸੇ ਇਤਿਹਾਸਕਾਰ ਨੇ ਇਸ ਨੂੰ ਦੇਖਣ, ਪੜਚੋਲਣ ਅਤੇ ਸੱਚ ਨੂੰ ਸੱਚ ਲਿਖਣ ਦਾ ਹੀਆ ਤਕ ਨਹੀਂ ਕੀਤਾ ਬਲਕਿ ਵਿਰੋਧਤਾ ਕਰਨ ਤੇ ਹੀ ਆਪਣਾ ਬੱਲ ਵਰਤਿਆ ਹੈ।

ਸੰਨ 1947 ਸਮੇਂ ਜੋ ਪੰਜਾਬ ਦੀ ਬਰਬਾਦੀ ਅਤੇ ਤਬਾਹੀ ਦਾ ਦੁਖਾਂਤ ਵਰਤਿਆ, ਇਸ ਰੱਬੀ ਕਹਿਰ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਦੇਸ਼ਾਂ ਕਰਕੇ ਜਮਾਇਤੀ ਤੌਰ ਤੇ ਕਿਸੇ ਇਕ ਵੀ ਨਾਮਧਾਰੀ ਸਿੰਘ ਨੇ ਕਿਸੇ ਮੁਸਲਮਾਨ ਦੀ ਜਾਇਦਾਦ ਜਾ ਬਹੁ-ਬੇਟੀਆਂ ਵੱਲ ਅੱਖ ਭਰਕੇ ਤਕਿਆ ਤਕ ਨਹੀਂ। ਧਰਮ ਅਤੇ ਇਨਸਾਨੀਅਤ ਨੂੰ ਕਲੰਕਤ ਕਰਨ ਵਾਲੀਆਂ ਗਲਾਂ ਤੋਂ ਆਪ ਵੀ ਦੂਰ ਰਹੇ ਅਤੇ ਆਪਣੇ ਨਾਲ ਦੇ ਸਾਥੀਆਂ ਨੂੰ ਵੀ ਪ੍ਰੇਰਨਾ ਦਿੰਦੇ ਰਹੇ। ''ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ'' ਦੇ ਆਦੇਸ਼ ਨੂੰ ਹੀ ਮੁੱਖ ਰੱਖਿਆ।

ਹਮੇਸ਼ਾਂ ਹਰ ਇਕ ਗੁਰਸਿੱਖ ਨੂੰ ਅੰਮ੍ਰਿਤ ਵੇਲੇ ਉੱਠ ਕੇ, ਸੌਚ ਇਸ਼ਨਾਨ ਤੋਂ ਬਾਅਦ ਨਾਮ ਸਿਮਰਨ ਤੇ ਗੁਰਬਾਣੀ ਦੇ ਪਾਠ, ਘਰ ਵਿੱਚ ਇਕੱਲੇ ਬੈਠ ਕੇ ਜਾਂ ਸੰਗਤ ਵਿੱਚ ਬੈਠ ਕੇ ਕਰਨ ਤੇ ਜ਼ੋਰ ਦਿੱਤਾ। ਸੁੱਚ-ਸੋਧ ਮਰਯਾਦਾ ਦੇ ਧਾਰਨੀ, ਇਕ ਘੰਟਾ ਨਾਮ ਸਿਮਰਨ ਰੋਜ਼ਾਨਾ ਅਤੇ ਇਕ ਪਾਠ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਂ ਦਸਮ ਸ੍ਰੀ ਗ੍ਰੰਥ ਸਾਹਿਬ ਦਾ ਹਰ ਘਰ ਪ੍ਰਤੀ ਹਰ ਮਹੀਨੇ ਕਰਨ ਦਾ ਹੁਕਮ ਕੀਤਾ। ਤੰਤੀ ਸਾਜ਼ਾਂ ਦੇ ਨਾਲ ਸ਼ੁੱਧ ਰਾਗਬਧ ਕੀਰਤਨ ਕਰਨ ਦੀ ਪ੍ਰਥਾ ਨੂੰ ਜਿਉਂ ਦਾ ਤਿਉਂ ਤੋਰਿਆ। ਇਸ ਤਰ੍ਹਾਂ ਪ੍ਰੰਪਰਾਵਾਦੀ ਅਤੇ ਸ਼ਾਸ਼ਤ੍ਰੀ ਸੰਗੀਤ ਕਲਾ ਨੂੰ ਅਜ ਤੱਕ ਸੰਭਾਲਿਆ ਹੋਇਆ ਹੈ। ਪੰਜਾਬੀ ਮਾਂ ਬੋਲੀ ਨੂੰ ਪੂਰਾ ਮਾਣ ਸਤਿਕਾਰ ਦੇਈ ਰੱਖਣ ਲਈ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ (ਸਿਰਸਾ), ਦਿੱਲੀ ਤੇ ਬੈਂਕੋਕ ਦੇ ਵਿਚ ਸਕੂਲਾਂ ਕਾਲਜਾਂ ਦੀ ਸਥਾਪਨਾ ਕੀਤੀ ਹੈ। ਬਹੁਤ ਸਾਰੀਆਂ ਪੰਜਾਬੀ ਕਾਨਫਰੰਸਾਂ ਦੀ ਸਰਪ੍ਰਸਤੀ ਕਰਕੇ ਅਤੇ ਸਾਹਿਤ ਤੇ ਪਤ੍ਰਕਾਵਾਂ ਨੂੰ ਉਤਸਾਹਿਤ ਕੀਤਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਉਪਦੇਸ਼ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ''ਪ੍ਰਵਚਨ'' ਅਤੇ ਸਤਿਜੁਗ ਦੇ ਬਹੁਮੁੱਲੇ ਅੰਕਾਂ ਨੂੰ ਛਪਵਾ ਕੇ ਨਾਮਧਾਰੀ ਦਰਬਾਰ ਨੇ ਬਹੁਤ ਵੱਡਮੁੱਲਾ ਯੋਗਦਾਨ ਪਾਇਆ ਹੈ।

ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਧਿਆਤਮਕ ਰਹਿਨੁਮਾ ਹਨ ਤੇ ਆਤਮਾ ਦੀ ਖੁਰਾਕ ਪ੍ਰਦਾਨ ਕਰਦੇ ਹਨ। ਤਾਮਸਿਕ ਬਿਰਤੀ ਤੋਂ ਬਚਣ ਦਾ ਤੇ ਸਾਤਵਿਕ ਬਣਨ ਦਾ ਰਸਤਾ ਦਸਦੇ ਹਨ। ਨਾਮ ਸਿਮਰਨ ਕਰਨ ਦਾ ਕੇਵਲ ਉਪਦੇਸ਼ ਹੀ ਨਹੀਂ ਕਰਦੇ, ਬਲਕਿ ਅੱਧੀ ਰਾਤ ਤੋਂ ਬਾਅਦ ਉੱਠ ਕੇ ਸਣੇ ਕੇਸੀ ਇਸ਼ਨਾਨ ਕਰ ਭਜਨ ਬੰਦਗੀ ਵਿੱਚ ਲੀਨ ਹੁੰਦੇ ਹਨ ਤੇ ਸਾਧ ਸੰਗਤ ਕੋਲੋਂ ਵੀ ਕਰਾਉਂਦੇ ਹਨ। ਨਾਮ, ਗਰੀਬੀ, ਹਲੀਮੀ, ਖਿਮਾ, ਧੀਰਜ ਤੇ ਨਿਮਰਤਾ ਭਰਪੂਰ ਸਰਲਤਾ, ਸਵਛਤਾ, ਸਾਦਗੀ ਤੇ ਸੁਹਿਰਦਤਾ ਦੇ ਸਰੂਪ ਹਨ। ਦਇਆ, ਹਮਦਰਦੀ, ਮਿੱਠਤ, ਅਹਿੰਸਾ ਅਤੇ ਸ਼ੁਧਤਾ ਦੇ ਭੰਡਾਰ ਹਨ। ਧਾਰਮਿਕ, ਸਮਾਜਿਕ, ਰਾਜਨੀਤਿਕ, ਸਾਹਿਤਕਾਰ, ਸੰਗੀਤਕਾਰ ਤੇ ਸਮਾਜ ਸੁਧਾਰਕ ਮੁਖੀਆਂ ਤੇ ਪ੍ਰੇਮੀਆਂ ਨੂੰ ਬਾਖ਼ੂਬੀ ਖੁੱਲ੍ਹ ਕੇ ਪਿਆਰ ਵੰਡ ਰਹੇ ਹਨ।

ਐਸੇ ਮਹਾਨ ਸਤਿਪੁਰਸ਼, ਮਹਾਂਪੁਰਖ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਣਾਂ 'ਚ ਮੇਰੀ ਬਾਰੰਬਾਰ ਨਿਮਸ਼ਕਾਰ ਹੈ, ਜਿਨ੍ਹਾਂ ਨੇ ਇਹ ਕੁਝ ਕੁ ਸ਼ਬਦ ਲਿਖਵਾਣ ਦੀ ਕ੍ਰਿਪਾ ਕੀਤੀ ਹੈ।

- ਦਲੀਪ ਸਿੰਘ ਨਾਮਧਾਰੀ
ਈ-25, ਫੋਕਲ ਪੁਆਇੰਟ,
ਲੁਧਿਆਣਾ-141 010

"ਜੇਕਰ ਕੂਕਿਆਂ ਨਾਲ ਇਤਨੀ ਸਖ਼ਤੀ ਦਾ ਵਰਤਾਓ ਨਾ ਕੀਤਾ ਜਾਂਦਾ, ਤਦ ਹੋ ਸਕਦਾ ਸੀ ਕਿ ਅਖ਼ੀਰ ਵਿੱਚ ਵੱਡਾ ਖ਼ੂਨ ਖ਼ਰਾਬਾ ਹੁੰਦਾ।" - (ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿਚੋਂ)

ਅਸਲ ਵਿੱਚ ਅੰਗਰੇਜ਼ੀ ਸਾਮਰਾਜ ਵਿਰੁੱਧ ਸੰਨ 1857 ਦੇ ਗ਼ਦਰ ਜੋ ਕਿ ਆਜ਼ਾਦੀ ਹਾਸਲ ਕਰਨ ਖ਼ਾਤਿਰ ਨਾ ਕਾਮਯਾਬ ਲੜਾਈ ਪਿੱਛੋਂ, ਨਾਮਧਾਰੀ ਲਹਿਰ ਹੀ ਅੰਗਰੇਜ਼ਾਂ ਦੀ ਵਿਦੇਸ਼ੀ ਹਕੂਮਤ ਦੇ ਬਦਤਰੀਨ ਦੁਸ਼ਮਣਾਂ ਦੀਆਂ ਕਤਾਰਾਂ ਵਿੱਚੋਂ ਸਭ ਤੋਂ ਮੋਹਰੀ ਹੈ। ਖੁੱਲ੍ਹੇ ਤੌਰ 'ਤੇ ਖੋਟਿਆਂ ਦੇ ਮੇਲੇ 3 ਜੂਨ, 1863 ਈ. ਤੋਂ ਲੈ ਕੇ 14 ਅਗਸਤ, 1947 ਈ. ਭਾਵ ਆਜ਼ਾਦੀ ਮਿਲਣ ਤੱਕ ਨਾਮਧਾਰੀ ਸਿੱਖਾਂ ਨੇ 84 ਸਾਲ ਆਪਣੀ ਇਸ ਥਾਂ ਨੂੰ ਤਸੀਹੇ ਝਲ ਕੇ ਕੁਰਬਾਨੀਆਂ ਦੇ ਕੇ ਕਾਇਮ ਰੱਖਿਆ। ਸ੍ਰ: ਨਾਹਰ ਸਿੰਘ ਐਮ.ਏ. ਦੇ ਲਿਖਣ ਅਨੁਸਾਰ: "ਅੰਗਰੇਜ਼ੀ ਹਕੂਮਤ ਦੇ ਕਰਮਚਾਰੀਆਂ ਨੇ, ਅੰਗਰੇਜ਼ ਹਾਕਮਾਂ ਦੇ ਜੂਠੇ ਟੁਕੜਿਆਂ ਤੇ ਪਲਣ ਵਾਲੇ ਸਿੱਖ, ਹਿੰਦੂ, ਮੁਸਲਮਾਨ, ਈਸਾਈ ਟੋਡੀਆਂ ਅਤੇ ਬੂਟ ਚੱਟੂਆਂ ਨੇ, ਸਿੱਖ ਰਿਆਸਤਾਂ ਦੇ ਰਾਜਿਆਂ-ਮਹਾਰਾਜਿਆਂ ਨੇ, ਅੰਗਰੇਜ਼ੀ ਹਾਕਮਾਂ ਦੀ ਹਮਾਇਤ ਨਾਲ ਅਤੇ ਉਹਨਾਂ ਦੀ ਸ਼ਹਿ ਅਤੇ ਗੁਝੇ ਤਰੀਕੇ ਨਾਲ ਦਿੱਤੀ ਗਈ ਮਾਲੀ ਮਦਦ ਨਾਲ ਬਣੀਆਂ ਹੋਈਆਂ ਸਿੰਘ ਸਭਾਵਾਂ ਤੇ ਦੀਵਾਨਾਂ ਨੇ ਸਿੱਖੀ ਧਰਮ ਦੇ ਦਾਵ੍ਹੇਦਾਰ ਸਿੱਖ ਤਖ਼ਤਾਂ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਸਰਕਾਰੀ ਜਾਗੀਰਦਾਰਾਂ, ਮਹੰਤਾਂ ਅਤੇ ਪੁਜਾਰੀਆਂ ਨੇ ਕੂਕਿਆਂ ਨੂੰ ਮੂਲੋਂ ਹੀ ਤਬਾਹ ਅਤੇ ਬਰਬਾਦ ਕਰਨ ਲਈ ਹਰ ਪ੍ਰਕਾਰ ਦੇ ਹੀਲੇ ਵਸੀਲੇ, ਹਥਕੰਡੇ, ਬਹਾਨੇ ਹੋਛੀਆਂ ਊਜਾਂ, ਝੂਠੀਆਂ ਬਦਨਾਮੀਆਂ ਦੇ ਪ੍ਰਾਪੇਗੰਡੇ ਦੇ ਹਥਿਆਰ ਵਰਤੇ, ਪਰ ਕੂਕਿਆਂ ਨੇ 84 ਸਾਲ ਦੇ ਲੰਮੇ ਅਰਸੇ ਵਿੱਚ ਧਰਮ ਅਤੇ ਆਜ਼ਾਦੀ ਦੀਆਂ ਕੂਕਾਂ ਮਾਰ-ਮਾਰ ਕੇ ਸੁੰਨੀਆਂ "ਭੈਣੀਆਂ" ਅੰਦਰ ਗੁਲਾਮੀ ਦੀਆਂ ਨੀਂਹਾਂ ਵਿਚ ਘੂਕ ਸੁੱਤੀ ਪਈ ਬੇਹੋਸ਼ ਹਿੰਦੁਸਤਾਨੀ ਜਨਤਾ ਨੂੰ, "ਹੁਸ਼ਿਆਰ ਖ਼ਬਰਦਾਰ" ਰਹਿਣ ਦੀਆਂ ਅਵਾਜ਼ਾਂ ਕੰਨੀ ਪਾ-ਪਾ ਕੇ ਖ਼ੁਦਾਈ ਪਹਿਰੇਦਾਰਾਂ ਦੇ ਕਰੜੇ ਫ਼ਰਜ਼ ਨੂੰ ਨਿਭਾਇਆ।"



ਦਲੀਪ ਸਿੰਘ ਨਾਮਧਾਰੀ